ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 18
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 18 January, 2026) ਐਤਵਾਰ, 18 ਜਨਵਰੀ, 2026, 5 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## 'ਆਪ' ਨੇ ਵੱਖ-ਵੱਖ ਬੋਰਡਾਂ ਦੇ ਅਹੁਦੇਦਾਰ ਐਲਾਨੇ

ਚੰਡੀਗੜ੍ਹ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਬੋਰਡਾਂ ਦੇ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ। ਲਿਸਟ 'ਚ ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ, ਵਾਈਸ-ਚੇਅਰਮੈਨ ਤੇ ਮੈਂਬਰ ਸ਼ਾਮਲ ਹਨ ਤੇ ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਜ਼ਿੰਮੇਵਾਰੀਆਂ ਲਈ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ। ਜਾਰੀ ਕੀਤੀ ਗਈ ਲਿਸਟ ਵਿਚ ਸੂਫੀ ਸੰਤ ਸਮਾਜ ਭਲਾਈ ਬੋਰਡ, ਗੁੱਜਰ ਭਲਾਈ ਬੋਰਡ, ਮਸੀਹ ਭਲਾਈ ਬੋਰਡ, ਦਲਿਤ

(ਬਾਕੀ ਸਫਾ 2 'ਤੇ)

## ਦੇਸ਼ ਨੂੰ ਮਿਲੀ ਪਹਿਲੀ ਵੰਦੇ ਮਾਤਰਮ ਸਲੀਪਰ ਰੇਲ ਗੱਡੀ, ਪ੍ਰਧਾਨ ਮੰਤਰੀ ਨੇ ਦਿਖਾਈ ਝੰਡੀ

*ਹਾਵੜਾ ਤੋਂ ਗੁਹਾਟੀ ਤੱਕ ਦਾ 18 ਘੰਟਿਆਂ ਦਾ ਸਫ਼ਰ ਹੁਣ ਹੋਵੇਗਾ 14 ਘੰਟੇ 'ਚ*



ਚੜ੍ਹਦੀਕਲਾ ਬਿਊਰੋ
================

ਮਾਲਦਾ, 17 ਜਨਵਰੀ : ਦੇਸ਼ ਨੂੰ ਪਹਿਲੀ ਵੰਦੇ ਮਾਤਰਮ ਸਲੀਪਰ ਰੇਲ ਗੱਡੀ ਮਿਲ ਗਈ ਹੈ ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਝੰਡੀ ਦਿਖਾਈ। ਇਹ ਰੇਲ ਗੱਡੀ 180 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਸਫਰ ਤੈਅ ਕਰੇਗੀ। ਇਹ ਰੇਲ ਗੱਡੀ ਪੱਛਮੀ ਬੰਗਾਲ ਦੇ ਹਾਵੜਾ ਤੋਂ ਗੁਹਾਟੀ ਦੇ ਕਾਮਾਖਿਆ ਵਿਚਲੀ 958 ਕਿਲੋਮੀਟਰ ਦੀ ਦੂਰੀ 14 ਘੰਟਿਆਂ ਵਿਚ ਤੈਅ ਕਰੇਗੀ। ਇਸ ਰੇਲ ਗੱਡੀ ਵਿਚ 1128 ਯਾਤਰੀ ਯਾਤਰਾ ਕਰ ਸਕਦੇ ਹਨ। ਇਸ ਰੇਲ ਗੱਡੀ ਦੇ 16 ਡੱਬੇ ਹਨ ਜਿਨ੍ਹਾਂ ਵਿਚੋਂ 11 ਏਸੀ 3 ਟੀਅਰ, ਚਾਰ ਏਸੀ 2 ਟੀਅਰ ਤੇ ਇਕ ਫਸਟ ਏਸੀ ਡੱਬਾ ਹੋਵੇਗਾ। ਇਸ ਸਲੀਪਰ ਰੇਲ ਗੱਡੀ ਦਾ ਥਰਡ ਏਸੀ ਦਾ ਕਿਰਾਇਆ 2300 ਰੁਪਏ ਰੱਖਿਆ ਗਿਆ ਹੈ। ਸੈਕਿੰਡ ਏਸੀ ਦਾ ਕਿਰਾਇਆ 3000 ਤੇ ਫਸਟ ਏਸੀ ਦਾ ਕਿਰਾਇਆ 3600 ਰੁਪਏ ਹੋਵੇਗਾ। ਇਸ ਰੇਲ ਗੱਡੀ ਨੂੰ ਰਵਾਨਾ ਕਰਨ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੇਲ ਗੱਡੀ ਦੇ ਅੰਦਰ ਬੱਚਿਆਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਦਫ਼ਤਰ ਵਲੋਂ ਬਿਆਨ ਜਾਰੀ ਕਰ ਕੇ ਦੱਸਿਆ ਗਿਆ ਹੈ ਕਿ ਇਹ ਰੇਲ ਗੱਡੀ ਆਧੁਨਿਕ ਭਾਰਤ ਦੀਆਂ ਵੱਧਦੀਆਂ ਆਵਾਜਾਈ ਜ਼ਰੂਰਤਾਂ ਨੂੰ ਪੂਰਾ ਕਰਨ

(ਬਾਕੀ ਸਫਾ 2 'ਤੇ)

### ਘੁਸਪੈਠ ਬੰਗਾਲ ਲਈ ਸੱਭ ਤੋਂ ਵੱਡੀ ਚੁਣੌਤੀ: ਮੋਦੀ

ਮਾਲਦਾ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਪਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਸਰਕਾਰ ਉਤੇ ਹਮਲਾ ਕਰਨ ਦਾ ਮੁੱਖ ਵਿਸ਼ਾ ਘੁਸਪੈਠ ਨੂੰ ਬਣਾਇਆ ਅਤੇ ਦੋਸ਼ ਲਾਇਆ ਕਿ ਵੱਡੇ ਪੱਧਰ ਉਤੇ ਗੈਰ-ਕਾਨੂੰਨੀ ਪਰਵਾਸ ਨੇ ਸੂਬੇ ਦੇ ਜਨਸੰਖਿਆ

(ਬਾਕੀ ਸਫਾ 2 'ਤੇ)

*ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ*

# ਹੁਣ ਸੂਬੇ ਦੇ ਕਿਸਾਨ ਸਰਹੱਦ 'ਤੇ ਬਿਨਾਂ ਰੁਕਾਵਟ ਕਰ ਸਕਣਗੇ ਖੇਤੀ: ਮਾਨ

ਅੰਮ੍ਰਿਤਪਾਲ ਸਿੰਘ
=============

ਨਵੀਂ ਦਿੱਲੀ, 17 ਜਨਵਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਨਾਲ ਸਬੰਧਤ ਵੱਖ-ਵੱਖ ਲੰਬਿਤ ਮੁੱਦਿਆਂ ਦੇ ਜਲਦੀ ਅਤੇ ਸਮਾਂਬੱਧ ਹੱਲ ਲਈ ਵਿਚਾਰ-ਵਟਾਂਦਰਾ ਕੀਤਾ, ਜਿਨ੍ਹਾਂ ਵਿੱਚ ਸਰਹੱਦੀ ਸੁਰੱਖਿਆ ਪ੍ਰਬੰਧ, ਖੇਤੀਬਾੜੀ ਸੰਕਟ, ਅੰਤਰਰਾਜੀ ਪਾਣੀ ਸਬੰਧੀ ਵਿਵਾਦ ਅਤੇ ਕੇਂਦਰ ਵੱਲੋਂ ਪੇਂਡੂ ਵਿਕਾਸ ਫੰਡ ਦੇ ਬਕਾਏ ਦੀ ਅਦਾਇਗੀ ਵਿੱਚ ਦੇਰੀ ਸ਼ਾਮਲ ਹੈ। ਇਸ ਦੇ ਨਾਲ ਨਾਲ ਸਰਹੱਦੀ ਸੁਰੱਖਿਆ ਵਾੜ ਜ਼ੀਰੋ ਲਾਈਨ ਤੋਂ ਕਾਫ਼ੀ ਦੂਰ ਹੋਣ ਕਾਰਨ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕੌਮਾਂਤਰੀ ਸਰਹੱਦ ਅਤੇ ਕੰਡਿਆਲੀ ਤਾਰ ਦਰਮਿਆਨ ਪੈਂਦੀ ਖੇਤੀਯੋਗ ਜਮੀਨ ਦੇ ਵੱਡੇ ਹਿੱਸੇ 'ਤੇ ਚਿੰਤਾ ਪ੍ਰਗਟ ਕੀਤੀ, ਜਿਸ ਕਾਰਨ ਕਿਸਾਨਾਂ ਨੂੰ



ਆਪਣੇ ਖੇਤਾਂ ਤੱਕ ਪਹੁੰਚਣ ਲਈ ਰੋਜ਼ਾਨਾ ਇਸ ਨੂੰ ਪਾਰ ਕਰਨਾ ਪੈਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਪ੍ਰਸਤਾਵਿਤ ਬੀਜ ਬਿੱਲ 2025, ਅਣਸੁਲਝੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ) ਵਿਵਾਦ, ਐਫ.ਸੀ.ਆਈ. ਵੱਲੋਂ ਅਨਾਜ ਦੀ ਮੱਠੀ ਢੋਆ-ਢੋਆਈ, ਆੜ੍ਹਤੀਆ ਕਮਿਸ਼ਨ ਰੋਕਣ, ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮਾਰਕੀਟ ਫੀਸਾਂ ਦਾ ਭੁਗਤਾਨ ਨਾ ਕਰਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੀ ਭੂਮਿਕਾ ਨੂੰ ਘਟਾਉਣ ਸਬੰਧੀ ਪੰਜਾਬ ਦੇ ਇਤਰਾਜ਼ ਉਠਾਉਂਦਿਆਂ ਇਨ੍ਹਾਂ ਮੁੱਦਿਆਂ ਦੇ ਤੁਰੰਤ ਅਤੇ ਸਮਾਂਬੱਧ ਹੱਲ ਦੀ ਮੰਗ ਕੀਤੀ।

ਪ੍ਰਸਤਾਵਿਤ ਬੀਜ ਬਿੱਲ 2025 'ਤੇ ਗੰਭੀਰ ਇਤਰਾਜ਼ ਉਠਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਦੇਸ ਦੇ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ, ਫਿਰ ਵੀ ਬੀਜ ਬਿੱਲ ਦਾ ਖਰੜਾ ਸਬੰਧਤ ਧਾਰਾ ਤਹਿਤ ਸ਼ਡਿਊਲ ਅਨੁਸਾਰ ਸੂਬੇ ਦੀ ਪ੍ਰਤੀਨਿਧਤਾ ਨੂੰ ਯਕੀਨੀ ਨਹੀਂ ਬਣਾਉਂਦਾ। ਬਿੱਲ ਵਿੱਚ ਪੇਸ਼ ਕੀਤਾ ਗਿਆ ਜ਼ੋਨ ਅਧਾਰਤ ਸਿਸਟਮ ਮੌਜੂਦਾ ਪ੍ਰਣਾਲੀ ਦੇ ਉਲਟ, ਕੇਂਦਰੀ ਬੀਜ

(ਬਾਕੀ ਸਫਾ 2 'ਤੇ)

### 'ਜੇ ਸੀ.ਬੀ.ਆਈ. ਫੋਰੈਂਸਿਕ ਤੋਂ ਵੀ ਉੱਪਰ ਹੈ, ਤਾਂ ਕਰਵਾ ਲਓ ਜਾਂਚ'

ਚੰਡੀਗੜ੍ਹ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਵੱਲੋਂ ਆਤਿਸ਼ੀ ਦੀ ਵੀਡੀਓ ਬਾਰੇ ਕੀਤੀ ਗਈ ਪ੍ਰੈੱਸ ਕਾਨਫਰੰਸ 'ਤੇ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਿੱਖਾ ਹਮਲਾ ਬੋਲਿਆ ਹੈ। ਮੁੱਖ ਮੰਤਰੀ ਮਾਨ ਨੇ ਕਿਹਾ, ਜਦੋਂ ਫੋਰੈਂਸਿਕ ਰਿਪੋਰਟ ਖੁਦ ਕਹਿ ਰਹੀ ਹੈ ਕਿ ਆਤਿਸ਼ੀ ਨੇ ਅਜਿਹੀ ਕੋਈ ਗੱਲ ਨਹੀਂ ਕਹੀ ਅਤੇ ਅਦਾਲਤ ਨੇ ਵੀ ਇਹੀ ਗੱਲ ਕਹੀ ਹੈ - ਜੇਕਰ ਭਾਜਪਾ ਦੀ ਸੀ.ਬੀ.ਆਈ. ਹੁਣ ਫੋਰੈਂਸਿਕ ਰਿਪੋਰਟਾਂ ਤੋਂ ਵੀ ਉੱਪਰ ਹੋ ਗਈ ਹੈ, ਤਾਂ ਬੇਸ਼ੱਕ ਜਾਂਚ ਕਰਵਾ

(ਬਾਕੀ ਸਫਾ 2 'ਤੇ)

### ਸੁਖਬੀਰ ਸਿੰਘ ਬਾਦਲ ਨੂੰ ਮਾਣਹਾਨੀ ਮਾਮਲੇ 'ਚ ਮਿਲੀ ਜ਼ਮਾਨਤ

ਚੰਡੀਗੜ੍ਹ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ਼ਨੀਵਾਰ ਨੂੰ ਮਾਣਹਾਨੀ ਮਾਮਲੇ ਵਿਚ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਇਹ ਮਾਮਲਾ 8 ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਸੀ ਅਤੇ ਪੇਸ਼ ਨਾ ਹੋਣ 'ਤੇ ਉਨ੍ਹਾਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਅਖੰਡ ਕੀਰਤਨੀ ਜਥੇ ਦੇ ਬੁਲਾਰੇ ਅਤੇ ਮੋਹਾਲੀ ਦੇ ਵਸਨੀਕ ਰਜਿੰਦਰ ਪਾਲ ਸਿੰਘ ਨੇ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਸੁਖਬੀਰ ਸਿੰਘ ਬਾਦਲ ਵਿਰੁੱਧ

(ਬਾਕੀ ਸਫਾ 2 'ਤੇ)

## ਪੰਜਾਬ 'ਚ ਕੜਾਕੇ ਦੀ ਠੰਢ, 0.9 ਡਿਗਰੀ ਤੱਕ ਡਿੱਗਾ ਪਾਰਾ, ਮੀਂਹ ਦਾ ਅਲਰਟ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 17 ਜਨਵਰੀ :ਪੰਜਾਬ ਅਤੇ ਚੰਡੀਗੜ੍ਹ ਦੇ ਕੁਝ ਇਲਾਕਿਆਂ ਵਿੱਚ ਅੱਜ (ਸ਼ਨੀਵਾਰ) ਧੁੰਦ ਛਾਈ ਰਹੀ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਨੇ 21 ਜਨਵਰੀ ਤੱਕ ਧੁੰਦ ਦਾ ਆਰੇਂਜ ਅਲਰਟ ਜਾਰੀ ਕੀਤਾ ਹੈ। ਹਾਲਾਂਕਿ, ਸੀਤ ਲਹਿਰ ਦੀ ਉਮੀਦ ਨਹੀਂ ਹੈ। ਪਿਛਲੇ 24 ਘੰਟਿਆਂ ਵਿੱਚ ਸੂਬੇ ਦੇ ਘੱਟੋ-ਘੱਟ ਅਤੇ ਵੱਧ ਤੋਂ ਵੱਧ ਤਾਪਮਾਨ ਵਿੱਚ 3.8 ਡਿਗਰੀ ਦਾ ਵਾਧਾ ਹੋਇਆ ਹੈ, ਜਿਸ ਨਾਲ ਇਹ ਆਮ ਦੇ ਨੇੜੇ ਆ ਗਿਆ ਹੈ। ਘੱਟੋ-ਘੱਟ ਤਾਪਮਾਨ ਵਿੱਚ ਵੀ ਵਾਧਾ ਹੋਇਆ ਹੈ, ਨਵਾਂਸ਼ਹਿਰ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 0.9 ਡਿਗਰੀ ਦਰਜ ਕੀਤਾ ਗਿਆ ਹੈ। ਮੌਸਮ ਵਿਭਾਗ ਮੁਤਾਬਕ ਅੱਜ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਕੁਝ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ, ਜਿਸ ਨਾਲ ਸੀਤ ਲਹਿਰ ਅਤੇ ਠੰਢੇ ਦਿਨ ਤੋਂ



ਰਾਹਤ ਮਿਲੇਗੀ। ਧੁੱਪ ਨਿਕਲਣ ਦੀ ਵੀ ਉਮੀਦ ਹੈ। 18 ਅਤੇ 19 ਜਨਵਰੀ ਨੂੰ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਮੀਂਹ ਪੈਣ ਦੀ ਉਮੀਦ ਹੈ। 23 ਅਤੇ 24 ਤਰੀਕ ਨੂੰ ਭਾਰੀ ਮੀਂਹ ਪਵੇਗਾ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਦੱਸਿਆ ਕਿ 18, 19 ਅਤੇ 22 ਜਨਵਰੀ ਨੂੰ ਸੂਬੇ ਵਿੱਚ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਸਮੇਂ ਦੌਰਾਨ ਘੱਟੋ-ਘੱਟ ਤਾਪਮਾਨ ਹੌਲੀ-ਹੌਲੀ 2 ਤੋਂ 4 ਡਿਗਰੀ ਸੈਲਸੀਅਸ ਵਧਣ ਦੀ ਉਮੀਦ ਹੈ। 22 ਜਨਵਰੀ ਤੱਕ ਵੱਧ ਤੋਂ ਵੱਧ ਤਾਪਮਾਨ 20 ਤੋਂ 22 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ, ਜਦਕਿ ਵੱਧ ਤੋਂ ਵੱਧ ਤਾਪਮਾਨ ਆਮ ਤੋਂ ਉਪਰ ਰਹਿਣ ਦੀ ਉਮੀਦ ਹੈ। ਘੱਟੋ-ਘੱਟ ਤਾਪਮਾਨ 4 ਤੋਂ 6 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ।

## ਦੂਸ਼ਿਤ ਪਾਣੀ ਪੀ ਕੇ ਮਰ ਰਹੇ ਨੇ ਲੋਕ: ਰਾਹੁਲ ਗਾਂਧੀ

*ਇੰਦੌਰ 'ਚ ਹੋਈਆਂ ਮੌਤਾਂ ਲਈ ਸਰਕਾਰ ਨੂੰ ਦੱਸਿਆ ਜ਼ਿੰਮੇਵਾਰ*

ਚੜ੍ਹਦੀਕਲਾ ਬਿਊਰੋ
================

ਇੰਦੌਰ, 17 ਜਨਵਰੀ : ਕਾਂਗਰਸ ਆਗੂ ਰਾਹੁਲ



ਗਾਂਧੀ ਨੇ ਦੇਸ਼ ਦੇ ਸੱਭ ਤੋਂ ਸਾਫ਼-ਸੁਥਰੇ ਸ਼ਹਿਰ ਇੰਦੌਰ 'ਚ ਦੂਸ਼ਿਤ ਪੀਣ ਵਾਲੇ ਪਾਣੀ ਕਾਰਨ ਹੋਈਆਂ ਮੌਤਾਂ ਲਈ ਸਰਕਾਰ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਨੇ ਕਥਿਤ ਸ਼ਹਿਰੀ ਮਾਡਲ ਉਤੇ ਸਵਾਲ ਵੀ ਚੁਕੇ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਇੰਦੌਰ ਦੇ ਭਗੀਰਥਪੁਰਾ 'ਚ ਪਾਣੀ ਦੇ ਦੂਸ਼ਿਤ ਹੋਣ ਨਾਲ ਜੁੜੇ ਉਲਟੀਆਂ ਅਤੇ ਦਸਤ ਨਾਲ ਪ੍ਰਭਾਵਤ ਮਰੀਜ਼ਾਂ ਅਤੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਸਾਫ਼ ਪਾਣੀ ਜਨਤਕ ਅਧਿਕਾਰ ਹੈ। ਭਗੀਰਥਪੁਰਾ ਦੇ ਵਸਨੀਕਾਂ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਮਹੀਨੇ ਇਲਾਕੇ ਵਿਚ ਉਲਟੀਆਂ ਅਤੇ ਦਸਤ ਫੈਲਣ ਨਾਲ ਹੁਣ ਤਕ 24 ਲੋਕਾਂ ਦੀ ਮੌਤ ਹੋ ਚੁਕੀ ਹੈ। ਹਾਲਾਂਕਿ ਸੂਬਾ

(ਬਾਕੀ ਸਫਾ 2 'ਤੇ)

## ਨਾਇਬ ਸਿੰਘ ਸੈਣੀ ਦੀ ਵੱਡੀ ਸੌਗਾਤ, ਕਰੋੜਾਂ ਰੁਪਏ ਦੀ ਰਾਸ਼ੀ ਕੀਤੀ ਜਾਰੀ

*ਹਰਿਆਣਾ ਦੀਆਂ ਲੱਖਾਂ ਔਰਤਾਂ ਦੇ ਖਾਤੇ 'ਚ ਪੁੱਜੇ ਪੈਸੇ*

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 17 ਜਨਵਰੀ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ ਵਿਖੇ ਆਯੋਜਿਤ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਕਰੋੜਾਂ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਜਾਰੀ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਭਲਾਈ ਸਕੀਮਾਂ ਦੇ ਬਟਨ ਦਬਾ ਕੇ ਸਿੱਧੀ ਰਾਸ਼ੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਭੇਜੀ। ਮੁੱਖ ਮੰਤਰੀ ਨੇ ਦੱਸਿਆ ਕਿ ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ ਤਹਿਤ ਅੱਜ ਤੀਜੀ ਕਿਸ਼ਤ ਵਜੋਂ 181 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਦਾ ਲਾਭ ਸੂਬੇ ਦੀਆਂ 8,63,918 ਔਰਤਾਂ ਨੂੰ ਮਿਲਿਆ ਹੈ। ਹੁਣ ਤੱਕ ਇਸ ਯੋਜਨਾ ਤਹਿਤ ਕੁੱਲ 441 ਕਰੋੜ ਰੁਪਏ ਦੀ ਰਾਸ਼ੀ ਔਰਤਾਂ



ਦੇ ਖਾਤਿਆਂ ਵਿੱਚ ਪਹੁੰਚਾਈ ਜਾ ਚੁੱਕੀ ਹੈ। ਨਾਇਬ ਸੈਣੀ ਨੇ ਦੱਸਿਆ ਕਿ ਇਸ

(ਬਾਕੀ ਸਫਾ 2 'ਤੇ)

### ਗੁਜਰਾਤ ਦੇ ਕੱਛ ਜ਼ਿਲ੍ਹੇ 'ਚ 4.1 ਤੀਬਰਤਾ ਦਾ ਭੂਚਾਲ

ਅਹਿਮਦਾਬਾਦ, 17 ਜਨਵਰੀ (ਚੜ੍ਹਦੀਕਲਾ ਬਿਊਰੋ) :ਗੁਜਰਾਤ ਦੇ ਕੱਛ ਜ਼ਿਲ੍ਹੇ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਤੜਕੇ ਕੱਛ ਵਿੱਚ 4.1 ਸ਼ਿੱਦਤ ਵਾਲੇ ਭੂਚਾਲ ਦੇ ਝਟਕੇ ਲੱਗੇ। ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਪਰ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਗਾਂਧੀਨਗਰ ਅਧਾਰਿਤ ਆਈ.ਐਸ.ਆਰ. ਮੁਤਾਬਕ ਭੂਚਾਲ ਦਾ ਕੇਂਦਰ ਖਾਵਦਾ ਤੋਂ ਕਰੀਬ 55 ਕਿਲੋਮੀਟਰ ਉੱਤਰ-ਉੱਤਰੀ-ਪੂਰਬ ਵਿੱਚ ਸੀ। ਜ਼ਿਲ੍ਹਾ ਡਿਜਾਸਟਰ ਮੈਨੇਜਮੈਂਟ ਅਧਿਕਾਰੀ ਨੇ ਦੱਸਿਆ ਕਿ ਇਸ ਭੂਚਾਲ ਕਾਰਨ ਕੋਈ ਜਾਨ-ਮਾਲ ਦੀ ਹਾਨੀ ਨਹੀਂ ਹੋਈ। ਜ਼ਿਕਰਯੋਗ ਹੈ ਕਿ 2001 ਦੇ ਕੱਛ ਭੂਚਾਲ ਨੇ ਭਾਰਤ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਤੀਜਾ ਸਭ ਤੋਂ ਵੱਡਾ ਅਤੇ ਦੂਜਾ ਸਭ ਤੋਂ ਤਬਾਹੀ ਵਾਲਾ ਭੂਚਾਲ ਰਿਕਾਰਡ ਕੀਤਾ ਸੀ।

(ਬਾਕੀ ਸਫਾ 2 'ਤੇ)

## ਇੰਟੈਲ ਵੱਲੋਂ ਬੰਗਲਾਦੇਸ਼ੀ ਤੇ ਖ਼ਾਲਿਸਤਾਨੀ ਸੰਗਠਨਾਂ ਤੋਂ ਖ਼ਤਰੇ ਨੂੰ ਲੈ ਕੇ ਅਲਰਟ ਜਾਰੀ

*ਗਣਤੰਤਰ ਦਿਵਸ ਤੋਂ ਪਹਿਲਾਂ ਪੁਲਿਸ ਵੱਲੋਂ ਲਾਲ ਕਿਲ੍ਹੇ ਸਮੇਤ ਕਈ ਥਾਵਾਂ 'ਤੇ ਮੌਕ ਡਰਿੱਲ*



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 17 ਜਨਵਰੀ : ਗਣਤੰਤਰ ਦਿਵਸ ਸਮਾਰੋਹਾਂ ਤੋਂ ਪਹਿਲਾਂ ਖ਼ੁਫ਼ੀਆ ਏਜੰਸੀਆਂ ਨੇ ਇੱਕ ਵੱਡਾ ਅਲਰਟ ਜਾਰੀ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਖਾਲਿਸਤਾਨੀ ਅਤੇ ਬੰਗਲਾਦੇਸ਼ ਸਥਿਤ ਅਤਿਵਾਦੀ ਸੰਗਠਨ ਕੌਮੀ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਖ਼ੁਫ਼ੀਆ ਸੂਤਰਾਂ ਅਨੁਸਾਰ,

(ਬਾਕੀ ਸਫਾ 2 'ਤੇ)

## ਭਾਰਤ ਨੇ ਦੱਖਣੀ ਅ.ਫਰੀਕਾ ਦੇ ਬਹੁ-ਪੱਖੀ ਜਲ ਸੈਨਾ ਅਭਿਆਸ ਤੋਂ ਬਣਾਈ ਦੂਰੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 17 ਜਨਵਰੀ : ਭਾਰਤ ਨੇ ਦੱਖਣੀ ਅਫਰੀਕਾ ਦੀ ਪਹਿਲਕਦਮੀ ਤੇ ਆਯੋਜਿਤ ਕੀਤੇ ਗਏ ਇੱਕ ਬਹੁ-ਪੱਖੀ ਜਲ ਸੈਨਾ ਅਭਿਆਸ ਵਿੱਚ ਹਿੱਸਾ ਨਹੀਂ ਲਿਆ ਹੈ। ਭਾਰਤ ਸਰਕਾਰ ਨੇ ਇਸ ਫੈਸਲੇ ਪਿੱਛੇ ਮੁੱਖ ਕਾਰਨ ਇਹ ਦੱਸਿਆ ਹੈ ਕਿ ਇਹ ਅਭਿਆਸ ਬ੍ਰਿਕਸ ਦੇ ਤਹਿਤ ਕੋਈ ਸੰਸਥਾਗਤ ਜਾਂ ਰਸਮੀ ਗਤੀਵਿਧੀ ਨਹੀਂ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ

(ਬਾਕੀ ਸਫਾ 2 'ਤੇ)




### ਮੇਅਰ ਲਈ ਜੋੜ-ਤੋੜ: ਸ਼ਿੰਦੇ ਧੜੇ ਨੇ ਸਾਰੇ ਕੌਂਸਲਰ ਪੰਜ ਤਾਰਾ ਹੋਟਲ ਭੇਜੇ

ਮੁੰਬਈ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਮਹਾਰਾਸ਼ਟਰ ਨਗਰ ਨਿਗਮ ਚੋਣਾਂ ਦੇ ਨਤੀਜੇ ਬੀਤੇ ਦਿਨੀਂ ਆ ਗਏ ਸਨ। ਇਨ੍ਹਾਂ ਚੋਣਾਂ ਵਿਚ ਭਾਜਪਾ ਨੇ ਕਈ ਥਾਈਂ ਹੂੰਝਾ ਫੇਰ ਦਿੱਤਾ ਹੈ ਪਰ ਭਾਜਪਾ ਦੀ ਮੁੱਖ ਨਜ਼ਰ ਮੁੰਬਈ ਨਗਰ ਨਿਗਮ 'ਤੇ ਹੈ ਤੇ ਭਾਜਪਾ ਨੂੰ ਮੁੰਬਈ ਵਿਚ ਮੇਅਰ ਬਣਾਉਣ ਲਈ 25 ਕੌਂਸਲਰ ਚਾਹੀਦੇ ਹਨ ਜਿਸ ਕਰ ਕੇ ਸ਼ਿਵ ਸੈਨਾ ਸ਼ਿੰਦੇ ਗਰੁੱਪ ਦੇ ਸਾਰੇ 29 ਕੌਂਸਲਰਾਂ ਨੂੰ ਅੱਜ ਤਾਜ ਹੋਟਲ ਵਿਚ ਭੇਜ ਦਿੱਤਾ ਗਿਆ ਹੈ। ਅੱਜ ਮਹਾਰਾਸ਼ਟਰ ਸਰਕਾਰ ਦੀ ਕੈਬਨਿਟ ਮੀਟਿੰਗ ਸੀ ਜਿਸ ਵਿਚ ਦੋਵੇਂ ਉਪ ਮੁੱਖ



(ਬਾਕੀ ਸਫਾ 2 'ਤੇ)

## ਕਾਰਨੀ ਦੀ ਯਾਤਰਾ ਤੋਂ ਪਹਿਲਾਂ ਕੈਨੇਡਾ ਨੇ ਭਾਰਤ ਨੂੰ ਕੀਤਾ 'ਉੱਚ ਪੱਧਰੀ ਚੌਕਸੀ' ਵਾਲੀ ਸੂਚੀ 'ਚ ਸ਼ਾਮਲ

ਚੜ੍ਹਦੀਕਲਾ ਬਿਊਰੋ
================

ਓਟਾਵਾ/ਨਵੀਂ ਦਿੱਲੀ, 17 ਜਨਵਰੀ : ਭਾਰਤ ਅਤੇ ਕੈਨੇਡਾ ਵਿਚਾਲੇ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੇ ਸਬੰਧਾਂ ਵਿੱਚ ਆਈ ਕੁੜੱਤਣ ਨੂੰ ਘੱਟ ਕਰਨ ਲਈ ਜਿੱਥੇ ਦੋਵਾਂ ਦੇਸ਼ਾਂ ਵੱਲੋਂ ਕੂਟਨੀਤਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉੱਥੇ ਹੀ ਕੈਨੇਡਾ ਸਰਕਾਰ ਦੇ ਇੱਕ ਤਾਜ਼ਾ ਕਦਮ ਨੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਮਾਰਕ ਕਾਰਨੀ ਦੇ ਪ੍ਰਸਤਾਵਿਤ ਭਾਰਤ ਦੌਰੇ ਤੋਂ ਠੀਕ ਪਹਿਲਾਂ, ਕੈਨੇਡਾ ਨੇ ਆਪਣੇ ਨਾਗਰਿਕਾਂ ਲਈ ਨਵੀਂ ਅੰਤਰਰਾਸ਼ਟਰੀ ਯਾਤਰਾ ਐਡਵਾਈਜ਼ਰੀ ਜਾਰੀ ਕਰਦਿਆਂ ਭਾਰਤ ਨੂੰ 'ਉੱਚ ਪੱਧਰੀ ਚੌਕਸੀ' ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਹੈ। ਇਸ ਫੈਸਲੇ ਕਾਰਨ ਭਾਰਤ ਵਿੱਚ ਕਾਫੀ ਨਾਰਾਜ਼ਗੀ ਦੇਖੀ ਜਾ ਰਹੀ ਹੈ ਅਤੇ ਇਸ ਨੂੰ ਦੁਵੱਲੇ ਸਬੰਧਾਂ ਨਾਲ ਭਾਵਨਾਤਮਕ ਖਿਲਵਾੜ ਦੱਸਿਆ ਜਾ ਰਿਹਾ ਹੈ। ਭਾਰਤ ਨੂੰ ਕੈਨੇਡਾ ਸਰਕਾਰ ਨੇ ਜਨਵਰੀ ਦੇ ਦੂਜੇ ਹਫਤੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਅਪਡੇਟ ਕੀਤੀ ਜਾਣਕਾਰੀ ਵਿੱਚ ਦੱਸਿਆ ਹੈ ਕਿ ਕੁਝ ਦੇਸ਼ਾਂ ਵਿੱਚ ਸਿਆਸੀ ਅਸਥਿਰਤਾ, ਹਥਿਆਰਬੰਦ ਸੰਘਰਸ਼, ਸੁਰੱਖਿਆ ਖ਼ਤਰੇ ਅਤੇ ਸੀਮਤ ਕੌਂਸਲਰ ਸਹਾਇਤਾ ਵਰਗੇ ਜੋਖਮ ਮੌਜੂਦ ਹਨ। ਇਸੇ ਆਧਾਰ ਤੇ ਭਾਰਤ ਨੂੰ ਬੇਹੱਦ ਸਖ਼ਤ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਹਾਲਾਂਕਿ ਕੈਨੇਡਾ ਨੇ ਭਾਰਤ ਦੀ ਯਾਤਰਾ ਤੇ ਪੂਰਨ ਪਾਬੰਦੀ ਨਹੀਂ ਲਗਾਈ, ਪਰ ਭਾਰਤ ਨੂੰ ਪਾਕਿਸਤਾਨ, ਅਫਗਾਨਿਸਤਾਨ, ਸੀਰੀਆ, ਈਰਾਨ, ਯਮਨ ਅਤੇ ਦੱਖਣੀ ਸੂਡਾਨ ਵਰਗੇ ਦੇਸ਼ਾਂ ਦੀ ਸੂਚੀ ਵਿੱਚ ਖੜ੍ਹਾ ਕਰਨਾ ਕਈ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਅੰਤਰਰਾਸ਼ਟਰੀ ਮਾਮਲਿਆਂ ਦੇ ਮਾਹਿਰ ਅਤੇ ਵੈਨਕੂਵਰ (ਕੈਨੇਡਾ) ਵਿੱਚ ਰਹਿ ਰਹੇ ਲੁਧਿਆਣਾ ਦੇ ਵਸਨੀਕ ਪਰਮਿੰਦਰ ਦੱਤ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਸੂਚੀ ਵਿੱਚ ਸ਼ਾਮਲ ਕਰਨਾ ਦੋਵਾਂ ਦੇਸ਼ਾਂ



(ਬਾਕੀ ਸਫਾ 2 'ਤੇ)

### ਆਮ ਜਨਤਾ ਲਈ ਰਾਸ਼ਟਰਪਤੀ ਭਵਨ 21 ਤੋਂ 29 ਜਨਵਰੀ ਤੱਕ ਰਹੇਗਾ ਬੰਦ

ਨਵੀਂ ਦਿੱਲੀ, 17 ਜਨਵਰੀ (ਚੜ੍ਹਦੀਕਲਾ ਬਿਊਰੋ) : ਰਾਸ਼ਟਰਪਤੀ ਭਵਨ (ਸਰਕਟ-1) ਆਉਣ ਵਾਲੇ ਗਣਤੰਤਰ ਦਿਵਸ ਪਰੇਡ ਅਤੇ ਬੀਟਿੰਗ ਰਿਟਰੀਟ ਸਮਾਰੋਹ ਦੇ ਮੱਦੇਨਜ਼ਰ 21 ਤੋਂ 29 ਜਨਵਰੀ ਤੱਕ ਜਨਤਾ ਲਈ ਬੰਦ ਰਹੇਗਾ। ਇਹ ਜਾਣਕਾਰੀ ਸ਼ਨੀਵਾਰ ਨੂੰ ਜਾਰੀ ਇੱਕ ਅਧਿਕਾਰਤ ਬਿਆਨ ਵਿੱਚ ਦਿੱਤੀ ਗਈ। ਸਰਕਟ-1 ਰਾਸ਼ਟਰਪਤੀ ਭਵਨ ਦੀ ਮੁੱਖ ਇਮਾਰਤ ਦਾ ਹਿੱਸਾ ਹੈ ਜੋ ਸੈਲਾਨੀਆਂ ਲਈ ਪਹੁੰਚਯੋਗ ਹੈ। ਰਾਸ਼ਟਰਪਤੀ ਸਕੱਤਰੇਤ ਦੁਆਰਾ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, ਆਉਣ ਵਾਲੇ ਗਣਤੰਤਰ ਦਿਵਸ ਪਰੇਡ ਅਤੇ ਬੀਟਿੰਗ ਰਿਟਰੀਟ ਸਮਾਰੋਹ ਦੇ ਕਾਰਨ, ਰਾਸ਼ਟਰਪਤੀ ਭਵਨ (ਸਰਕਟ-1) ਵਿੱਚ ਦਾਖਲਾ 21 ਤੋਂ 29 ਜਨਵਰੀ, 2026 ਤੱਕ ਜਨਤਾ ਲਈ ਬੰਦ ਰਹੇਗਾ। ਸਾਲਾਨਾ ਗਣਤੰਤਰ ਦਿਵਸ ਪਰੇਡ ਡਿਊਟੀ ਦੇ

(ਬਾਕੀ ਸਫਾ 2 'ਤੇ)



# ਹੈਦਰਾਬਾਦ 'ਚ ਖ਼ੂਨ ਦੀਆਂ ਥੈਲੀਆਂ 'ਚੋਂ ਜਾਨਵਰਾਂ ਦਾ ਖ਼ੂਨ ਬਰਾਮਦ

ਹੈਦਰਾਬਾਦ , 17 ਜਨਵਰੀ (ਚ.ਨ.ਸ.) : ਹੁਣ ਤੱਕ ਤੁਸੀਂ ਸੁਣਿਆ ਹੋਵੇਗਾ ਕਿ ਲੋਕ ਦੁੱਧ ਵਿੱਚ ਪਾਣੀ ਮਿਲਾ ਕੇ ਵੇਚਦੇ ਹਨ ਪਰ ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਤੋਂ ਇੱਕ ਹੈਰਾਨ ਅਤੇ ਹੋਸ਼ ਉਡਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਮਨੁੱਖਾਂ ਲਈ ਇਸਤੇਮਾਲ ਹੋਣ ਲਈ ਬਣਾਈ ਗਈ ਖ਼ੂਨ ਦੀਆਂ ਥੈਲਿਆਂ ਵਿੱਚ ਵੱਡੀ ਮਾਤਰਾ ਵਿੱਚ ਜਾਨਵਰਾਂ ਦਾ ਖ਼ੂਨ ਬਰਾਮਦ ਹੋਇਆ, ਜਿਸ ਨਾਲ ਸਿਹਤ ਵਿਭਾਗ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿੱਚ ਚਿੰਤਾਵਾਂ ਵਧ ਗਈਆਂ। ਸੂਤਰਾਂ ਅਨੁਸਾਰ ਕਾਚੀਗੁੜਾ ਖੇਤਰ ਵਿੱਚ ਇੱਕ ਆਯਾਤ-ਨਿਰਯਾਤ ਫਰਮ ਤੇ ਇੱਕ ਸਾਂਝੇ ਛਾਪੇਮਾਰੀ ਦੌਰਾਨ ਮਨੁੱਖਾਂ ਲਈ ਬਣਾਏ ਗਏ ਖ਼ੂਨ ਦੇ ਥੈਲਿਆਂ ਵਿੱਚ ਵੱਡੀ ਮਾਤਰਾ ਵਿੱਚ ਜਾਨਵਰਾਂ ਦਾ ਖ਼ੂਨ ਬਰਾਮਦ ਹੋਇਆ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖ਼ੂਨ ਬੱਕਰੀਆਂ ਅਤੇ ਭੇਡਾਂ ਤੋਂ ਗੈਰ-ਕਾਨੂੰਨੀ ਤੌਰ ਤੇ ਇਕੱਠਾ ਕੀਤਾ ਗਿਆ ਸੀ ਅਤੇ ਇਸਦੀ ਮਾਤਰਾ ਲਗਭਗ ਇੱਕ ਹਜ਼ਾਰ ਲੀਟਰ ਦੱਸੀ ਜਾ ਰਹੀ ਹੈ। ਇਹ ਕਾਰਵਾਈ ਡਰੱਗ ਕੰਟਰੋਲ ਪ੍ਰਸ਼ਾਸਨ ਅਤੇ ਹੈਦਰਾਬਾਦ ਪੁਲਸ ਦੀ ਸਾਂਝੀ ਟੀਮ ਦੁਆਰਾ ਇੱਕ ਸੂਚਨਾ ਦੇ ਆਧਾਰ ਤੇ ਕੀਤੀ ਗਈ ਸੀ। ਛਾਪੇਮਾਰੀ ਦੌਰਾਨ ਜਦੋਂ ਅਧਿਕਾਰੀਆਂ ਨੇ ਸਟੋਰੇਜ ਯੂਨਿਟ ਦੀ ਤਲਾਸ਼ੀ ਲਈ, ਤਾਂ ਉਹ ਮਨੁੱਖੀ ਖ਼ੂਨ ਦੀਆਂ ਥੈਲੀਆਂ ਦੇ ਅੰਦਰ ਜਾਨਵਰਾਂ ਦਾ ਖ਼ੂਨ ਭਰਿਆ ਹੋਇਆ ਦੇਖ ਕੇ ਹੈਰਾਨ ਰਹਿ ਗਏ। ਅਧਿਕਾਰੀਆਂ ਦੇ ਅਨੁਸਾਰ ਇਹ ਮਾਮਲਾ ਸਿਰਫ਼ ਨਿਯਮਾਂ ਦੀ ਉਲੰਘਣਾ ਵੱਲ ਹੀ ਇਸ਼ਾਰਾ ਨਹੀਂ ਕਰਦਾ, ਸਗੋਂ ਇੱਕ ਸੰਗਠਿਤ ਅਤੇ ਯੋਜਨਾਬੱਧ ਗੈਰ-ਕਾਨੂੰਨੀ ਗਤੀਵਿਧੀ ਵੱਲ ਵੀ ਇਸ਼ਾਰਾ ਕਰਦਾ ਹੈ। ਛਾਪੇਮਾਰੀ ਦੌਰਾਨ ਇੱਕ ਆਟੋਕਲੇਵ ਮਸ਼ੀਨ, ਇੱਕ ਲੈਮੀਨਰ ਏਅਰ ਫਲੋ ਯੂਨਿਟ, ਲਗਭਗ 110 ਭਰੇ ਹੋਏ ਅਤੇ 60 ਖਾਲੀ ਖ਼ੂਨ ਦੇ ਥੈਲੇ ਵੀ ਜ਼ਬਤ ਕੀਤੇ ਗਏ। ਇਹ ਯੰਤਰ ਆਮ ਤੌਰ ਤੇ ਮੈਡੀਕਲ ਲੈਬਾਂ ਅਤੇ ਬਲੱਡ ਬੈਂਕਾਂ ਵਿੱਚ ਵਰਤੇ ਜਾਂਦੇ ਹਨ। ਇਸ ਨਾਲ ਇਹ ਚਿੰਤਾਵਾਂ ਪੈਦਾ ਹੁੰਦੀਆਂ ਹਨ ਕਿ ਖ਼ੂਨ ਨੂੰ ਵਿਗਿਆਨਕ ਜਾਂ ਕਲੀਨਿਕਲ ਵਰਤੋਂ ਲਈ ਪ੍ਰੋਸੈਸ ਕੀਤਾ ਜਾ ਰਿਹਾ ਸੀ। ਡਰੱਗ ਕੰਟਰੋਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਖ਼ੂਨ ਦੀ ਵਰਤੋਂ ਗੈਰ-ਕਾਨੂੰਨੀ ਕਲੀਨਿਕਲ ਅਜ਼ਮਾਇਸ਼ਾਂ, ਪ੍ਰਯੋਗਸ਼ਾਲਾ ਖੋਜ, ਜਾਂ ਸੱਭਿਆਚਾਰ ਮੀਡੀਆ ਦੀ ਤਿਆਰੀ ਵਿੱਚ ਕੀਤੀ ਜਾ ਸਕਦੀ ਸੀ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਜਨਤਕ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ। ਮਨੁੱਖਾਂ ਲਈ ਬਣਾਈਆਂ ਗਈਆਂ ਖ਼ੂਨ ਦੀਆਂ ਥੈਲਿਆਂ ਵਿੱਚ ਜਾਨਵਰਾਂ ਦਾ ਖ਼ੂਨ ਭਰਨ ਨਾਲ ਇਨਫੈਕਸ਼ਨ ਫੈਲਣ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ। ਛਾਪੇਮਾਰੀ ਤੋਂ ਬਾਅਦ ਫਰਮ ਦਾ ਮਾਲਕ ਮੌਕੇ ਤੋਂ ਫਰਾਰ ਪਾਇਆ ਗਿਆ। ਏਜੰਸੀਆਂ ਇਸ ਗੱਲ ਦੀ ਵੀ ਜਾਂਚ ਕਰ ਰਹੀਆਂ ਹਨ ਕਿ ਕੀ ਇਹ ਨੈੱਟਵਰਕ ਦੇਸ਼ ਤੱਕ ਸੀਮਤ ਸੀ ਜਾਂ ਕੀ ਖ਼ੂਨ ਦੀ ਸਪਲਾਈ ਅੰਤਰਰਾਸ਼ਟਰੀ ਪੱਧਰ ਤੇ ਕੀਤੀ ਜਾ ਰਹੀ ਸੀ। ਦਸਤਾਵੇਜ਼ਾਂ ਅਤੇ ਡਿਜੀਟਲ ਰਿਕਾਰਡਾਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਇਸ ਨੂੰ ਮੈਡੀਕਲ ਸਪਲਾਈ ਚੇਨ ਵਿੱਚ ਇੱਕ ਵੱਡੀ ਕਮੀ ਦੱਸਿਆ ਹੈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਸੰਕੇਤ ਦਿੱਤਾ ਹੈ। ਜ਼ਬਤ ਕੀਤੀ ਗਈ ਸਮੱਗਰੀ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ।



## ਮਾਸੂਮ ਨਾਲ ਹੈਵਾਨੀਅਤ ਕਰਨ ਵਾਲੇ ਦਰਿੰਦੇ ਨੂੰ ਅਦਾਲਤ ਨੇ ਸੁਣਾਈ ਫਾਂਸੀ ਦੀ ਸਜ਼ਾ

ਗਾਂਧੀਨਗਰ, 17 ਜਨਵਰੀ (ਚ.ਨ.ਸ.) : ਗੁਜਰਾਤ ਦੀ ਰਾਜਕੋਟ ਅਦਾਲਤ ਨੇ ਮਾਨਵਤਾ ਨੂੰ ਸ਼ਰਮਸਾਰ ਕਰਨ ਵਾਲੇ ਇੱਕ ਮਾਮਲੇ ਵਿੱਚ ਇਤਿਹਾਸਕ ਫੈਸਲਾ ਸੁਣਾਉਂਦਿਆਂ ਬਿਹਾਰ ਦੇ ਇੱਕ ਨੌਜਵਾਨ ਨੂੰ ਫਾਂਸੀ ਦੀ ਸਜ਼ਾ ਦਿੱਤੀ ਹੈ। ਦੋਸ਼ੀ ਨੇ 7 ਸਾਲ ਦੀ ਮਾਸੂਮ ਬੱਚੀ ਨਾਲ ਜਬਰ-ਜ਼ਨਾਹ ਕਰਨ ਤੋਂ ਬਾਅਦ ਉਸ ਦੇ ਪ੍ਰਾਈਵੇਟ ਪਾਰਟ ਵਿੱਚ 5 ਇੰਚ ਲੰਬੀ ਲੋਹੇ ਦੀ ਰਾਡ ਪਾ ਦਿੱਤੀ ਸੀ। ਵਿਸ਼ੇਸ਼ ਅਦਾਲਤ ਦੇ ਜੱਜ ਵੀ.ਏ. ਰਾਣਾ ਨੇ ਇਸ ਘਿਨਾਉਣੇ ਅਪਰਾਧ ਲਈ ਦੋਸ਼ੀ ਰਾਮਸਿੰਘ ਤੇਰਸਿੰਘ ਦੁਡਵਾ (30 ਸਾਲ) ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਹ ਖੌਫ਼ਨਾਕ ਵਾਰਦਾਤ 4 ਦਸੰਬਰ, 2025 ਨੂੰ ਰਾਜਕੋਟ ਜ਼ਿਲ੍ਹੇ ਦੇ ਅਟਕੋਟ ਨੇੜਲੇ ਪਿੰਡ ਕਾਨਪਾਰ ਵਿੱਚ ਵਾਪਰੀ ਸੀ। ਪੀੜਤ ਬੱਚੀ ਆਪਣੇ ਭੈਣ-ਭਰਾਵਾਂ ਨਾਲ ਖੇਡ ਰਹੀ ਸੀ, ਜਦੋਂ ਮੋਟਰਸਾਈਕਲ ਤੇ ਆਏ ਰਾਮ ਸਿੰਘ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਇੱਕ ਦਰੱਖਤ ਕੋਲ ਲੈ ਜਾ ਕੇ ਇਸ ਵਹਿਸ਼ੀ ਕਾਰੇ ਨੂੰ ਅੰਜਾਮ ਦਿੱਤਾ। ਬੱਚੀ ਦੀਆਂ ਚੀਕਾਂ ਸੁਣ ਕੇ ਜਦੋਂ ਉਸ ਦੀ ਚਾਚੀ ਮੌਕੇ ਤੇ ਪਹੁੰਚੀ ਤਾਂ ਦੋਸ਼ੀ ਉੱਥੋਂ ਫਰਾਰ ਹੋ ਗਿਆ।

# ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਦੇ ਦੋਸ਼ 'ਚ ਪੰਜ ਵਿਰੁੱਧ ਚਾਰਜਸ਼ੀਟ ਦਾਇਰ

ਨਵੀਂ ਦਿੱਲੀ, 17 ਜਨਵਰੀ (ਚ.ਨ.ਸ.) : ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਗੁਜਰਾਤ ਵਿੱਚ ਅਲ-ਕਾਇਦਾ ਇਨ ਦ ਇੰਡੀਅਨ ਸਬ-ਕੌਂਟੀਨੈਂਟ (ਏ.ਕਿਊ.ਆਈ.ਐਸ.) ਅੱਤਵਾਦੀ ਸਮੂਹ ਦੁਆਰਾ ਕਮਜ਼ੋਰ ਨੌਜਵਾਨਾਂ ਦੇ ਔਨਲਾਈਨ ਕੱਟੜਪੰਥੀਕਰਨ ਨਾਲ ਸਬੰਧਤ ਇੱਕ ਮਾਮਲੇ ਵਿੱਚ ਪੰਜ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ। ਮੁਹੰਮਦ ਫਰਦੀਨ, ਕੁਰੈਸ਼ੀ ਸੇਫੁੱਲਾ, ਮੁਹੰਮਦ ਫੈਕ, ਜ਼ੀਸ਼ਾਨ ਅਲੀ ਅਤੇ ਸ਼ਮਾ ਪਰਵੀਨ ਤੇ ਯੂਏ (ਪੀ) ਐਕਟ, ਬੀ.ਐਨ.ਐਸ. ਐਕਟ ਅਤੇ ਆਰਮਜ਼ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਲਗਾਏ ਗਏ ਹਨ। ਐਨਆਈਏ ਮੁਤਾਬਕ ਪੁਰਾਣੀ ਦਿੱਲੀ ਨਿਵਾਸੀ ਮੁਹੰਮਦ ਫੈਕ ਨੇ ਕੱਟੜਪੰਥੀ ਪੋਸਟਾਂ ਸਾਂਝੀਆਂ ਕਰਕੇ ਅਤੇ ਜੇਹਾਦ, ਗਜ਼ਵਾ ਏ ਹਿੰਦ ਅਤੇ ਸਮਾਜ ਦੇ ਇੱਕ ਵਰਗ ਵਿਰੁੱਧ ਹਿੰਸਾ ਬਾਰੇ ਸਮੱਗਰੀ ਭੜਕਾ ਕੇ ਸਾਜ਼ਿਸ਼ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਉਸ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਰਾਹੀਂ ਅਤੇ ਇਸ ਉਦੇਸ਼ ਲਈ ਵਿਸ਼ੇਸ਼ ਤੌਰ ਤੇ ਬਣਾਏ ਗਏ ਇੱਕ ਸਮੂਹ ਰਾਹੀਂ ਏ.ਕਿਊ.ਆਈ.ਐਸ. ਅਤੇ ਜੈਸ਼ ਦੇ ਨੇਤਾਵਾਂ ਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵਾਲੇ ਕੱਟੜਪੰਥੀ ਅਤੇ ਕੱਟੜਪੰਥੀ ਸਾਹਿਤ ਦੇ ਅੰਸ਼ਾਂ ਨੂੰ ਪ੍ਰਸਾਰਿਤ ਕੀਤਾ। ਉਸ ਨੇ ਹਿੰਸਕ ਵਿਚਾਰਧਾਰਾ ਅਤੇ ਸਮੱਗਰੀ ਨੂੰ ਵਿਆਪਕ ਤੌਰ ਤੇ ਫੈਲਾਉਣ ਲਈ ਹੋਰ ਮੁਲਜ਼ਮਾਂ ਨਾਲ ਸਹਿਯੋਗ ਕੀਤਾ ਅਤੇ ਸਾਜ਼ਿਸ਼ ਰਚੀ। ਅਹਿਮਦਾਬਾਦ ਦੇ ਸ਼ੇਖ ਮੁਹੰਮਦ ਫਰਦੀਨ, ਮੋਦਾਸਾ (ਗੁਜਰਾਤ) ਤੋਂ ਕੁਰੈਸ਼ੀ ਸੇਫੁੱਲਾ ਅਤੇ ਨੋਇਡਾ (ਯੂ.ਪੀ.) ਤੋਂ ਜ਼ੀਸ਼ਾਨ ਅਲੀ ਨੂੰ ਆਡੀਓ, ਵੀਡੀਓ ਅਤੇ ਹੋਰ ਪੋਸਟਾਂ ਦੇ ਰੂਪ ਵਿੱਚ ਕੱਟੜਪੰਥੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਲਈ ਸਰਗਰਮੀ ਨਾਲ ਸ਼ਾਮਲ ਅਤੇ ਸਾਜ਼ਿਸ਼ ਰਚਣ ਲਈ ਪਾਇਆ ਗਿਆ। ਉਨ੍ਹਾਂ ਨੇ ਜਹਾਦ, ਗਜ਼ਵਾ-ਏ-ਹਿੰਦ ਅਤੇ ਲੋਕਤੰਤਰੀ ਤੌਰ ਤੇ ਚੁਣੀ ਗਈ ਭਾਰਤੀ ਸਰਕਾਰ ਵਿਰੁੱਧ ਬਗਾਵਤ ਨੂੰ ਭੜਕਾਉਣ ਵਾਲੀਆਂ ਪੋਸਟਾਂ ਨੂੰ ਨਿਯਮਿਤ ਤੌਰ ਤੇ ਪਸੰਦ, ਟਿੱਪਣੀ ਅਤੇ ਸਹਿਯੋਗ ਕੀਤਾ ਅਤੇ ਖਿਲਾਫ਼ਤ ਅਤੇ ਸ਼ਰੀਆ ਕਾਨੂੰਨ ਦੀ ਵਕਾਲਤ ਕੀਤੀ। ਜਾਂਚ ਤੋਂ ਅੱਗੇ ਪਤਾ ਲੱਗਾ ਕਿ ਬੰਗਲੁਰੂ (ਕਰਨਾਟਕ) ਦੀ ਸ਼ਮਾ ਪਰਵੀਨ ਨੇ ਆਪਣੇ ਸੋਸ਼ਲ ਮੀਡੀਆ ਰਾਹੀਂ ਏ.ਕਿਊ.ਆਈ.ਐਸ. ਵੀਡੀਓਜ਼ ਦਾ ਪ੍ਰਚਾਰ ਕੀਤਾ ਅਤੇ ਪਹਿਲਗਾਮ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਕੱਟੜਪੰਥੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਵਾਲੇ ਕੱਟੜਪੰਥੀ ਸਮੂਹਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਹ ਇੱਕ ਪਾਕਿਸਤਾਨੀ ਨਾਗਰਿਕ, ਸੁਮੇਰ ਅਲੀ ਦੇ ਨਿਯਮਤ ਸੰਪਰਕ ਵਿੱਚ ਸੀ, ਜਿਸ ਨੂੰ ਉਸ ਨੇ ਸਕ੍ਰੀਨਸ਼ਾਟ ਭੇਜੇ ਅਤੇ ਪਾਬੰਦੀਸ਼ੁਦਾ ਸਾਹਿਤ ਅਤੇ ਕਾਰਵਾਈਆਂ ਬਾਰੇ ਚਰਚਾ ਕੀਤੀ। ਉਸ ਦੇ ਮੋਬਾਈਲ ਫੋਨ ਵਿੱਚ ਕੱਟੜਪੰਥੀ ਵਿਚਾਰਧਾਰਕਾਂ ਦੁਆਰਾ ਲਿਖੀਆਂ ਅਪਰਾਧਕ ਕਿਤਾਬਾਂ, ਵੀਡੀਓ ਅਤੇ ਪਾਕਿਸਤਾਨੀ ਸੰਪਰਕ ਨੰਬਰ ਸਨ, ਜੋ ਜਾਂਚ ਦੌਰਾਨ ਬਰਾਮਦ ਕੀਤੇ ਗਏ ਸਨ। BNSS ਦੀ ਧਾਰਾ 193(9) ਦੇ ਤਹਿਤ ਜਾਂਚ ਜਾਰੀ ਹੈ।




# ਪਹਿਲੇ ਸਫ਼ੇ ਦੀ ਬਾਕੀ

## 'ਆਪ' ਨੇ ਵੱਖ-ਵੱਖ ਬੋਰਡਾਂ ਦੇ ਅਹੁਦੇਦਾਰ ਐਲਾਨੇ

ਵਿਕਾਸ ਬੋਰਡ, ਰਾਏ ਸਿੱਖ ਭਲਾਈ ਬੋਰਡ, ਰਾਮਗੜ੍ਹੀਆ ਭਲਾਈ ਬੋਰਡ, ਖੱਤਰੀ ਅਰੋੜਾ ਭਲਾਈ ਬੋਰਡ, ਕੰਬੋਜ ਭਲਾਈ ਬੋਰਡ, ਬਾਜ਼ੀਗਰ ਤੇ ਟੱਪਰੀਵਾਸ ਭਲਾਈ ਬੋਰਡ ਤੇ ਵੈਰਾਗੀ ਭਲਾਈ ਬੋਰਡ ਸ਼ਾਮਲ ਹਨ।

## ਦੇਸ਼ ਨੂੰ ਮਿਲੀ ਪਹਿਲੀ ਵੰਦੇ ਮਾਤਰਮ ਸਲਿਪਰ ਰੇਲ ਗੱਡੀ

ਲਈ ਬਣਾਈ ਗਈ ਹੈ। ਇਸ ਰੇਲ ਗੱਡੀ ਵਿਚ ਐਡਵਾਂਸਡ ਸੇਫਟੀ ਫੀਚਰਜ਼ ਹੋਣਗੇ। ਇਸ ਮੌਕੇ ਰੇਲ ਮੰਤਰੀ ਨੇ ਦੱਸਿਆ ਕਿ ਗੁਹਾਟੀ-ਹਾਵੜਾ ਰੂਟ 'ਤੇ ਹਵਾਈ ਕਿਰਾਇਆ ਆਮ ਤੌਰ 'ਤੇ ਛੇ ਤੋਂ ਅੱਠ ਹਜ਼ਾਰ ਦੇ ਦਰਮਿਆਨ ਹੁੰਦਾ ਹੈ ਪਰ ਵੰਦੇ ਮਾਤਰਮ ਸਲਿਪਰ ਵਿਚ ਯਾਤਰੀ ਸਿਰਫ 2300 ਰੁਪਏ ਵਿਚ ਸਫਰ ਤੈਅ ਕਰ ਕੇ ਆਪਣੀ ਮੰਜ਼ਿਲ 'ਤੇ ਪੁੱਜ ਸਕਣਗੇ।

## ਘੁਸਪੈਠ ਬੰਗਾਲ ਲਈ ਸਭ ਤੋਂ ਵੱਡੀ ਚੁਣੌਤੀ: ਮੋਦੀ

ਸੰਤੁਲਨ ਨੂੰ ਬਦਲ ਦਿਤਾ ਹੈ ਅਤੇ ਦੰਗਿਆਂ ਨੂੰ ਭੜਕਾਇਆ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਮਤੂਆ ਵਰਗੇ ਸ਼ਰਨਾਰਥੀਆਂ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ। ਉੱਤਰੀ ਬੰਗਾਲ ਦੇ ਮੁਸਲਿਮ ਬਹੁਗਿਣਤੀ ਜ਼ਿਲ੍ਹੇ 'ਚ ਇਕ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਟੀ.ਐਮ.ਸੀ. ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਗਰੀਬਾਂ ਲਈ ਭਲਾਈ ਸਕੀਮਾਂ ਨੂੰ ਰੋਕ ਰਹੀ ਹੈ ਅਤੇ ਕੇਂਦਰੀ ਪ੍ਰੋਗਰਾਮਾਂ ਦੇ ਲਾਭ ਲੋਕਾਂ ਤਕ ਪਹੁੰਚਣ ਤੋਂ ਰੋਕ ਰਹੀ ਹੈ। ਵੱਡੇ ਪੱਧਰ ਉਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਉਂਦੇ ਹੋਏ ਮੋਦੀ ਨੇ ਕਿਹਾ ਕਿ 'ਨਿਰਦਈ ਅਤੇ ਜ਼ਾਲਮ' ਤ੍ਰਿਣਮੂਲ ਕਾਂਗਰਸ ਸਰਕਾਰ ਜਨਤਾ ਦਾ ਪੈਸਾ ਲੁੱਟ ਰਹੀ ਹੈ ਅਤੇ ਗਰੀਬਾਂ ਲਈ ਦਿਤੇ ਕੇਂਦਰੀ ਫੰਡਾਂ ਨੂੰ ਖੋਹ ਰਹੀ ਹੈ। ਉਨ੍ਹਾਂ ਕਿਹਾ,"ਕੇਂਦਰ ਸਰਕਾਰ ਨੇ 40 ਵਾਰੀ ਹੜ੍ਹ ਪੀੜਤਾਂ ਲਈ ਬੰਗਾਲ ਵਿਚ ਫ਼ੰਡ ਭੇਜੇ ਸਨ ਪਰ ਪੀੜਤਾਂ ਨੂੰ ਇਹ ਫ਼ੰਡ ਨਹੀਂ ਮਿਲੇ।" ਮੋਦੀ ਨੇ ਕਿਹਾ ਕਿ ਘੁਸਪੈਠ ਸੂਬੇ ਦੇ ਸਾਹਮਣੇ ਬਹੁਤ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ,"ਦੁਨੀਆਂ ਵਿਚ ਅਜਿਹੇ ਵਿਕਸਿਤ ਅਤੇ ਖ਼ੁਸ਼ਹਾਲ ਦੇਸ਼ ਹਨ ਜਿਨ੍ਹਾਂ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ, ਫਿਰ ਵੀ ਉਹ ਘੁਸਪੈਠੀਆਂ ਨੂੰ ਹਟਾ ਰਹੇ ਹਨ। ਭਾਜਪਾ ਸਰਕਾਰ ਸੱਤਾ 'ਚ ਆਉਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਅਤੇ ਘੁਸਪੈਠੀਆਂ ਨੂੰ ਖਤਮ ਕਰਨ ਲਈ ਵੱਡੀ ਕਾਰਵਾਈ ਕਰੇਗੀ।" ਇਹ ਦਾਅਵਾ ਕਰਦਿਆਂ ਕਿ ਘੁਸਪੈਠ ਦਾ ਅਸਰ ਜ਼ਮੀਨੀ ਪੱਧਰ ਉੱਤੇ ਵਿਖਾਈ ਦੇ ਰਿਹਾ ਹੈ, ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਜ ਦੇ ਬਹੁਤ ਸਾਰੇ ਹਿੱਸਿਆਂ ਵਿਚ ਜਨਸੰਖਿਆ ਸੰਤੁਲਨ ਬਦਲ ਗਿਆ ਹੈ। ਉਨ੍ਹਾਂ ਕਿਹਾ,"ਲੋਕ ਮੈਨੂੰ ਦਸਦੇ ਹਨ ਕਿ ਕਈ ਥਾਵਾਂ ਉੱਤੇ, ਬੋਲੀ ਜਾਣ ਵਾਲੀ ਭਾਸ਼ਾ ਵੀ ਬਦਲਣੀ ਸ਼ੁਰੂ ਹੋ ਗਈ ਹੈ। ਭਾਸ਼ਾ ਅਤੇ ਉਪਭਾਸ਼ਾ ਵਿਚ ਫ਼ਰਕ ਉੱਭਰ ਰਹੇ ਹਨ। ਘੁਸਪੈਠੀਆਂ ਦੀ ਵਧਦੀ ਆਬਾਦੀ ਕਾਰਨ ਮਾਲਦਾ ਅਤੇ ਮੁਰਸ਼ਿਦਾਬਾਦ ਸਮੇਤ ਪਛਮੀ ਬੰਗਾਲ ਦੇ ਕਈ ਇਲਾਕਿਆਂ 'ਚ ਦੰਗੇ ਹੋਣੇ ਸ਼ੁਰੂ ਹੋ ਗਏ ਹਨ।" ਮੋਦੀ ਨੇ ਦੋਸ਼ ਲਾਇਆ ਕਿ ਤ੍ਰਿਣਮੂਲ ਕਾਂਗਰਸ ਦੀ 'ਸਿੰਡੀਕੇਟ' ਪ੍ਰਣਾਲੀ ਸੂਬੇ 'ਚ ਘੁਸਪੈਠੀਆਂ ਨੂੰ ਵਸਾਉਣ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਘੁਸਪੈਠੀਆਂ ਅਤੇ ਸੱਤਾਧਾਰੀ ਪਾਰਟੀ ਵਿਚਾਲੇ ਗੱਠਜੋੜ ਹੈ। ਉਨ੍ਹਾਂ ਕਿਹਾ, "ਤੁਹਾਨੂੰ ਇਸ ਗਠਜੋੜ ਨੂੰ ਤੋੜਨਾ ਪਏਗਾ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਵੇਂ ਹੀ ਭਾਜਪਾ ਸਰਕਾਰ ਬਣੇਗੀ, ਘੁਸਪੈਠੀਆਂ ਅਤੇ ਘੁਸਪੈਠੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੀ ਗੁੰਡਾਗਰਦੀ ਅਤੇ ਗਰੀਬਾਂ ਨੂੰ ਧਮਕਾਉਣ ਅਤੇ ਡਰਾਉਣ ਦੀ ਰਾਜਨੀਤੀ ਜਲਦੀ ਹੀ ਖਤਮ ਹੋ ਜਾਵੇਗੀ। ਪ੍ਰਧਾਨ ਮੰਤਰੀ ਨੇ ਰਾਜ ਵਿਚ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਨੂੰ ਲਾਗੂ ਨਾ ਕਰਨ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ, "ਅੱਜ, ਬੰਗਾਲ ਇਕਲੌਤਾ ਰਾਜ ਹੈ ਜਿੱਥੇ ਆਯੁਸ਼ਮਾਨ ਭਾਰਤ ਲਾਗੂ ਨਹੀਂ ਕੀਤਾ ਗਿਆ ਹੈ। ਟੀ.ਐਮ.ਸੀ. ਸਰਕਾਰ ਬੰਗਾਲ ਵਿਚ ਮੇਰੇ ਭੈਣਾਂ-ਭਰਾਵਾਂ ਨੂੰ ਇਸ ਦਾ ਲਾਭ ਲੈਣ ਤੋਂ ਰੋਕ ਰਹੀ ਹੈ। ਅਜਿਹੀ ਬੇਰਹਿਮ ਸਰਕਾਰ ਨੂੰ ਅਲਵਿਦਾ ਕਹਿਣਾ ਜ਼ਰੂਰੀ ਹੈ।"

## ਹੁਣ ਸੂਬੇ ਦੇ ਕਿਸਾਨ ਸਰਹੱਦ 'ਤੇ ਬਿਨਾਂ ਰੁਕਾਵਟ ਕਰ ਸਕਣਗੇ ਖੇਤੀ: ਮਾਨ

ਕਮੇਟੀ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਦੀ ਗਰੰਟੀ ਨਹੀਂ ਦਿੰਦਾ, ਜਿਸ ਨਾਲ ਬੀਜ ਖੇਤਰ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਸੂਬੇ ਦੀ ਆਵਾਜ ਨੂੰ ਦਬਾਇਆ ਗਿਆ ਹੈ।"

ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ, "ਪ੍ਰਸਤਾਵਿਤ ਬੀਜ ਬਿੱਲ ਵਿੱਚ ਸੂਬੇ ਦੀ ਮੌਜੂਦਾ ਸਕਤੀ ਨੂੰ ਘਟਾ ਦਿੱਤਾ ਗਿਆ ਹੈ ਕਿਉਂਕਿ ਬੀਜ ਰਜਿਸਟ੍ਰੇਸਨ ਵਿੱਚ ਸੂਬਾਈ ਬੀਜ ਕਮੇਟੀ ਦੀ ਕੋਈ ਭੂਮਿਕਾ ਨਹੀਂ ਹੈ ਅਤੇ ਖਰੜੇ ਵਿੱਚ ਉਨ੍ਹਾਂ ਕਿਸਾਨਾਂ ਲਈ ਇੱਕ ਮਜਬੂਤ ਮੁਆਵਜਾ ਢਾਂਚਾ ਯਕੀਨੀ ਬਣਾਉਣ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ, ਜਿਨ੍ਹਾਂ ਨੂੰ ਰਜਿਸਟਰਡ ਬੀਜ ਸਬੰਧੀ ਦਰਸਾਏ ਨਤੀਜੇ ਨਾ ਮਿਲਣ ਕਾਰਨ ਨੁਕਸਾਨ ਹੁੰਦਾ ਹੈ।"

ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਵਿਦੇਸਾਂ ਵਿੱਚ ਟੈਸਟ ਕੀਤੀਆਂ ਅਤੇ ਛੱਡੀਆਂ ਗਈਆਂ ਬੀਜ ਕਿਸਮਾਂ ਨੂੰ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਦਰਾਮਦ ਤੇ ਵਿਕਰੀ ਲਈ ਸੂਬੇ ਦੇ ਖੇਤੀਬਾੜੀ-ਜਲਵਾਯੂ ਹਾਲਾਤ ਤਹਿਤ ਲਾਜਮੀ ਸਥਾਨਕ ਟੈਸਟਿੰਗ ਤੋਂ ਬਿਨਾਂ ਆਗਿਆ ਦਿੱਤੀ ਗਈ ਹੈ, ਜਿਸ ਨਾਲ ਕਿਸਾਨਾਂ ਲਈ ਗੰਭੀਰ ਜੋਖਮ ਪੈਦਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਰੀੜ ਦੀ ਹੱਡੀ ਹੈ, ਜਿੱਥੇ ਕਿਸਾਨ ਫਸਲਾਂ ਉਗਾਉਂਦੇ ਹਨ, ਉਪਜ ਦਾ ਕੁਝ ਹਿੱਸਾ ਵੇਚਦੇ ਹਨ ਅਤੇ ਅਗਲੇ ਸੀਜਨ ਲਈ ਬੀਜ ਸੰਭਾਲ ਕੇ ਰੱਖਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬੀਜਾਂ ਲਈ ਪੂਰੀ ਤਰ੍ਹਾਂ ਕੰਪਨੀਆਂ 'ਤੇ ਨਿਰਭਰ ਕਰਨ ਲਈ ਮਜਬੂਰ ਕਰਨਾ ਨਾ ਤਾਂ ਵਾਜਬ ਹੈ ਅਤੇ ਨਾ ਹੀ ਕਿਸਾਨਾਂ ਦੇ ਹਿੱਤ ਵਿੱਚ ਹੈ। ਉਨ੍ਹਾਂ ਅਪੀਲ ਕੀਤੀ ਕਿ ਬਿੱਲ ਨੂੰ ਮੌਜੂਦਾ ਰੂਪ ਵਿੱਚ ਸੰਸਦ ਦੇ ਸਾਹਮਣੇ ਨਹੀਂ ਲਿਆਂਦਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਸਮੱਸਿਆਵਾਂ ਦੀ ਜਾਂਚ ਦਾ ਭਰੋਸਾ ਦਿੱਤਾ ਹੈ।

ਦਰਿਆਈ ਪਾਣੀਆਂ ਬਾਰੇ ਪੰਜਾਬ ਦੇ ਸਪੱਸ਼ਟ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ, "ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਕੋਈ ਵਾਧੂ ਪਾਣੀ ਨਹੀਂ ਹੈ। ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਉਪਲਬਧਤਾ ਵਿੱਚ ਕਾਫੀ ਕਮੀ ਆਈ ਹੈ ਅਤੇ ਇਸ ਲਈ ਸਤਲੁਜ ਯਮੁਨਾ ਲਿੰਕ ਨਹਿਰ ਦਾ ਨਿਰਮਾਣ ਵਿਹਾਰਕ ਨਹੀਂ ਹੈ।"

ਉਨ੍ਹਾਂ ਕਿਹਾ ਕਿ ਇਨ੍ਹਾਂ ਦਰਿਆਵਾਂ ਦੇ 34.34 ਐਮ.ਏ.ਐਫ. ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐਮ.ਏ.ਐਫ. ਅਲਾਟ ਕੀਤਾ ਗਿਆ ਸੀ, ਜੋ ਕਿ ਲੱਗਭੱਗ 40 ਫੀਸਦੀ ਹੈ ਅਤੇ ਬਾਕੀ 60 ਫ਼ੀਸਦੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਅਲਾਟ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਅਸਲ ਵਿੱਚ ਇਨ੍ਹਾਂ ਸੂਬਿਆਂ ਵਿੱਚੋਂ ਨਹੀਂ ਵਗਦਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਨਾਲ ਘੋਰ ਬੇਇਨਸਾਫੀ ਹੈ ਅਤੇ ਇਸ ਨਹਿਰ ਨੂੰ ਬਣਾਉਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਕਿਉਂਕਿ ਇਹ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ ਦੇ ਅੱਗੇ ਪੰਜਾਬ ਦਾ ਸਟੈਂਡ ਸਪੱਸ਼ਟ ਹੈ ਕਿ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਅਨਾਜ ਦੀ ਢੋਆ-ਢੁਆਈ ਅਤੇ ਭੰਡਾਰਨ ਦੀ ਸਮੱਸਿਆ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, " ਐਫ.ਸੀ.ਆਈ. ਵੱਲੋਂ ਪਿਛਲੇ ਪੰਜ ਮਹੀਨਿਆਂ ਵਿੱਚ ਸੂਬੇ ਵਿੱਚੋਂ ਸਿਰਫ 4 ਤੋਂ 5 ਲੱਖ ਮੀਟ੍ਰਿਕ ਟਨ ਕਣਕ ਅਤੇ 5 ਤੋਂ 6 ਲੱਖ ਮੀਟ੍ਰਿਕ ਟਨ ਚੌਲਾਂ ਦੀ ਹੀ ਢੋਆ-ਢੁਆਈ ਕੀਤੀ ਜਾ ਰਹੀ ਹੈ। ਸਾਉਣੀ ਮੰਡੀਕਰਨ ਸੀਜਨ 2025-26 ਦੇ 95 ਲੱਖ ਮੀਟ੍ਰਿਕ ਟਨ ਚੌਲਾਂ ਦੀ ਡਿਲੀਵਰੀ ਕੀਤੀ ਜਾਣ ਵਾਲੀ ਹੈ ਪਰ ਇਸ ਸਮੇਂ ਸਿਰਫ 20 ਲੱਖ ਮੀਟ੍ਰਿਕ ਟਨ ਜਗ੍ਹਾ ਉਪਲੱਬਧ ਹੈ।"

ਉਨ੍ਹਾਂ ਕਿਹਾ ਕਿ ਸਾਉਣੀ ਖਰੀਦ ਸੀਜਨ 2025-26 ਦੇ ਕਸਟਮ ਮਿਲਡ ਚੌਲਾਂ ਦੀ ਸਮੇਂ ਸਿਰ ਡਿਲੀਵਰੀ ਅਤੇ 01.04.2026 ਤੋਂ ਸੁਰੂ ਹੋਣ ਵਾਲੇ ਹਾੜ੍ਹੀ ਮੰਡੀਕਰਨ ਸੀਜ਼ਨ (ਆਰ.ਐਮ.ਐਸ.) 2026-27 ਦੌਰਾਨ ਕਣਕ ਦੇ ਭੰਡਾਰਨ ਲਈ ਜਗ੍ਹਾ ਦੀ ਢੁਕਵੀਂ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਸੂਬੇ ਤੋਂ ਘੱਟੋ-ਘੱਟ 20 ਲੱਖ ਮੀਟਰਿਕ ਟਨ ਅਨਾਜ (ਕਣਕ ਅਤੇ ਚੌਲ ਲਈ 10-10 ਐਲ.ਐਮ.ਟੀ.) ਦੀ ਮਹੀਨਾਵਾਰ ਢੋਆ-ਢੁਆਈ ਕਰਨਾ ਜਰੂਰੀ ਹੈ। ਉਨ੍ਹਾਂ ਨੇ ਸਟਾਕ ਦੀ ਢੋਆ-ਢੁਆਈ ਲਈ ਵਿਸੇਸ ਰੇਲ ਗੱਡੀਆਂ ਚਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਰਾਸਟਰੀ ਪੂਲ ਵਿੱਚ ਲਗਪਗ 125 ਐਲ.ਐਮ.ਟੀ. ਕਣਕ ਦਾ ਯੋਗਦਾਨ ਪਾਉਂਦਾ ਹੈ ਅਤੇ ਰਾਸਟਰੀ ਖੁਰਾਕ ਸੁਰੱਖਿਆ ਲਈ ਢੁਕਵੀਂ ਸਟੋਰੇਜ ਜਰੂਰੀ ਹੈ।

ਆੜ੍ਹਤੀਆ ਕਮਿਸ਼ਨ ਦੇ ਮੁੱਦੇ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆੜ੍ਹਤੀਆ ਕਮਿਸਨ ਨੂੰ 2019-20 ਦੇ ਖਰੀਦ ਸੀਜਨ ਤੋਂ ਪੰਜਾਬ ਖੇਤੀਬਾੜੀ ਉਤਪਾਦ ਅਤੇ ਮਾਰਕੀਟਿੰਗ ਐਕਟ 1961 ਦੇ ਉਪਬੰਧਾਂ ਦੇ ਉਲਟ ਫ੍ਰੀਜ ਕੀਤਾ ਗਿਆ ਹੈ ਅਤੇ ਇਸ ਵੇਲੇ ਕਣਕ ਲਈ ਕਮਿਸਨ 46 ਰੁਪਏ ਪ੍ਰਤੀ ਕੁਇੰਟਲ ਅਤੇ ਝੋਨੇ ਲਈ 45.88 ਰੁਪਏ ਪ੍ਰਤੀ ਕੁਇੰਟਲ ਤੱਕ ਸੀਮਤ ਕੀਤਾ ਗਿਆ ਹੈ।"

ਉਨ੍ਹਾਂ ਦੱਸਿਆ ਕਿ ਸਾਈਲੋਜ 'ਤੇ ਅਨਾਜ ਦੀ ਖਰੀਦ ਲਈ ਆੜ੍ਹਤੀਆ ਕਮਿਸ਼ਨ ਘਟਾ ਕੇ ਰੈਗੂਲਰ ਮੰਡੀਆਂ ਦੇ ਮੁਕਾਬਲੇ ਅੱਧਾ ਕਰ ਦਿੱਤਾ ਗਿਆ ਹੈ ਅਤੇ ਜਨਵਰੀ 2024 ਵਿੱਚ ਆੜ੍ਹਤੀਆ ਕਮਿਸ਼ਨ ਦੀ ਸੋਧ ਲਈ ਗਠਿਤ ਕਮੇਟੀ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਉਨ੍ਹਾਂ ਕਿਹਾ, "ਆੜ੍ਹਤੀਏ ਏਜੰਟ ਨਹੀਂ ਹਨ, ਉਹ ਜਰੂਰੀ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ। ਕਮਿਸਨ ਵਿੱਚ ਸੋਧ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਸੂਬੇ ਦੀ ਨਿਰਵਿਘਨ ਖਰੀਦ ਪ੍ਰਕਿਰਿਆ ਵਿੱਚ ਅੜਿੱਕਾ ਪੈਦਾ ਹੋ ਸਕਦਾ ਹੈ ਅਤੇ ਦਰਾਂ ਨੂੰ ਜਲਦ ਤੋਂ ਜਲਦ ਅੰਤਿਮ ਰੂਪ ਦਿੱਤਾ ਜਾਣਾ ਚਾਹੀਦਾ ਹੈ।"

ਪੇਂਡੂ ਵਿਕਾਸ ਫੰਡ ਦੀ ਅਦਾਇਗੀ ਨਾ ਹੋਣ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਸਬੰਧਤ ਪੰਜਾਬ ਐਕਟਾਂ ਅਧੀਨ ਸਪੱਸਟ ਕਾਨੂੰਨੀ ਉਪਬੰਧਾਂ ਦੇ ਬਾਵਜੂਦ ਸੂਬਾ ਸਰਕਾਰ ਨੂੰ ਆਰ.ਡੀ.ਐਫ. ਦੀ ਅਦਾਇਗੀ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸੂਬਾ ਸਰਕਾਰ ਨੇ ਭਾਰਤ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਤਹਿਤ ਪੰਜਾਬ ਪੇਂਡੂ ਵਿਕਾਸ ਐਕਟ ਵਿੱਚ ਸੋਧ ਕੀਤੀ ਹੈ, ਪਰ ਦੁੱਖ ਦੀ ਗੱਲ ਹੈ ਕਿ ਸਾਉਣੀ ਖਰੀਦ ਸੀਜਨ 2021-22 ਤੋਂ ਆਰ.ਡੀ.ਐਫ. ਦੀ ਇਜਾਜਤ ਨਹੀਂ ਦਿੱਤੀ ਗਈ ਹੈ।"

ਉਨ੍ਹਾਂ ਦੱਸਿਆ ਕਿ ਆਰ.ਡੀ.ਐਫ. ਦੇ 9030.91 ਕਰੋੜ ਰੁਪਏ ਅਤੇ ਮਾਰਕੀਟ ਫੀਸ ਦੇ 2267.83 ਕਰੋੜ ਰੁਪਏ ਲੰਬਿਤ ਹਨ। ਉਨ੍ਹਾਂ ਕਿਹਾ ਕਿ ਬਣਦਾ ਹਿੱਸਾ ਨਾ ਮਿਲਣ ਕਾਰਨ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਮਾੜਾ ਪ੍ਰਭਾਵ ਪਿਆ ਹੈ। ਉਨ੍ਹਾਂ ਕਿਹਾ ਕਿ "ਆਰ.ਡੀ.ਐਫ. ਕੋਈ ਚੈਰਿਟੀ ਨਹੀਂ ਹੈ। ਇਹ ਪੰਜਾਬ ਦਾ ਹੱਕ ਹੈ ਅਤੇ ਅਸੀਂ ਆਪਣਾ ਹੱਕ ਮੰਗ ਰਹੇ ਹਾਂ।" ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪਹਿਲੀ ਕਿਸਤ ਜਾਰੀ ਕਰਨ 'ਤੇ ਵਿਚਾਰ ਕਰਨ ਲਈ ਜਲਦ ਮੀਟਿੰਗ ਬੁਲਾਈ ਜਾਵੇਗੀ।

ਪ੍ਰਬੰਧਕੀ ਚਿੰਤਾਵਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋਰ ਦੇ ਕੇ ਕਿਹਾ ਕਿ ਕੇਂਦਰ ਸਾਸਤ ਪ੍ਰਦੇਸ ਚੰਡੀਗੜ੍ਹ ਵਿੱਚ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਦੇ ਲੰਬੇ ਸਮੇਂ ਤੋਂ ਚੱਲ ਰਹੇ 60:40 ਅਨੁਪਾਤ ਨੂੰ ਬਣਾਈ ਰੱਖਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਧਿਕਾਰੀਆਂ ਨੂੰ ਚੰਡੀਗੜ੍ਹ ਪ੍ਰਸਾਸਨ ਵਿੱਚ ਮੁੱਖ ਅਹੁਦਿਆਂ ਤੋਂ ਬਾਹਰ ਰੱਖਿਆ ਗਿਆ ਹੈ ਅਤੇ ਆਬਕਾਰੀ, ਸਿੱਖਿਆ, ਵਿੱਤ ਅਤੇ ਸਿਹਤ ਵਰਗੇ ਵਿਭਾਗਾਂ ਵਿੱਚ ਅਸਾਮੀਆਂ ਨੂੰ ਸਟੇਟ ਯੂ.ਟੀ. ਕੇਡਰ ਲਈ ਖੋਲ੍ਹਿਆ ਜਾ ਰਿਹਾ ਹੈ, ਜਿਸ ਨਾਲ ਯੂ.ਟੀ. ਪ੍ਰਸਾਸਨ ਦੇ ਪ੍ਰਭਾਵਸਾਲੀ ਕੰਮਕਾਜ ਵਿੱਚ ਪੰਜਾਬ ਦੀ ਭੂਮਿਕਾ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਮੌਜੂਦਾ ਅਨੁਪਾਤ ਨੂੰ ਬਰਕਰਾਰ ਰੱਖਿਆ ਜਾਵੇਗਾ।

ਮੁੱਖ ਮੰਤਰੀ ਨੇ ਪੰਜਾਬ ਕਾਡਰ ਦੇ ਅਧਿਕਾਰੀ ਨੂੰ ਐਫ.ਸੀ.ਆਈ. ਪੰਜਾਬ ਦੇ ਜਨਰਲ ਮੈਨੇਜਰ ਵਜੋਂ ਨਿਯੁਕਤ ਕਰਨ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਪੰਜਾਬ ਕਾਡਰ ਦੇ ਅਧਿਕਾਰੀਆਂ ਨੂੰ ਅਨਾਜ ਦੀ ਖਰੀਦ, ਮੰਡੀਆਂ, ਭੰਡਾਰਨ ਅਤੇ ਢੋਆ-ਢੁਆਈ ਬਾਰੇ ਲੋੜੀਂਦੀ ਜਾਣਕਾਰੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਅੰਕੜੇ ਦਰਸਾਉਂਦੇ ਹਨ ਕਿ ਇਸ ਅਹੁਦੇ 'ਤੇ ਰੈਗੂਲਰ ਨਿਯੁਕਤੀਆਂ ਪੰਜਾਬ ਕਾਡਰ ਤੋਂ ਹੁੰਦੀਆਂ ਰਹੀਆਂ ਹਨ, ਜਦੋਂ ਕਿ ਦੂਜੇ ਕਾਡਰ ਦੇ ਅਧਿਕਾਰੀਆਂ ਕੋਲ ਸਿਰਫ ਅਸਥਾਈ ਚਾਰਜ ਹੁੰਦਾ ਹੈ। ਉਨ੍ਹਾਂ ਕੁਸਲਤਾ ਅਤੇ ਰਾਸਟਰੀ ਖੁਰਾਕ ਸੁਰੱਖਿਆ ਦੇ ਹਿੱਤ ਵਿੱਚ ਇਸ ਨਿਯਮ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

ਸਰਹੱਦੀ ਇਲਾਕਿਆਂ ਬਾਰੇ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੌਮਾਂਤਰੀ ਨਿਯਮਾਂ ਅਨੁਸਾਰ, ਉਸਾਰੀ ਜੀਰੋ ਲਾਈਨ ਤੋਂ 150 ਮੀਟਰ ਤੋਂ ਦੂਰ ਹੋਣੀ ਚਾਹੀਦੀ ਹੈ ਪਰ ਪੰਜਾਬ ਦੇ ਕਈ ਇਲਾਕਿਆਂ ਵਿੱਚ ਸਰਹੱਦੀ ਕੰਡਿਆਲੀ ਤਾਰ ਦੋ ਤੋਂ ਤਿੰਨ ਕਿਲੋਮੀਟਰ ਅੰਦਰ ਸਥਿਤ ਹੈ।" ਉਨ੍ਹਾਂ ਕਿਹਾ ਕਿ ਹਜਾਰਾਂ ਏਕੜ ਖੇਤੀਯੋਗ ਜ਼ਮੀਨ ਇਸ ਤਾਰ ਤੋਂ ਪਰ੍ਹੇ ਹੈ, ਜਿਸ ਕਾਰਨ ਕਿਸਾਨਾਂ ਨੂੰ ਰੋਜ਼ਾਨਾ ਪਛਾਣ ਪੱਤਰ ਦਿਖਾਉਣ ਅਤੇ ਬੀ.ਐਸ.ਐਫ. ਦੀ ਸੁਰੱਖਿਆ ਹੇਠ ਆਪਣੇ ਖੇਤਾਂ ਵਿੱਚ ਖੇਤੀ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਉਨ੍ਹਾਂ ਕਿਹਾ, "ਜੇਕਰ ਤਾਰ ਨੂੰ ਕੌਮਾਂਤਰੀ ਸਰਹੱਦ ਦੇ ਨੇੜੇ ਦੁਬਾਰਾ ਬਣਾਇਆ ਜਾਂਦਾ ਹੈ ਤਾਂ ਭਾਰਤੀ ਜ਼ਮੀਨ ਦਾ ਵੱਡਾ ਹਿੱਸਾ ਵਾੜ ਦੇ ਇਸ ਪਾਸੇ ਆ ਜਾਵੇਗਾ, ਜਿਸ ਨਾਲ ਕਿਸਾਨ ਬਿਨਾਂ ਕਿਸੇ ਡਰ ਅਤੇ ਰੋਜਾਨਾ ਦੀਆਂ ਪਾਬੰਦੀਆਂ ਤੋਂ ਖੇਤੀ ਕਰ ਸਕਣਗੇ ਅਤੇ ਇਸ ਨਾਲ ਕੌਮੀ ਸੁਰੱਖਿਆ ਨਾਲ ਸਮਝੌਤਾ ਵੀ ਨਹੀਂ ਕਰਨਾ ਪਵੇਗਾ।" ਉਨ੍ਹਾਂ ਅੱਗੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਮੁੱਦਾ ਵਿਚਾਰ ਅਧੀਨ ਹੈ ਅਤੇ ਪਠਾਨਕੋਟ ਵਿੱਚ ਵੀ ਇਸੇ ਤਰ੍ਹਾਂ ਦੀ ਵਿਵਸਥਾ ਸਬੰਧੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ।

## 'ਜੇ ਸੀ.ਬੀ.ਆਈ. ਫੋਰੈਂਸਿਕ ਤੋਂ ਵੀ ਉੱਪਰ ਹੈ, ਤਾਂ ਕਰਵਾ ਲਓ ਜਾਂਚ'

ਲਓ। ਉਨ੍ਹਾਂ ਕਿਹਾ ਬਲਕਿ ਸਬ ਟਾਈਟਲ ਦੇ ਕੇ ਨਿਰਾਦਰ ਕੀਤਾ ਗਿਆ ਹੈ। ਉਨ੍ਹਾਂ ਨੇ ਭਾਜਪਾ 'ਤੇ ਸਿਆਸੀ ਬਦਲਾਖੋਰੀ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲਾਉਂਦਿਆਂ ਸਪੱਸ਼ਟ ਕੀਤਾ ਕਿ ਜਦੋਂ ਤਕਨੀਕੀ ਤੱਥ ਆਤਿਸ਼ੀ ਦੇ ਪੱਖ ਵਿੱਚ ਹਨ, ਤਾਂ ਅਜਿਹੇ ਇਲਜ਼ਾਮਾਂ ਦਾ ਕੋਈ ਆਧਾਰ ਨਹੀਂ ਰਹਿ ਜਾਂਦਾ। ਗ਼ੌਰਤਲਬ ਹੈ ਕਿ ਪੰਜਾਬੀ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਕੇਂਦਰੀ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਲਈ ਦਿੱਲੀ ਵਿੱਚ ਹਨ, ਜਿੱਥੋਂ ਉਨ੍ਹਾਂ ਦਾ ਇਹ ਬਿਆਨ ਸਾਹਮਣੇ ਆਇਆ ਹੈ।

## ਸੁਖਬੀਰ ਸਿੰਘ ਬਾਦਲ ਨੂੰ ਮਾਣਹਾਨੀ ਮਾਮਲੇ 'ਚ ਮਿਲੀ ਜ਼ਮਾਨਤ

ਮਾਣਹਾਨੀ ਦੀ ਸ਼ਿਕਾਇਤ ਦਾਇਰ ਕੀਤੀ ਸੀ। ਇਹ ਸ਼ਿਕਾਇਤ ਭਾਰਤੀ ਦੰਡ ਸੰਹਿਤਾ ਦੀ ਧਾਰਾ 499 ਤਹਿਤ ਦਾਇਰ ਕੀਤੀ ਗਈ ਸੀ। ਸੁਖਬੀਰ ਬਾਦਲ ਨੇ ਕੇਸ ਨੂੰ ਖਾਰਜ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ, ਪਰ ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ। ਇਸ ਮਾਮਲੇ ਦੀ ਸੁਣਵਾਈ ਇਸ ਸਮੇਂ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਚੱਲ ਰਹੀ ਹੈ। ਦਰਅਸਲ, ਇਹ ਮਾਮਲਾ 4 ਜਨਵਰੀ, 2017 ਦਾ ਹੈ, ਜਦੋਂ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਿੱਲੀ ਸਥਿਤ ਰਾਜਿੰਦਰ ਪਾਲ ਸਿੰਘ ਦੇ ਘਰ ਗਏ ਸਨ। ਇਸ ਮੁਲਾਕਾਤ ਤੇ ਪ੍ਰਤੀਕਰਮ ਦਿੰਦਿਆਂ ਸੁਖਬੀਰ ਸਿੰਘ ਬਾਦਲ ਨੇ ਅਖੰਡ ਕੀਰਤਨੀ ਜਥੇ ਨੂੰ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਇਕ ਰਾਜਨੀਤਿਕ ਫਰੰਟ ਦੱਸਿਆ ਸੀ, ਜਿਸ ਮਗਰੋਂ ਰਾਜਿੰਦਰ ਪਾਲ ਸਿੰਘ ਨੇ ਸੁਖਬੀਰ ਵਿਰੁੱਧ ਮਾਣਹਾਨੀ ਦਾ ਮਾਮਲਾ ਦਰਜ ਕਰਵਾਇਆ ਸੀ।

## ਦੂਸ਼ਿਤ ਪਾਣੀ ਪੀ ਕੇ ਮਰ ਰਹੇ ਨੇ ਲੋਕ: ਰਾਹੁਲ ਗਾਂਧੀ

ਸਰਕਾਰ ਨੇ ਮੱਧ ਪ੍ਰਦੇਸ਼ ਹਾਈ ਕੋਰਟ 'ਚ ਅਪਣੀ ਸਟੇਟਸ ਰਿਪੋਰਟ 'ਚ ਮ੍ਰਿਤਕਾਂ ਦੀ ਗਿਣਤੀ ਸੱਤ ਦੱਸੀ ਹੈ, ਜਿਨ੍ਹਾਂ 'ਚ ਇਕ ਪੰਜ ਮਹੀਨੇ ਦਾ ਬੱਚਾ ਵੀ ਸ਼ਾਮਲ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਉੱਤੇ ਵੀ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਇੰਦੌਰ ਇਕ ਅਜਿਹੀ ਨਵੀਂ ਮਾਡਲ ਸਮਾਰਟ ਸਿਟੀ ਹੈ, ਜਿਸ ਵਿਚ ਪੀਣ ਵਾਲਾ ਸਾਫ਼ ਪਾਣੀ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਧਮਕਾਇਆ ਜਾ ਰਿਹਾ ਹੈ। ਮੱਧ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਜੀਤੂ ਪਟਵਾਰੀ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਉਮੰਗ ਸਿੰਘ ਦੇ ਨਾਲ ਰਾਹੁਲ ਗਾਂਧੀ ਨੇ ਬੰਬੇ ਹਸਪਤਾਲ 'ਚ ਇਲਾਜ ਕਰਵਾ ਰਹੇ ਚਾਰ ਮਰੀਜ਼ਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸਿਹਤ ਬਾਰੇ ਪੁੱਛ-ਪੜਤਾਲ ਕੀਤੀ ਅਤੇ ਉਨ੍ਹਾਂ ਦੇ ਪਰਵਾਰਕ ਜੀਆਂ ਨਾਲ ਗੱਲਬਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਭਗੀਰਥਪੁਰਾ ਇਲਾਕੇ ਦਾ ਦੌਰਾ ਕੀਤਾ, ਜਿੱਥੇ ਪਿਛਲੇ ਮਹੀਨੇ ਇਸ ਵਾਇਰਸ ਦੀ ਖ਼ਬਰ ਮਿਲੀ ਸੀ ਅਤੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪੀੜਤਾਂ ਦੇ ਪਰਵਾਰਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ, "ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣਾ ਅਤੇ ਪ੍ਰਦੂਸ਼ਣ ਨੂੰ ਘੱਟ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪਰ ਸਰਕਾਰ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਨਹੀਂ ਕਰ ਰਹੀ।" ਸ਼ਹਿਰੀ ਮਾਡਲ ਉੱਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਇੰਦੌਰ ਵਿਚ ਲੋਕ ਦੂਸ਼ਿਤ ਪਾਣੀ ਪੀਣ ਨਾਲ ਮਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਸਾਫ਼ ਸਪਲਾਈ ਨਹੀਂ ਮਿਲ ਰਹੀ ਹੈ। ਉਨ੍ਹਾਂ ਕਿਹਾ, "ਇਹ ਸ਼ਹਿਰੀ ਮਾਡਲ ਹੈ। ਇਹ ਸਿਰਫ਼ ਇੰਦੌਰ ਦੀ ਗੱਲ ਨਹੀਂ ਹੈ। ਇਹ ਦੇਸ਼ ਭਰ ਦੇ ਸ਼ਹਿਰਾਂ ਵਿਚ ਹੋ ਰਿਹਾ ਹੈ।" ਰਾਹੁਲ ਗਾਂਧੀ ਨੇ ਕਿਹਾ ਕਿ ਇੰਦੌਰ 'ਚ ਪੀਣ ਵਾਲੇ ਪਾਣੀ ਦੀ ਹਾਦਸੇ ਲਈ ਸਰਕਾਰ 'ਚ ਕੋਈ ਤਾਂ ਜ਼ਿੰਮੇਵਾਰ ਹੋਵੇਗਾ ਅਤੇ ਸਰਕਾਰ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਇੰਦੌਰ 'ਚ ਸਰਕਾਰ ਦੀ ਲਾਪਰਵਾਹੀ ਕਾਰਨ ਦੂਸ਼ਿਤ ਪਾਣੀ ਪੀਣ ਨਾਲ ਲੋਕਾਂ ਦੀ ਮੌਤ ਹੋ ਗਈ ਹੈ। ਅਜਿਹੀ ਸਥਿਤੀ ਵਿਚ ਸਰਕਾਰ ਨੂੰ ਪੀੜਤਾਂ ਨੂੰ ਪੂਰਾ ਸਮਰਥਨ ਅਤੇ ਢੁੱਕਵਾਂ ਮੁਆਵਜ਼ਾ ਦੇਣਾ ਚਾਹੀਦਾ ਹੈ।" ਉਨ੍ਹਾਂ ਕਿਹਾ,"ਅਸੀਂ ਭਗੀਰਥਪੁਰਾ ਦੇ ਲੋਕਾਂ ਦੇ ਨਾਲ ਖੜ੍ਹੇ ਹਾਂ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਅਤੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੜਾਈ ਜਾਰੀ ਰੱਖਾਂਗੇ।" ਅਪਣੇ ਸਾਹਮਣੇ ਇਕ ਵੱਡੀ ਸਰਕਾਰੀ ਪਾਣੀ ਦੀ ਟੈਂਕੀ ਵਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ,"ਇਸ ਟੈਂਕੀ ਵਿਚ ਅੱਜ ਵੀ ਸਾਫ਼ ਪਾਣੀ ਨਹੀਂ ਹੈ। ਕਿਉਂਕਿ ਸ਼ਹਿਰ ਮੀਡੀਆ ਦੀ ਜਾਂਚ ਦੇ ਅਧੀਨ ਹੈ, ਇਸ ਲਈ ਜ਼ਖ਼ਮ ਉਤੇ ਪੱਟੀ ਲਗਾ ਦਿਤੀ ਗਈ ਹੈ, ਜੋ ਸਿਰਫ ਕੁੱਝ ਦਿਨਾਂ ਲਈ ਰਹੇਗੀ। ਜਿਵੇਂ ਹੀ ਮੀਡੀਆ ਦਾ ਧਿਆਨ ਬਦਲੇਗਾ, ਸਥਿਤੀ ਉਸੇ ਤਰ੍ਹਾਂ ਵਾਪਸ ਆ ਜਾਵੇਗੀ ਜੋ ਪਹਿਲਾਂ ਸੀ।" ਰਾਹੁਲ ਗਾਂਧੀ ਨੇ ਕਿਹਾ ਕਿ ਭਗੀਰਥਪੁਰਾ ਦੇ ਦੁਖਾਂਤ ਦੇ ਪੀੜਤ ਚਾਹੁੰਦੇ ਹਨ ਕਿ ਸਰਕਾਰ ਅਪਣੀ ਜ਼ਿੰਮੇਵਾਰੀ ਨਿਭਾਵੇ ਅਤੇ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਲਈ ਸਥਾਈ ਪ੍ਰਣਾਲੀ ਵਿਕਸਤ ਕਰੇ। ਉਨ੍ਹਾਂ ਨੇ ਸੱਤਾਧਾਰੀ ਭਾਜਪਾ ਦੇ ਦੋਸ਼ਾਂ ਨੂੰ ਵੀ ਖਾਰਜ ਕਰ ਦਿਤਾ ਕਿ ਉਨ੍ਹਾਂ ਦੀ ਇੰਦੌਰ ਯਾਤਰਾ ਸਿਆਸੀ ਤੌਰ ਉਤੇ ਪ੍ਰੇਰਿਤ ਸੀ। ਰਾਹੁਲ ਗਾਂਧੀ ਦੀ ਮੌਜੂਦਗੀ 'ਚ ਪਾਰਟੀ ਨੇ 16 ਪ੍ਰਭਾਵਤ ਪਰਵਾਰਾਂ ਨੂੰ 1-1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿਤੀ, ਜਦਕਿ ਸਿੰਘੜ ਨੇ 50-50,000 ਰੁਪਏ ਦੀ ਸਹਾਇਤਾ ਦਿਤੀ।

**ਭਾਰਤ 'ਚ ਵਿਤਕਰੇ ਵਿਰੋਧੀ ਕਾਨੂੰਨ ਦੀ ਲੋੜ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ 10ਵੀਂ ਬਰਸੀ ਮੌਕੇ ਸ਼ਨੀਵਾਰ ਨੂੰ ਕਿਹਾ ਕਿ ਭਾਈਚਾਰੇ ਦੇ ਨੌਜੁਆਨਾਂ ਦੀ ਹਕੀਕਤ ਕੈਂਪਸਾਂ 'ਚ ਨਹੀਂ ਬਦਲੀ ਹੈ। ਉਨ੍ਹਾਂ ਨੇ ਵਿਤਕਰੇ ਵਿਰੋਧੀ ਕਾਨੂੰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਹੈਦਰਾਬਾਦ ਯੂਨੀਵਰਸਿਟੀ ਦੇ 26 ਸਾਲ ਦੇ ਦਲਿਤ ਵਿਦਿਆਰਥੀ ਵੇਮੁਲਾ ਨੇ 17 ਜਨਵਰੀ, 2016 ਨੂੰ ਕਥਿਤ ਤੌਰ ਉਤੇ ਤੰਗ ਪ੍ਰੇਸ਼ਾਨ ਦਾ ਸ਼ਿਕਾਰ ਹੋਣ ਤੋਂ ਬਾਅਦ ਖ਼ੁਦਕੁਸ਼ੀ ਕਰ ਲਈ ਸੀ। 'ਐਕਸ' ਉਤੇ ਇਕ ਪੋਸਟ 'ਚ ਰਾਹੁਲ ਗਾਂਧੀ ਨੇ ਕਿਹਾ,"ਅੱਜ ਰੋਹਿਤ ਵੇਮੁਲਾ ਦੇ ਦੇਹਾਂਤ ਨੂੰ 10 ਸਾਲ ਪੂਰੇ ਹੋ ਗਏ ਹਨ ਪਰ ਰੋਹਿਤ ਦਾ ਸਵਾਲ ਅਜੇ ਵੀ ਸਾਡੇ ਦਿਲਾਂ ਵਿਚ ਗੂੰਜਦਾ ਹੈ: ਕੀ ਇਸ ਦੇਸ਼ ਵਿਚ ਹਰ ਕਿਸੇ ਨੂੰ ਸੁਪਨੇ ਵੇਖਣ ਦਾ ਬਰਾਬਰ ਅਧਿਕਾਰ ਹੈ?" ਉਨ੍ਹਾਂ ਕਿਹਾ,"ਰੋਹਿਤ ਪੜ੍ਹਨਾ ਚਾਹੁੰਦਾ ਸੀ, ਉਹ ਲਿਖਣਾ ਚਾਹੁੰਦਾ ਸੀ। ਉਹ ਇਸ ਦੇਸ਼ ਨੂੰ ਇਕ ਬਿਹਤਰ ਸਥਾਨ ਬਣਾਉਣ ਲਈ ਵਿਗਿਆਨ, ਸਮਾਜ ਅਤੇ ਮਨੁੱਖਤਾ ਨੂੰ ਸਮਝਣਾ ਚਾਹੁੰਦੇ ਸਨ। ਪਰ ਇਹ ਪ੍ਰਣਾਲੀ ਦਲਿਤ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰ ਸਕਦੀ।" ਰਾਹੁਲ ਗਾਂਧੀ ਨੇ ਕਿਹਾ ਕਿ ਸੰਸਥਾਗਤ ਜਾਤੀਵਾਦ, ਸਮਾਜਕ ਬੇਦਖਲੀ, ਰੋਜ਼ਾਨਾ ਅਪਮਾਨ, ਭਾਸ਼ਾ ਜੋ ਉਸ ਨੂੰ ਅਪਣੀ 'ਜਗ੍ਹਾ' ਅਤੇ ਅਣਮਨੁੱਖੀ ਵਿਵਹਾਰ ਦੀ ਯਾਦ ਦਿਵਾਉਂਦੀ ਹੈ। ਰਾਹੁਲ ਗਾਂਧੀ ਨੇ ਕਿਹਾ,"ਇਹ ਉਹ ਜ਼ਹਿਰ ਸੀ ਜਿਸ ਨੇ ਇਕ ਹੋਣਹਾਰ ਨੌਜੁਆਨ ਨੂੰ ਇਸ ਹੱਦ ਉਤੇ ਧੱਕ ਦਿਤਾ ਜਿੱਥੇ ਉਸ ਦੀ ਇੱਜ਼ਤ ਖੋਹ ਲਈ ਗਈ ਅਤੇ ਉਹ ਇਕੱਲਾ ਰਹਿ ਗਿਆ।" ਉਨ੍ਹਾਂ ਕਿਹਾ,"ਅਤੇ ਅੱਜ? ਕੀ ਦਲਿਤ ਨੌਜੁਆਨਾਂ ਦੀ ਅਸਲੀਅਤ ਬਦਲ ਗਈ ਹੈ? ਕੈਂਪਸ ਵਿਚ ਉਹੀ ਨਫ਼ਰਤ, ਹੋਸਟਲਾਂ ਵਿਚ ਉਹੀ ਇਕੱਲਤਾ, ਕਲਾਸਰੂਮਾਂ ਵਿਚ ਉਹੀ ਹੀਣਤਾ ਦੀ ਭਾਵਨਾ, ਉਹੀ ਹਿੰਸਾ- ਅਤੇ ਕਈ ਵਾਰ, ਉਹੀ ਮੌਤ। ਕਿਉਂਕਿ ਜਾਤੀ ਅਜੇ ਵੀ ਇਸ ਦੇਸ਼ ਦਾ ਸੱਭ ਤੋਂ ਵੱਡਾ ਦਾਖਲਾ ਫਾਰਮ ਹੈ।" ਉਨ੍ਹਾਂ ਕਿਹਾ ਕਿ ਇਸੇ ਲਈ ਰੋਹਿਤ ਵੇਮੁਲਾ ਐਕਟ ਸਿਰਫ ਇਕ ਨਾਅਰਾ ਨਹੀਂ ਹੈ, ਬਲਕਿ ਇਕ ਜ਼ਰੂਰਤ ਹੈ ਤਾਂ ਜੋ ਵਿਦਿਅਕ ਅਦਾਰਿਆਂ 'ਚ ਜਾਤੀ ਆਧਾਰਤ ਵਿਤਕਰਾ ਅਪਰਾਧ ਬਣ ਜਾਵੇ, ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਕਿਸੇ ਵੀ ਵਿਦਿਆਰਥੀ ਨੂੰ ਉਨ੍ਹਾਂ ਦੀ ਜਾਤ ਦੇ ਆਧਾਰ ਉੱਤੇ ਤੋੜਨ, ਚੁੱਪ ਰਹਿਣ ਅਤੇ ਬਾਹਰ ਕੱਢਣ ਦੀ ਆਜ਼ਾਦੀ ਖ਼ਤਮ ਕੀਤੀ ਜਾਵੇ।

## ਨਾਇਬ ਸਿੰਘ ਸੈਣੀ ਦੀ ਵੱਡੀ ਸੌਗਾਤ, ਕਰੋੜਾਂ ਰੁਪਏ ਦੀ ਰਾਸ਼ੀ ਕੀਤੀ ਜਾਰੀ

ਯੋਜਨਾ ਲਈ ਬਣਾਏ ਗਏ ਐਪ ਤੇ ਹੁਣ ਤੱਕ ਲੱਗਭੱਗ 10 ਲੱਖ (9,98,650) ਔਰਤਾਂ ਨੇ ਅਪਲਾਈ ਕੀਤਾ ਹੈ ਅਤੇ ਹਰ ਰੋਜ਼ 2000 ਤੋਂ 4000 ਨਵੀਆਂ ਬੇਨਤੀਆਂ ਆ ਰਹੀਆਂ ਹਨ। ਮੁੱਖ ਮੰਤਰੀ ਨੇ ਆਪਣੇ ਚੋਣ ਵਾਅਦਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਹਰ ਘਰ-ਹਰ ਗ੍ਰਹਿਣੀ ਯੋਜਨਾ ਤਹਿਤ 1.80 ਲੱਖ ਰੁਪਏ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ,ਮੈਂ ਚੋਣਾਂ ਦੌਰਾਨ ਭੈਣਾਂ ਨਾਲ ਵਾਅਦਾ ਕੀਤਾ ਸੀ ਕਿ ਤੁਹਾਨੂੰ ਸਿਲੰਡਰ 500 ਰੁਪਏ ਵਿੱਚ ਮਿਲੇਗਾ ਅਤੇ ਉੱਪਰਲਾ ਪੈਸਾ ਤੁਹਾਡਾ ਭਰਾ ਤੁਹਾਡੇ ਖਾਤੇ ਵਿੱਚ ਪਹੁੰਚਾਉਣ ਦਾ ਕੰਮ ਕਰੇਗਾ। ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਸਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸਾਨ ਭਾਈ ਅੱਜ ਸਰਕਾਰ ਦੀਆਂ ਨੀਤੀਆਂ ਲਈ ਧੰਨਵਾਦ ਕਰਨ ਆਏ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਆਪਣੇ ਸੰਕਲਪ ਪੱਤਰ ਵਿੱਚ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

## ਗੁਜਰਾਤ ਦੇ ਕੱਛ ਜ਼ਿਲ੍ਹੇ 'ਚ 4.1 ਤੀਬਰਤਾ ਦਾ ਭੂਚਾਲ

26 ਜਨਵਰੀ 2001 ਨੂੰ 7.6 ਸ਼ਿੱਦਤ ਵਾਲਾ ਭੂਚਾਲ ਭਚਾਊ ਨੇੜੇ ਆਇਆ ਸੀ, ਜਿਸ ਵਿਚ 13,800 ਲੋਕ ਮਾਰੇ ਗਏ ਅਤੇ ਵਿਆਪਕ ਤਬਾਹੀ ਮਚੀ।

## ਭਾਰਤ ਨੇ ਦੱਖਣੀ ਅਫ਼ਰੀਕਾ ਦੇ ਬਹੁ-ਪੱਖੀ ਜਲ ਸੈਨਾ ਅਭਿਆਸ ਤੋਂ ਬਣਾਈ ਦੂਰੀ

ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਕਿ ਇਹ ਅਭਿਆਸ ਦੱਖਣੀ ਅਫਰੀਕਾ ਦੀ ਨਿੱਜੀ ਪਹਿਲ ਸੀ, ਜਿਸ ਵਿੱਚ ਕੁਝ ਬ੍ਰਿਕਸ ਮੈਂਬਰਾਂ ਨੇ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ ਇਹ ਬ੍ਰਿਕਸ ਦੀ ਕੋਈ ਨਿਯਮਤ ਜਾਂ ਸੰਸਥਾਗਤ ਗਤੀਵਿਧੀ ਨਹੀਂ ਸੀ ਅਤੇ ਨਾ ਹੀ ਇਸ ਵਿੱਚ ਸਾਰੇ ਬ੍ਰਿਕਸ ਮੈਂਬਰ ਸ਼ਾਮਲ ਹੋਏ ਸਨ। ਭਾਰਤ ਨੇ ਪਹਿਲਾਂ ਵੀ ਅਜਿਹੀ ਕਿਸੇ ਗਤੀਵਿਧੀ ਵਿੱਚ ਭਾਗ ਨਹੀਂ ਲਿਆ ਹੈ। ਦੱਖਣੀ ਅਫਰੀਕਾ ਦੇ ਜਲ ਖੇਤਰ ਵਿੱਚ ਹੋਏ ਇਸ ਹਫ਼ਤਾ ਭਰ ਚੱਲੇ ਅਭਿਆਸ ਵਿੱਚ ਚੀਨ, ਰੂਸ, ਈਰਾਨ, ਮਿਸਰ, ਇੰਡੋਨੇਸ਼ੀਆ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੀਆਂ ਜਲ ਸੈਨਾਵਾਂ ਨੇ ਹਿੱਸਾ ਲਿਆ। ਇਹ ਅਭਿਆਸ ਅਜਿਹੇ ਸਮੇਂ ਹੋਇਆ ਜਦੋਂ ਈਰਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਕਾਰੀਆਂ 'ਤੇ ਕਾਰਵਾਈ ਕਾਰਨ ਤਣਾਅ ਵਧਿਆ ਹੋਇਆ ਸੀ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਨਿਯਮਤ ਤੌਰ 'ਤੇ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ ਸਮੁੰਦਰੀ ਅਭਿਆਸ ਵਿੱਚ ਹਿੱਸਾ ਲੈਂਦਾ ਹੈ। ਇਸ ਅਭਿਆਸ ਦਾ ਆਖਰੀ ਸੰਸਕਰਣ ਅਕਤੂਬਰ 2024 ਵਿੱਚ ਆਯੋਜਿਤ ਕੀਤਾ ਗਿਆ ਸੀ। ਮੌਜੂਦਾ ਸਮੇਂ ਵਿੱਚ ਭਾਰਤ ਬ੍ਰਿਕਸ ਦਾ ਪ੍ਰਧਾਨ ਹੈ। ਜ਼ਿਕਰਯੋਗ ਹੈ ਕਿ 2024 ਵਿੱਚ ਬ੍ਰਿਕਸ ਸਮੂਹ ਦਾ ਵਿਸਥਾਰ ਹੋਇਆ ਹੈ, ਜਿਸ ਵਿੱਚ ਮਿਸਰ, ਇਥੋਪੀਆ, ਈਰਾਨ ਅਤੇ ਯੂਏਈ ਸ਼ਾਮਲ ਹੋਏ ਹਨ, ਜਦਕਿ ਇੰਡੋਨੇਸ਼ੀਆ 2025 ਵਿੱਚ ਇਸ ਸਮੂਹ ਦਾ ਹਿੱਸਾ ਬਣਿਆ ਹੈ। ਪਹਿਲਾਂ ਇਸ ਸਮੂਹ ਵਿੱਚ ਕੇਵਲ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਸ਼ਾਮਲ ਸਨ।

## ਇੰਟੈਲ ਵੱਲੋਂ ਬੰਗਲਾਦੇਸ਼ੀ ਤੇ ਖ਼ਾਲਿਸਤਾਨੀ ਸੰਗਠਨਾਂ ਤੋਂ ਖ਼ਤਰੇ ਨੂੰ ਲੈ ਕੇ ਅਲਰਟ ਜਾਰੀ

ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀ ਅਤੇ ਕੱਟੜਪੰਥੀ ਆਕਾ ਹੁਣ ਪੰਜਾਬ ਦੇ ਗੈਂਗਸਟਰਾਂ ਦੀ ਵਰਤੋਂ ਕਰ ਰਹੇ ਹਨ। ਇਹ ਗੈਂਗਸਟਰ ਹਰਿਆਣਾ, ਦਿੱਲੀ-ਐਨ.ਸੀ.ਆਰ., ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਸਰਗਰਮ ਹਨ ਅਤੇ ਅੰਦਰੂਨੀ ਸੁਰੱਖਿਆ ਨੂੰ ਭੰਗ ਕਰਨ ਲਈ ਅਤਿਵਾਦੀ ਤੱਤਾਂ ਨਾਲ ਹੱਥ ਮਿਲਾ ਰਹੇ ਹਨ। ਸੁਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ, ਉੱਤਰੀ ਜ਼ਿਲ੍ਹਾ ਪੁਲੀਸ ਨੇ ਦਿੱਲੀ ਦੇ ਭੀੜ-ਭੜੱਕੇ ਵਾਲੇ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਮੌਕ ਡਰਿੱਲ (ਨਕਲੀ ਅਭਿਆਸ) ਦੀ ਲੜੀ ਸ਼ੁਰੂ ਕੀਤੀ ਹੈ। ਜਨਵਰੀ 2026 ਦੇ ਪਹਿਲੇ ਪੰਦਰਵਾੜੇ ਦੌਰਾਨ ਲਾਲ ਕਿਲ੍ਹਾ, ਆਈ.ਐਸ.ਬੀ.ਟੀ. ਕਸ਼ਮੀਰੀ ਗੇਟ, ਚਾਂਦਨੀ ਚੌਕ, ਖਾਰੀ ਬੌਲੀ ਅਤੇ ਸਦਰ ਬਾਜ਼ਾਰ ਵਰਗੇ ਅਹਿਮ ਥਾਵਾਂ 'ਤੇ ਚਾਰ ਵੱਡੇ ਅਭਿਆਸ ਕੀਤੇ ਗਏ। ਇਨ੍ਹਾਂ ਅਭਿਆਸਾਂ ਦਾ ਮਕਸਦ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਰਤ ਵਿੱਚ ਵੱਖ-ਵੱਖ ਸੁਰੱਖਿਆ ਏਜੰਸੀਆਂ ਦੀ ਤਿਆਰੀ ਅਤੇ ਜਵਾਬੀ ਕਾਰਵਾਈ ਦੇ ਸਮੇਂ ਦੀ ਜਾਂਚ ਕਰਨਾ ਸੀ, ਤਾਂ ਜੋ 26 ਜਨਵਰੀ ਦੀ ਪਰੇਡ ਨੂੰ ਸੁਰੱਖਿਅਤ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

## ਮੇਅਰ ਲਈ ਜੋੜ-ਤੋੜ: ਸ਼ਿੰਦੇ ਧੜੇ ਨੇ ਸਾਰੇ ਕੌਂਸਲਰ ਪੰਜ ਤਾਰਾ ਹੋਟਲ ਭੇਜੇ

ਮੰਤਰੀ ਨਹੀਂ ਪੁੱਜੇ। ਇਹ ਚਰਚਾ ਚਲ ਰਹੀ ਹੈ ਕਿ ਦੋਵੇਂ ਉਪ ਮੁੱਖ ਮੰਤਰੀਆਂ ਨੂੰ ਆਸ ਅਨੁਸਾਰ ਨਤੀਜੇ ਨਹੀਂ ਮਿਲੇ। ਦੂਜੇ ਪਾਸੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਹੈ ਕਿ ਮੇਅਰ ਬਣਾਉਣ ਦੇ ਮਾਮਲੇ ਵਿਚ ਕੋਈ ਵਿਵਾਦ ਨਹੀਂ ਹੈ ਤੇ ਉਨ੍ਹਾਂ ਦੀ ਪਾਰਟੀ ਤੇ ਏਕਨਾਥ ਸ਼ਿੰਦੇ ਮਿਲ ਕੇ ਫੈਸਲਾ ਕਰਨਗੇ ਕਿ ਕਿਸ ਨੂੰ ਮੇਅਰ ਬਣਾਉਣਾ ਹੈ। ਮਹਾਰਾਸ਼ਟਰ ਨਗਰ ਨਿਗਮ ਚੋਣਾਂ ਵਿਚ ਭਾਜਪਾ ਨੇ ਵੱਡਾ ਆਧਾਰ ਬਣਾ ਲਿਆ ਹੈ ਤੇ ਭਾਜਪਾ 29 ਨਗਰ ਨਿਗਮਾਂ ਵਿਚੋਂ 17 'ਤੇ ਇਕੱਲੇ ਹੀ ਕਾਬਜ਼ ਹੋ ਗਈ ਹੈ ਜਦਕਿ ਉਸ ਦੀ ਅਗਵਾਈ ਹੇਠਲੇ ਗੱਠਜੋੜ ਨੇ ਅੱਠ ਨਿਗਮਾਂ ਵਿਚ ਜਿੱਤ ਹਾਸਲ ਕੀਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਸ਼ਿੰਦੇ ਗਰੁੱਪ ਨੇ ਆਸ ਅਨੁਸਾਰ ਵੋਟਾਂ ਨਾ ਮਿਲਣ ਦੀ ਸਮੀਖਿਆ ਕਰਨ ਦੀ ਵੀ ਆਪਣੇ ਆਗੂਆਂ ਦੀ ਡਿਊਟੀ ਲਾ ਦਿੱਤੀ ਹੈ।

## ਕਾਰਨੀ ਦੀ ਯਾਤਰਾ ਤੋਂ ਪਹਿਲਾਂ ਕੈਨੇਡਾ ਨੇ ਭਾਰਤ ਨੂੰ ਕੀਤਾ 'ਉੱਚ ਪੱਧਰੀ ਚੌਕਸੀ' ਵਾਲੀ ਸੂਚੀ 'ਚ ਸ਼ਾਮਲ

ਦੇ ਸਬੰਧਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਅਨੁਸਾਰ, ਕੈਨੇਡਾ ਐਡਵਾਈਜ਼ਰੀ ਦੀ ਭਾਸ਼ਾ ਵਿੱਚ ਨਰਮੀ ਵਰਤ ਸਕਦਾ ਸੀ ਤਾਂ ਜੋ ਸੁਨੇਹਾ ਇੰਨਾ ਹਮਲਾਵਰ ਨਾ ਲੱਗਦਾ, ਪਰ ਵਰਤੀ ਗਈ ਭਾਸ਼ਾ ਕਾਫੀ ਸਖ਼ਤ ਹੈ। ਜ਼ਿਕਰਯੋਗ ਹੈ ਕਿ ਸਾਲ 2023 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸੰਭਾਵਿਤ ਸ਼ਮੂਲੀਅਤ ਦੇ ਦੋਸ਼ ਲਗਾਉਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਬੇਹੱਦ ਖਰਾਬ ਹੋ ਗਏ ਸਨ। ਹੁਣ ਜਦੋਂ ਦੋਵੇਂ ਦੇਸ਼ ਰਿਸ਼ਤਿਆਂ ਨੂੰ ਮੁੜ ਲੀਹ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ, ਅਜਿਹੇ ਸਮੇਂ ਕੈਨੇਡਾ ਦੀ ਇਹ ਨਵੀਂ ਟ੍ਰੈਵਲ ਐਡਵਾਈਜ਼ਰੀ ਅੱਗ ਵਿੱਚ ਤੇਲ ਪਾਉਣ ਦਾ ਕੰਮ ਕਰ ਸਕਦੀ ਹੈ।

## ਆਮ ਜਨਤਾ ਲਈ ਰਾਸ਼ਟਰਪਤੀ ਭਵਨ 21 ਤੋਂ 29 ਜਨਵਰੀ ਤੱਕ ਰਹੇਗਾ ਬੰਦ

ਮਾਰਗ ਤੇ ਆਯੋਜਿਤ ਕੀਤੀ ਜਾਂਦੀ ਹੈ। ਗਣਤੰਤਰ ਦਿਵਸ ਦੇ ਜਸ਼ਨਾਂ ਦੀ ਸਮਾਪਤੀ ਨੂੰ ਦਰਸਾਉਂਦੇ ਹੋਏ ਬੀਟਿੰਗ ਰਿਟਰੀਟ ਸਮਾਰੋਹ 29 ਜਨਵਰੀ ਨੂੰ ਵਿਜੇ ਚੌਕ ਵਿਖੇ ਆਯੋਜਿਤ ਕੀਤਾ ਜਾਂਦਾ ਹੈ, ਜੋ ਕਿ ਰਾਸ਼ਟਰਪਤੀ ਭਵਨ ਦੇ ਨਾਲ ਲੱਗਦੇ ਪਾਥ ਆਫ਼ ਡਿਊਟੀ ਦੇ ਪੱਛਮੀ ਸਿਰੇ 'ਤੇ ਸਥਿਤ ਹੈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੇ ਪੂਰੇ ਕੀਤੇ 322 ਦਿਨ: 45 ਹਜ਼ਾਰ ਤੋਂ ਵੱਧ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ

**90 ਹਜ਼ਾਰ ਵਿਅਕਤੀਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜਿਆ**

ਚੰਡੀਗੜ੍ਹ, 17 ਜਨਵਰੀ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਸਫ਼ਲਤਾਪੂਰਵਕ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ' ਯੁੱਧ ਨਸ਼ਿਆਂ ਵਿਰੁੱਧ' ਦੇ 322ਵੇਂ ਦਿਨ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਪਛਾਣੇ ਗਏ ਡਰੱਗ ਹੌਟਸਪੌਟਸ - ਨਸ਼ਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਵਾਲੀਆਂ ਥਾਵਾਂ - 'ਤੇ ਇੱਕ ਸੂਬਾ ਪੱਧਰੀ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ। ਇਹ ਤਲਾਸ਼ੀ ਅਭਿਆਨ (ਕਾਸੋ) ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਇਆ ਗਿਆ ਅਤੇ ਪੰਜਾਬ ਪੁਲਿਸ ਹੈੱਡਕੁਆਰਟਰ, ਚੰਡੀਗੜ੍ਹ ਦੇ ਸਪੈਸ਼ਲ ਡੀਜੀਪੀ/ਏਡੀਜੀਪੀ/ਆਈਜੀਪੀ/ਡੀਆਈਜੀ ਰੈਂਕ ਦੇ ਅਧਿਕਾਰੀਆਂ ਨੂੰ ਇਸ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਵੱਖ-ਵੱਖ ਜ਼ਿਲਿ$ਹਆਂ ਵਿੱਚ ਤਾਇਨਾਤ ਕੀਤਾ ਗਿਆ ਸੀ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ ਰਾਜ ਭਰ ਦੇ 831 ਡਰੱਗ ਹੌਟਸਪੌਟਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਨਤੀਜੇ ਵਜੋਂ 227 ਡਰੱਗ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 200 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 745 ਗ੍ਰਾਮ ਹੈਰੋਇਨ, 1.2 ਕਿਲੋ ਅਫੀਮ, 550 ਗ੍ਰਾਮ ਗਾਂਜਾ, 4935 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8750 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਮੋਹਾਲੀ ਵਿੱਚ ਡਰੱਗ ਹੌਟਸਪੌਟਸ 'ਤੇ ਕੀਤੀ ਇਸ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਲਈ ਦੌਰੇ 'ਤੇ ਸਨ, ਨੇ ਕਿਹਾ ਕਿ 1 ਮਾਰਚ, 2025 ਨੂੰ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਤੀਜੇ ਵਜੋਂ ਰਾਜ ਭਰ ਵਿੱਚ 45,028 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ 31,370 ਐਫਆਈਆਰਜ਼ ਦਰਜ ਕੀਤੀਆਂ ਗਈਆਂ ਅਤੇ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1961 ਕਿਲੋ ਹੈਰੋਇਨ, 607 ਕਿਲੋ ਅਫੀਮ, 27.5 ਕੁਇੰਟਲ ਭੁੱਕੀ, 47.57 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ, 28 ਕਿਲੋਗ੍ਰਾਮ ਆਈ.ਸੀ.ਈ. ਅਤੇ 15.4 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ । ਡੀਜੀਪੀ ਨੇ ਕਿਹਾ ਕਿ 45000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਪੰਜਾਬ ਪੁਲਿਸ ਨੇ ਰੋਕਥਾਮ ਦੇ ਹਿੱਸੇ ਵਜੋਂ ਰਾਜ ਭਰ ਵਿੱਚ 90,000 ਤੋਂ ਵੱਧ ਪ੍ਰਭਾਵਿਤ ਵਿਅਕਤੀਆਂ ਨੂੰ ਨਸ਼ਾ ਛੁਡਾਊ ਜਾਂ ਓਓਏਟੀ ਕੇਂਦਰਾਂ ਵਿੱਚ ਇਲਾਜ ਲਈ ਭੇਜਿਆ ਹੈ । ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ - ਲਾਗੂ ਕੀਤੀ ਹੈ। ਉਨ੍ਹਾਂ ਨੇ ਹੋਰ ਲੋਕਾਂ ਨੂੰ ਸੇਫ਼ ਪੰਜਾਬ ਹੈਲਪਲਾਈਨ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਵੀ ਕਿਹਾ ਤਾਂ ਜੋ ਨਾਗਰਿਕਾਂ ਦੀ ਪਛਾਣ ਗੁਪਤ ਰੱਖਦਿਆਂ ਉਨ੍ਹਾਂ ਵੱਲੋਂ ਦਿੱਤੀ ਸੂਚਨਾ ਦੇ ਆਧਾਰ 'ਤੇ ਨਸ਼ਿਆਂ ਅਤੇ ਨਸ਼ਾ ਕਾਰੋਬਾਰੀਆਂ ਨੂੰ ਨੱਥ ਪਾਈ ਜਾ ਸਕੇ।

### ਫੋਰੈਂਸਿਕ ਰਿਪੋਰਟ ਅਦਾਲਤੀ ਰਿਕਾਰਡ ਦਾ ਹਿੱਸਾ ਹੈ, ਸਿਆਸੀ ਰਾਏ ਨਹੀਂ: 'ਆਪ' ਦੀ ਜਾਖੜ ਤੇ ਪ੍ਰਗਟ ਸਿੰਘ ਨੂੰ ਚੇਤਾਵਨੀ

# ਅਦਾਲਤ ਵਿੱਚ ਦਰਜ ਫੋਰੈਂਸਿਕ ਨਤੀਜਿਆਂ ਨੂੰ ਸਿਆਸਤ ਲਈ ਤੋੜਿਆ-ਮਰੋੜਿਆ ਨਹੀਂ ਜਾ ਸਕਦਾ: ਅਮਨ ਅਰੋੜਾ

**ਝੂਠ ਨੂੰ ਵਾਰ-ਵਾਰ ਦੁਹਰਾਉਣ ਨਾਲ ਅਦਾਲਤ ਵਿੱਚ ਦਰਜ ਤੱਥ ਨਹੀਂ ਬਦਲਣਗੇ: ਲਾਲਜੀਤ ਸਿੰਘ ਭੁੱਲਰ**

ਚੰਡੀਗੜ੍ਹ, 17 ਜਨਵਰੀ (ਚ.ਨ.ਸ.) : ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਕਾਂਗਰਸ ਆਗੂਆਂ ਵੱਲੋਂ ਆਪ ਨੇਤਾ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੇ ਛੇੜਛਾੜ ਵਾਲੇ ਵੀਡੀਓ ਨਾਲ ਸਬੰਧਤ ਮਾਮਲੇ ਵਿੱਚ ਅਦਾਲਤ ਦੁਆਰਾ ਫੋਰੈਂਸਿਕ ਰਿਪੋਰਟ ਦੇ ਅਧਾਰ 'ਤੇ ਜਾਰੀ ਕੀਤੇ ਹੁਕਮਾਂ 'ਤੇ ਸ਼ੱਕ ਜਿਤਾ ਕੇ ਜਨਤਾ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਨਿੰਦਾ ਕੀਤੀ ਹੈ।ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਪੰਜਾਬ ਪੁਲਿਸ ਦੀ ਫੋਰੈਂਸਿਕ ਰਿਪੋਰਟ 'ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਇਹ ਮੁੱਦਾ ਹੁਣ ਸਿਆਸੀ ਅਸਹਿਮਤੀ ਤੋਂ ਕਿਤੇ ਅੱਗੇ ਵੱਧ ਚੁੱਕਾ ਹੈ ਅਤੇ ਇਹ ਸਿੱਧੇ ਤੌਰ 'ਤੇ ਅਦਾਲਤੀ ਹੁਕਮਾਂ ਨੂੰ ਚੁਣੌਤੀ ਦੇਣ ਦੇ ਬਰਾਬਰ ਹੈ।ਅਰੋੜਾ ਨੇ ਸਪੱਸ਼ਟ ਕੀਤਾ ਕਿ ਮਾਣਯੋਗ ਅਦਾਲਤ ਨੇ ਸਟੇਟ ਫੋਰੈਂਸਿਕ ਸਾਇੰਸ ਲੈਬਾਰਟਰੀ ਵੱਲੋਂ ਪੇਸ਼ ਕੀਤੀਆਂ ਫੋਰੈਂਸਿਕ ਰਿਪੋਰਟਾਂ ਦੀ ਜਾਂਚ ਕਰਨ ਤੋਂ ਬਾਅਦ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਵਾਇਰਲ ਹੋਈ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਅਸਲ ਆਡੀਓ ਵਿੱਚ ਕੋਈ ਵੀ ਇਤਰਾਜ਼ਯੋਗ ਸ਼ਬਦ ਮੌਜੂਦ ਨਹੀਂ ਸੀ। ਇਸੇ ਸਿੱਟੇ ਦੇ ਆਧਾਰ ਤੇ ਅਦਾਲਤ ਨੇ ਵੀਡੀਓ ਨੂੰ ਹਟਾਉਣ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬਲਾਕ ਕਰਨ ਦੇ ਹੁਕਮ ਦਿੱਤੇ ਸਨ।




ਅਮਨ ਅਰੋੜਾ ਨੇ ਕਿਹਾ ਕਿ ਅਦਾਲਤ ਦੇ ਸਾਹਮਣੇ ਰੱਖੇ ਗਏ ਫੋਰੈਂਸਿਕ ਨਤੀਜਿਆਂ ਤੇ ਸਵਾਲ ਉਠਾਉਣਾ ਕਿਸੇ ਸਿਆਸੀ ਪਾਰਟੀ ਜਾਂ ਸਰਕਾਰ ਤੇ ਸਵਾਲ ਉਠਾਉਣਾ ਨਹੀਂ ਹੈ। ਇਹ ਅਦਾਲਤ ਦੇ ਫੈਸਲੇ 'ਤੇ ਸਵਾਲ ਚੁੱਕਣਾ ਹੈ। ਇੱਕ ਵਾਰ ਜਦੋਂ ਅਦਾਲਤ ਨੇ ਆਪਣਾ ਫੈਸਲਾ ਸੁਣਾ ਦਿੱਤਾ, ਤਾਂ ਉਸ ਦੇ ਨਤੀਜਿਆਂ ਤੋਂ ਇਨਕਾਰ ਕਰਨਾ ਸਿਆਸਤ ਨਹੀਂ, ਸਗੋਂ ਕਾਨੂੰਨ ਦੇ ਸ਼ਾਸਨ (ਰੂਲ) ਦੀ ਮਾਨਹਾਨੀ ਹੈ।

ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਗੱਲਾਂ ਦਾ ਜਵਾਬ ਦਿੰਦਿਆਂ ਆਪ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਝੂਠੇ ਬਿਰਤਾਂਤ ਨੂੰ ਦੁਹਰਾਉਣ ਨਾਲ ਅਦਾਲਤੀ ਤੱਥ ਨਹੀਂ ਬਦਲ ਸਕਦੇ। ਉਨ੍ਹਾਂ ਕਿਹਾ ਕਿ ਅਦਾਲਤ ਨੇ ਫੋਰੈਂਸਿਕ ਸਬੂਤਾਂ ਦੀ ਜਾਂਚ ਕੀਤੀ ਅਤੇ ਆਪਣਾ ਨਤੀਜਾ ਦਰਜ ਕੀਤਾ। ਉਹ ਨਿਆਂਇਕ ਸਿੱਟਾ ਰਿਕਾਰਡ 'ਤੇ ਹੈ। ਕੋਈ ਵੀ ਸਿਆਸੀ ਵਿਆਖਿਆ ਅਦਾਲਤ ਦੁਆਰਾ ਪ੍ਰਵਾਨਿਤ ਫੋਰੈਂਸਿਕ ਰਿਪੋਰਟ ਨੂੰ ਰੱਦ ਨਹੀਂ ਕਰ ਸਕਦੀ।

ਕਾਂਗਰਸੀ ਆਗੂ ਪਰਗਟ ਸਿੰਘ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਭੁੱਲਰ ਨੇ ਕਿਹਾ ਕਿ ਛੇੜਛਾੜ ਕੀਤੇ ਗਏ ਕੰਟੈਂਟ ਦੇ ਆਧਾਰ 'ਤੇ ਧਾਰਮਿਕ ਭਾਵਨਾਵਾਂ ਨੂੰ ਵਿਵਾਦ ਵਿੱਚ ਘਸੀਟਣਾ ਬੇਹੱਦ ਗੈਰ-ਜ਼ਿੰਮੇਵਾਰਾਨਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸੱਚਾਈ ਅਤੇ ਇਮਾਨਦਾਰੀ ਦੀ ਹੱਕਦਾਰ ਹੈ, ਸਿਆਸੀ ਲਾਹੇ ਲਈ ਜਾਅਲੀ ਕਲਿੱਪਾਂ ਦੀ ਨਹੀਂ। ਜਾਅਲੀ ਸਮੱਗਰੀ ਦੇ ਬਚਾਅ ਲਈ ਗੁਰੂ ਸਾਹਿਬਾਨ ਦੇ ਸਤਿਕਾਰਤ ਨਾਮ ਦੀ ਵਰਤੋਂ ਕਰਨਾ ਹੀ ਅਸਲ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ। ਆਪ ਆਗੂਆਂ ਨੇ ਪਰਗਟ ਸਿੰਘ ਅਤੇ ਸੁਨੀਲ ਜਾਖੜ ਨੂੰ ਸਲਾਹ ਦਿੱਤੀ ਕਿ ਜਮਹੂਰੀ ਜ਼ਿੰਮੇਵਾਰੀ ਦੀ ਮੰਗ ਹੈ ਕਿ ਸਿਆਸੀ ਸਹੂਲਤਾਂ ਦੀ ਪਰਵਾਹ ਕੀਤੇ ਬਿਨਾਂ ਨਿਆਂਇਕ ਸੰਸਥਾਵਾਂ ਦਾ ਸਤਿਕਾਰ ਕੀਤਾ ਜਾਵੇ ਅਤੇ ਅਦਾਲਤੀ ਫੈਸਲਿਆਂ ਨੂੰ ਸਵੀਕਾਰ ਕੀਤਾ ਜਾਵੇ।

# ਲੁਧਿਆਣਾ, ਜਲੰਧਰ, ਸੰਗਰੂਰ, ਪਟਿਆਲਾ ਅਤੇ ਬਠਿੰਡਾ ਵਿੱਚ ਬੱਸ ਟਰਮੀਨਲਾਂ ਨੂੰ ਢਾਂਚਾਗਤ ਪੀ.ਪੀ.ਪੀ. ਮਾਡਲ ਰਾਹੀਂ ਕੀਤਾ ਜਾਵੇਗਾ ਅਪਗ੍ਰੇਡ: ਭੁੱਲਰ

**ਪੰਜਾਬ ਸਰਕਾਰ ਵੱਲੋਂ ਜਨਤਕ ਆਵਾਜਾਈ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜ ਜ਼ਿਲ੍ਹਿਆਂ ਵਿੱਚ ਬੱਸ ਟਰਮੀਨਲਾਂ ਦੇ ਆਧੁਨਿਕੀਕਰਨ ਨੂੰ ਮਨਜ਼ੂਰੀ**

ਚੰਡੀਗੜ੍ਹ, 17 ਜਨਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਪ੍ਰਮੁੱਖ ਬੱਸ ਟਰਮੀਨਲਾਂ ਦੇ ਆਧੁਨਿਕੀਕਰਨ ਲਈ ਇੱਕ ਵਿਆਪਕ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਕਿ ਜਨਤਕ ਆਵਾਜਾਈ ਦੇ ਬੁਨਿਆਦੀ ਢਾਂਚੇ ਅਤੇ ਯਾਤਰੀਆਂ ਲਈ ਬਿਹਤਰ ਸਹੂਲਤਾਂ ਯਕੀਨੀ ਬਣਾਉਣ ਵੱਲ ਇੱਕ ਅਹਿਮ ਕਦਮ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਯੋਜਨਾ ਤਹਿਤ ਲੁਧਿਆਣਾ, ਜਲੰਧਰ, ਸੰਗਰੂਰ, ਪਟਿਆਲਾ ਅਤੇ ਬਠਿੰਡਾ ਵਿੱਚ ਬੱਸ ਟਰਮੀਨਲਾਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਭਾਈਵਾਲੀ ਰਾਹੀਂ ਅਪਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸਦਾ ਉਦੇਸ਼ ਕੁਸ਼ਲਤਾ, ਸੁਰੱਖਿਆ, ਪਹੁੰਚਯੋਗਤਾ ਅਤੇ ਬਿਹਤਰ ਸੇਵਾ ਪ੍ਰਦਾਨ ਕਰਨਾ ਹੈ।

ਇਹ ਬੱਸ ਟਰਮੀਨਲ ਪੇਂਡੂ ਅਤੇ ਸ਼ਹਿਰੀ ਆਬਾਦੀ ਦੋਵਾਂ ਲਈ ਮਹੱਤਵਪੂਰਨ ਆਵਾਜਾਈ ਕੇਂਦਰ ਵਜੋਂ ਕੰਮ ਕਰਦੇ ਹਨ ਅਤੇ ਕਾਮਿਆਂ, ਵਿਦਿਆਰਥੀਆਂ, ਵਪਾਰੀਆਂ, ਸੈਲਾਨੀਆਂ ਅਤੇ ਉਦਯੋਗਿਕ ਮਜ਼ਦੂਰਾਂ ਨੂੰ ਰੋਜ਼ਾਨਾ ਆਉਣ-ਜਾਣ ਦੀ ਸਹੂਲਤ ਪ੍ਰਦਾਨ ਕਰਦੇ ਹਨ।

ਮੰਤਰੀ ਨੇ ਅੱਗੇ ਦੱਸਿਆ ਕਿ ਇਹ ਟਰਮੀਨਲ ਅੰਤਰ-ਰਾਜੀ ਸੰਪਰਕ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਸਮੇਤ ਗੁਆਂਢੀ ਸੂਬਿਆਂ ਵਿੱਚ ਆਉਣ-ਜਾਣ ਦੀ ਸਹੂਲਤ ਦਿੰਦੇ ਹਨ।

ਇਸ ਤੋਂ ਇਲਾਵਾ, ਲੁਧਿਆਣਾ ਅਤੇ ਜਲੰਧਰ ਬੱਸ ਟਰਮੀਨਲ 'ਤੇ ਰੋਜ਼ਾਨਾ 75,000 ਤੋਂ ਇੱਕ ਲੱਖ ਯਾਤਰੀਆਂ ਦੀ ਆਮਦ ਹੁੰਦੀ ਹੈ, ਜਦੋਂ ਕਿ ਪਟਿਆਲਾ ਅਤੇ ਬਠਿੰਡਾ ਵਿੱਚ ਰੋਜ਼ਾਨਾ ਲਗਭਗ 50,000 ਯਾਤਰੀ ਆਉਂਦੇ ਹਨ, ਜੋ ਪੰਜਾਬ ਦੇ ਗਤੀਸ਼ੀਲਤਾ ਵਾਲੇ ਈਕੋਸਿਸਟਮ ਵਿੱਚ ਇਹਨਾਂ ਸਹੂਲਤਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।

ਮੰਤਰੀ ਨੇ ਕਿਹਾ ਕਿ ਪੱਛਮ ਵਿੱਚ ਬਠਿੰਡਾ ਤੋਂ ਦੋਆਬਾ ਖੇਤਰ ਵਿੱਚ ਜਲੰਧਰ ਤੱਕ, ਲੁਧਿਆਣਾ ਤੋਂ ਸੰਗਰੂਰ ਅਤੇ ਪੂਰਬ ਵਿੱਚ ਪਟਿਆਲਾ ਤੱਕ, ਅਸੀਂ ਬੱਸ ਟਰਮੀਨਲਾਂ ਨੂੰ ਅਪਗ੍ਰੇਡ ਕਰ ਰਹੇ ਹਾਂ ਜਿਹਨਾਂ ਵਿੱਚ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਪੰਜਾਬ ਦੇ ਨਾਗਰਿਕ ਰੋਜ਼ਾਨਾ ਸਫ਼ਰ ਕਰਦੇ ਹਨ।

ਪੀਪੀਪੀ ਮਾਡਲ ਰਾਹੀਂ, ਇਹਨਾਂ ਪੰਜ ਟਰਮੀਨਲਾਂ ਨੂੰ ਲੋਕਾਂ ਦੇ ਰੋਜ਼ਾਨਾ ਸਫ਼ਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਸੁਰੱਖਿਅਤ ਥਾਵਾਂ, ਬਿਹਤਰ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਇਹ ਵਿਕਾਸ ਪੰਜਾਬ ਦੇ ਹਰ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਏਗਾ ਅਤੇ ਕਾਮਿਆਂ, ਵਿਦਿਆਰਥੀਆਂ ਅਤੇ ਹਰ ਵਰਗ ਦੇ ਸਫ਼ਰ ਨੂੰ ਹੋਰ ਸੁਖਾਲਾ ਬਣਾਏਗਾ। ਉਨ੍ਹਾਂ ਕਿਹਾ ਕਿ ਬੱਸ ਟਰਮੀਨਲਾਂ ਦੇ ਆਧੁਨਿਕੀਕਰਨ ਸਬੰਧੀ ਇਹ ਪਹਿਲਕਦਮੀ ਮੌਜੂਦਾ ਬੱਸ ਟਰਮੀਨਲਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਬੁਨਿਆਦੀ ਢਾਂਚੇ ਦੇ ਪਾੜੇ, ਕਾਰਜਸ਼ੀਲਤਾ ਸਬੰਧੀ ਅਸਮਰੱਥਾਵਾਂ ਅਤੇ ਨਾਕਾਫ਼ੀ ਯਾਤਰੀ ਸਹੂਲਤਾਂ ਨੂੰ ਦੂਰ ਕਰਨ ਲਈ ਤਿਆਰ ਕੀਤੀ ਗਈ ਹੈ। ਪ੍ਰੋਜੈਕਟਾਂ ਨੂੰ ਡਿਜ਼ਾਈਨ-ਬਿਲਡ-ਫਾਈਨਾਂਸ-ਓਪਰੇਟ-ਟਰਾਂਸਫਰ ਜਾਂ ਬਿਲਡ-ਓਪਰੇਟ-ਟਰਾਂਸਫਰ ਮਾਡਲਾਂ ਦੀ ਵਰਤੋਂ ਕਰਕੇ ਲਾਗੂ ਕੀਤਾ ਜਾਵੇਗਾ ਅਤੇ ਸਥਿਰਤਾ, ਗੁਣਵੱਤਾ ਵਾਲੀਆਂ ਸੇਵਾਵਾਂ, ਬਿਹਤਰ ਆਵਾਜਾਈ ਸਹੂਲਤਾਂ ਅਤੇ ਸ਼ਹਿਰੀ ਆਵਾਜਾਈ ਪ੍ਰਣਾਲੀਆਂ ਨਾਲ ਬਿਹਤਰ ਏਕੀਕਰਨ ਦੇ ਨਾਲ ਨਾਲ ਸੂਬੇ ਲਈ ਵਿੱਤੀ ਸਰੋਤਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇਗਾ।

ਇਸ ਪ੍ਰੋਜੈਕਟ ਵਿੱਚ ਸਾਰੇ ਵਰਗਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਬਜ਼ੁਰਗ ਨਾਗਰਿਕਾਂ ਅਤੇ ਅਪਾਹਜ ਵਿਅਕਤੀਆਂ ਲਈ ਨਿਰਵਿਘਨ ਪਹੁੰਚ ਅਤੇ ਆਵਾਜਾਈ ਦੀ ਸੌਖ ਲਈ ਪ੍ਰਬੰਧ ਸ਼ਾਮਲ ਕੀਤੇ ਜਾਣਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਜਨਤਕ ਆਵਾਜਾਈ ਬੁਨਿਆਦੀ ਢਾਂਚਾ ਸਮਾਜ ਦੇ ਸਾਰੇ ਵਰਗਾਂ ਲਈ ਪਹੁੰਚਯੋਗ ਅਤੇ ਸਨਮਾਨਜਨਕ ਹੋਵੇ।

ਟਰਾਂਸਪੋਰਟ ਮੰਤਰੀ ਨੇ ਅੱਗੇ ਕਿਹਾ, ਇਸ ਪਹਿਲਕਦਮੀ ਰਾਹੀਂ, ਪੰਜਾਬ ਸਰਕਾਰ ਦਾ ਉਦੇਸ਼ ਰੋਜ਼ਾਨਾ ਵਰਤੋਂ ਵਾਲੇ ਜਨਤਕ ਬੁਨਿਆਦੀ ਢਾਂਚੇ ਨੂੰ ਬਿਹਤਰ ਢੰਗ ਨਾਲ ਅਪਗ੍ਰੇਡ ਕਰਨਾ, ਲੱਖਾਂ ਨਾਗਰਿਕਾਂ ਦੇ ਰੋਜ਼ਾਨਾ ਸਫ਼ਰ ਨੂੰ ਬਿਹਤਰ ਬਣਾਉਣਾ ਅਤੇ ਸੂਬੇ ਵਿੱਚ ਆਧੁਨਿਕ, ਕੁਸ਼ਲ ਅਤੇ ਲੋਕ ਪੱਖੀ ਬੱਸ ਟਰਮੀਨਲਾਂ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਨਾ ਹੈ।

# ਐਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ -2024 ਵਿੱਚ ਪੰਜਾਬ ਨੂੰ 'ਲੀਡਰ ਸਟੇਟ' ਵਜੋਂ ਮਿਲੀ ਮਾਨਤਾ : ਸੰਜੀਵ ਅਰੋੜਾ

ਚੰਡੀਗੜ੍ਹ, 17 ਜਨਵਰੀ (ਚ.ਨ.ਸ.): ਨੀਤੀ ਆਯੋਗ ਵੱਲੋਂ ਜਾਰੀ ਕੀਤੇ ਗਏ ਐਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ (ਈ.ਪੀ.ਆਈ.) 2024 ਵਿੱਚ ਪੰਜਾਬ ਨੇ 'ਲੀਡਰ ਸਟੇਟ' ਵਜੋਂ ਨਾਮਣਾ ਖੱਟਿਆ ਹੈ। ਇਹ ਜਾਣਕਾਰੀ ਪੰਜਾਬ ਦੇ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ, ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੇ ਸਾਂਝੀ ਕੀਤੀ। ਐਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ (ਈ.ਪੀ.ਆਈ.) ਇੱਕ ਵਿਆਪਕ, ਡੇਟਾ-ਅਧਾਰਤ ਢਾਂਚਾ ਹੈ, ਜੋ ਨੀਤੀ ਆਯੋਗ ਦੁਆਰਾ ਭਾਰਤ ਦੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਨਿਰਯਾਤ ਸਬੰਧੀ ਤਿਆਰੀ ਦਾ ਮੁਲਾਂਕਣ ਕਰਨ ਲਈ ਵਿਕਸਤ ਕੀਤਾ ਗਿਆ ਹੈ। ਇਸ ਢਾਂਚੇ ਤਹਿਤ ਚਾਰ ਮੁੱਖ ਥੰਮ੍ਹਾਂ - ਨੀਤੀ ਢਾਂਚਾ, ਵਪਾਰਕ ਵਾਤਾਵਰਣ, ਨਿਰਯਾਤ ਈਕੋਸਿਸਟਮ ਅਤੇ ਨਿਰਯਾਤ ਵਿੱਚ ਕੀਤੇ ਪ੍ਰਦਰਸ਼ਨ ਦੇ ਆਧਾਰ 'ਤੇ ਸੰਸਥਾਗਤ ਸਮਰੱਥਾ, ਖੋਜ ਅਤੇ ਵਿਕਾਸ ਬੁਨਿਆਦੀ ਢਾਂਚਾ, ਲੌਜਿਸਟਿਕਸ ਅਤੇ ਟਰਾਂਸਪੋਰਟ ਕਨੈਕਟੀਵਿਟੀ ਸਮੇਤ 70 ਤੋਂ ਵੱਧ ਸੂਚਕਾਂ ਦਾ ਅਧਿਐਨ ਕਰਦਿਆਂ ਮੁਲਾਂਕਣ ਕੀਤਾ ਜਾਂਦਾ ਹੈ । ਜਿੱਥੇ ਸੂਚਕਾਂਕ ਪ੍ਰਤੀਯੋਗੀ ਸੰਘਵਾਦ ਨੂੰ ਉਤਸ਼ਾਹਿਤ ਕਰਦਾ ਹੈ ਉੱਥੇ ਹੀ ਰਾਜਾਂ ਨੂੰ ਆਲਮੀ ਵਪਾਰ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਰਣਨੀਤਕ ਖੇਤਰਾਂ ਦੀ ਪਛਾਣ ਕਰਨ ਦੇ ਯੋਗ ਵੀ ਬਣਾਉਂਦਾ ਹੈ। ਜ਼ਿਕਰਯੋਗ ਹੈ ਕਿ ਈ.ਪੀ.ਆਈ.- 2024 ਰਿਪੋਰਟ ਨੀਤੀ ਆਯੋਗ ਦੇ ਸੀ.ਈ.ਓ. ਬੀ.ਵੀ.ਆਰ. ਸੁਬ੍ਰਾਹਮਣੀਅਮ ਅਤੇ ਨੀਤੀ ਆਯੋਗ ਦੇ ਮੈਂਬਰ ਅਰਵਿੰਦ ਵਿਰਮਾਨੀ ਵੱਲੋਂ ਜਾਰੀ ਕੀਤੀ ਗਈ, ਜਿਨ੍ਹਾਂ ਨੇ ਇਸ ਸਾਲ ਦੇ ਮੁਲਾਂਕਣ ਵਿੱਚ ਕਾਰਗੁਜ਼ਾਰੀ ਅਤੇ ਮਹੱਤਵਪੂਰਨ ਲਾਭਾਂ ਲਈ ਪੰਜਾਬ ਦੀ ਪ੍ਰਸ਼ੰਸਾ ਕੀਤੀ ਜੋ ਮਜ਼ਬੂਤ ਨੀਤੀਗਤ ਸਹਾਇਤਾ, ਬੁਨਿਆਦੀ ਢਾਂਚਾ ਵਿਕਾਸ ਅਤੇ ਵਧ ਰਹੇ ਨਿਰਯਾਤ ਵਾਤਾਵਰਣ ਦਾ ਪ੍ਰਤੱਖ ਪ੍ਰਮਾਣ ਹੈ।

ਕਾਰੋਬਾਰ ਕਰਨ ਵਿੱਚ ਆਸਾਨੀ ਸਬੰਧੀ ਸੁਧਾਰ ਜਿਸ ਵਿੱਚ ਆਸਾਨ ਰੈਗੂਲੇਟਰੀ ਪ੍ਰਵਾਨਗੀਆਂ ਅਤੇ ਲਾਈਸੈਂਸਿੰਗ ਸ਼ਾਮਲ ਹੈ। ਇਹ ਇੱਕ ਲਚਕੀਲਾ ਨਿਰਯਾਤ ਈਕੋਸਿਸਟਮ ਹੈ ਜੋ ਐਮ.ਐਸ.ਐਮ.ਈਜ਼. ਦੇ ਨਾਲ-ਨਾਲ ਵੱਡੇ ਪੱਧਰ 'ਤੇ ਨਿਰਯਾਤਕਾਂ ਦਾ ਸਮਰਥਨ ਕਰਦਾ ਹੈ ਅਤੇ ਬਿਨਾਂ ਭੂਗੋਲਿਕ ਰੁਕਾਵਟਾਂ ਤੋਂ ਸੰਸਥਾਗਤ ਮਜ਼ਬੂਤੀ ਅਤੇ ਲੌਜਿਸਟਿਕਸ ਸਹੂਲਤ ਪ੍ਰਦਾਨ ਕਰ ਕੇ ਮੁਕਾਬਲੇਬਾਜ਼ੀ ਦੇ ਸਮਰੱਥ ਬਣਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਨੇ ਲਗਾਤਾਰ ਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ ਜਿਸ ਵਿੱਚ ਕਾਰੋਬਾਰ ਕਰਨ ਵਿੱਚ ਆਸਾਨੀ 2024 ਵਿੱਚ ਟਾਪ ਅਚੀਵਰ ਦਾ ਦਰਜਾ ਪ੍ਰਾਪਤ ਕਰਨਾ ਅਤੇ ਓਡੀਓਪੀ ਐਵਾਰਡ- 2024 ਵਿੱਚ ਰਾਜ ਸ਼੍ਰੇਣੀ ਵਿੱਚ ਸੋਨ ਤਗਮਾ ਜਿੱਤਣਾ ਸ਼ਾਮਲ ਹੈ, ਜੋ ਸੂਬੇ ਦੇ ਕਾਰੋਬਾਰ-ਅਨੁਕੂਲ ਅਤੇ ਸੁਧਾਰ-ਅਧਾਰਤ ਸ਼ਾਸਨ ਦਾ ਜਿਉਂਦਾ-ਜਾਗਦਾ ਸਬੂਤ ਹੈ। ਕੈਬਨਿਟ ਮੰਤਰੀ ਨੇ ਇਨ੍ਹਾਂ ਸੁਧਾਰਾਂ ਨੂੰ ਹੋਰ ਪਕੇਰਾ ਕਰਨ ਅਤੇ ਨਿਰਯਾਤ-ਮੁਖੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦ੍ਰਿੜਾਈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਇੱਕ ਵਿਸ਼ਵਵਿਆਪੀ ਨਿਰਯਾਤ ਪਾਵਰਹਾਊਸ ਬਣਨ ਵੱਲ ਭਾਰਤ ਦੇ ਸਫ਼ਰ ਵਿੱਚ ਅਹਿਮ ਤੇ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਹੇ।

# ਹਰਿਆਣਾ ਦੇ ਮੁੱਖ ਮੰਤਰੀ ਦਾ ਬਿਆਨ ਝੂਠ ਦਾ ਪੁਲੰਦਾ, ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਹਰੇਕ ਪਰਿਵਾਰ ਨੂੰ ਮੁਆਵਜ਼ਾ ਦਿੱਤਾ: ਬਲਤੇਜ ਪੰਨੂ

ਚੰਡੀਗੜ੍ਹ, 17 ਜਨਵਰੀ (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਪੰਜਾਬ ਵਿੱਚ ਹੜ੍ਹ ਪ੍ਰਭਾਵਿਤਾਂ ਦੇ ਮੁਆਵਜ਼ੇ ਨੂੰ ਲੈ ਕੇ ਦਿੱਤੇ ਗਏ ਬਿਆਨ 'ਤੇ ਪਲਟਵਾਰ ਕੀਤਾ ਹੈ। ਪੰਨੂ ਨੇ ਸੈਣੀ ਦੇ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨੂੰ ਪੰਜਾਬ ਦੀ ਚਿੰਤਾ ਕਰਨ ਦੀ ਬਜਾਏ ਕੇਂਦਰ ਸਰਕਾਰ ਤੋਂ ਪੰਜਾਬ ਦੇ ਬਕਾਏ ਦਾ ਹਿਸਾਬ ਮੰਗਣਾ ਚਾਹੀਦਾ ਹੈ। ਪੰਨੂ ਨੇ ਕਿਹਾ ਕਿ ਸੈਣੀ ਸਾਹਿਬ ਤੁਸੀਂ ਖੁਦ ਇੱਕ ਸੂਬੇ ਦੇ ਮੁੱਖ ਮੰਤਰੀ ਹੋ ਪਰ ਹਰਿਆਣਾ ਨਾਲੋਂ ਜ਼ਿਆਦਾ ਪੰਜਾਬ ਦੇ ਦੌਰਿਆਂ 'ਤੇ ਰਹਿੰਦੇ ਹੋ। ਚੰਗਾ ਹੁੰਦਾ ਜੇਕਰ ਬਿਆਨਬਾਜ਼ੀ ਤੋਂ ਪਹਿਲਾਂ ਤੁਸੀਂ ਜ਼ਮੀਨੀ ਪੱਧਰ 'ਤੇ ਜਾ ਕੇ ਪਤਾ ਕਰਦੇ। ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਇੱਕ-ਇੱਕ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਹੈ। ਚਾਹੇ ਉਹ ਟੁੱਟੇ ਹੋਏ ਘਰ ਹੋਣ, ਮਾਰੇ ਗਏ ਪਸ਼ੂ ਹੋਣ ਜਾਂ ਕਿਸੇ ਪਰਿਵਾਰ ਵਿੱਚ ਹੋਈ ਦੁਖਦਾਈ ਮੌਤ, ਪੰਜਾਬ ਸਰਕਾਰ ਨੇ ਹਰ ਪੀੜਤ ਦਾ ਹੱਥ ਫੜਿਆ ਹੈ। ਕੇਂਦਰ 'ਤੇ ਨਿਸ਼ਾਨਾ ਸਾਧਦਿਆਂ ਪੰਨੂ ਨੇ ਸਵਾਲ ਕੀਤਾ ਕਿ ਪੰਜਾਬ ਦੌਰੇ ਸਮੇਂ ਪ੍ਰਧਾਨ ਮੰਤਰੀ ਨੇ ਹੜ੍ਹ ਰਾਹਤ ਲਈ ਜਿਸ 1600 ਕਰੋੜ ਰੁਪਏ ਦੀ ਟੋਕਨ ਮਨੀ ਦਾ ਐਲਾਨ ਕੀਤਾ ਸੀ, ਉਹ ਕਿੱਥੇ ਹੈ ? ਜਦੋਂ ਕੇਂਦਰ ਨੇ ਟੋਕਨ ਦੇ ਪੈਸੇ ਹੀ ਨਹੀਂ ਭੇਜੇ, ਤਾਂ ਬਾਕੀ ਮੱਦਦ ਦੀ ਉਮੀਦ ਕੀ ਕੀਤੀ ਜਾਵੇ ? ਕੇਂਦਰ ਦਾ ਪੰਜਾਬ ਵਿਰੋਧੀ ਚਿਹਰਾ ਸਭ ਦੇ ਸਾਹਮਣੇ ਬੇਨਕਾਬ ਹੋ ਚੁੱਕਾ ਹੈ। ਪੰਨੂ ਨੇ ਕਿਹਾ ਕਿ ਜੇਕਰ ਸੈਣੀ ਸਾਹਿਬ ਨੇ ਪ੍ਰੈੱਸ ਕਾਨਫਰੰਸ ਹੀ ਕਰਨੀ ਹੈ, ਤਾਂ ਬੰਦ ਕਮਰਿਆਂ ਦੀ ਬਜਾਏ ਹੜ੍ਹ ਪ੍ਰਭਾਵਿਤ ਲੋਕਾਂ ਦੇ ਵਿਚਕਾਰ ਜਾ ਕੇ ਕਰਨ। ਉੱਥੋਂ ਦੀ ਜਨਤਾ ਤੁਹਾਨੂੰ ਦੱਸੇਗੀ ਕਿ ਮੁਸ਼ਕਲ ਸਮੇਂ ਵਿੱਚ ਕਿਸ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ। ਉਨ੍ਹਾਂ ਕਿਹਾ ਕਿ ਤੁਹਾਡੀ ਆਪਣੀ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਦੀ 'ਜਿਸਦਾ ਖੇਤ, ਉਸਦੀ ਰੇਤ' ਪਾਲਿਸੀ ਦੀ ਤਾਰੀਫ ਹੋਈ ਹੈ, ਜੋ ਕਿਸਾਨਾਂ ਦੇ ਹਿੱਤ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਹੈ।



ਪੰਨੂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਅਤੇ ਪੰਜਾਬੀਆਂ ਨੇ ਹਮੇਸ਼ਾ ਆਪਣੇ ਦਮ 'ਤੇ ਮੁਸੀਬਤ ਦਾ ਸਾਹਮਣਾ ਕੀਤਾ ਹੈ। ਪੰਜਾਬ ਸਰਕਾਰ ਹਰ ਪੰਜਾਬੀ ਦੇ ਮਾੜੇ ਸਮੇਂ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ। ਪੰਜਾਬ ਨੂੰ ਮਦਦ ਜਾਂ ਨਸੀਹਤ ਲਈ ਤੁਹਾਡੇ ਵਰਗੇ ਆਗੂਆਂ ਦੀ ਲੋੜ ਨਹੀਂ ਹੈ। 'ਆਪ' ਆਗੂ ਨੇ ਕਿਹਾ ਕਿ ਸੈਣੀ ਸਾਹਿਬ ਤੁਹਾਨੂੰ ਆਪਣੀ ਊਰਜਾ ਹਰਿਆਣਾ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਕੇਂਦਰ ਤੋਂ ਪੰਜਾਬ ਦਾ ਬਕਾਇਆ ਦਿਵਾਉਣ ਵਿੱਚ ਲਗਾਉਣੀ ਚਾਹੀਦੀ ਹੈ, ਨਾ ਕਿ ਗੁੰਮਰਾਹਕੁੰਨ ਬਿਆਨਬਾਜ਼ੀ ਵਿੱਚ।

# ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਯਤਨਾਂ ਸਦਕਾ ਵਿਦਿਸ਼ਾ ਖੇਤਰ ਨੂੰ ਮੈਗਾ ਸੜਕ ਵਿਕਾਸ ਦਾ ਤੋਹ.ਫਾ ਮਿਲਿਆ

**ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸ਼ਿਵਰਾਜ ਦੇ ਵਿਜ਼ਨ ਨੂੰ ਸਵੀਕਾਰ ਕੀਤਾ, 16,000 ਕਰੋੜ ਦੇ ਵਿਦਿਸ਼ਾ-ਸਾਗਰ-ਕੋਟਾ ਪ੍ਰੋਜੈਕਟ ਨੂੰ ਗ੍ਰੀਨਫੀਲਡ ਐਕਸਪ੍ਰੈਸਵੇਅ ਮਨਜ਼ੂਰ ਕੀਤਾ**

ਵਿਦਿਸ਼ਾ/ਭੋਪਾਲ/ਨਵੀਂ ਦਿੱਲੀ, 17 ਜਨਵਰੀ (ਚ.ਨ.ਸ.) : ਵਿਦਿਸ਼ਾ ਸੰਸਦੀ ਖੇਤਰ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਨੂੰ ਅੱਜ ਸੜਕ ਵਿਕਾਸ ਦਾ ਇਤਿਹਾਸਕ ਤੋਹਫ਼ਾ ਮਿਲਿਆ, ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਦੇ ਵਿਸ਼ੇਸ਼ ਯਤਨਾਂ ਸਦਕਾ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਸ਼੍ਰੀ ਨਿਤਿਨ ਗਡਕਰੀ ਨੇ ਵਿਦਿਸ਼ਾ ਵਿੱਚ ਲੱਗਭੱਗ 4,400 ਕਰੋੜ ਦੇ ਅੱਠ ਰਾਸ਼ਟਰੀ ਰਾਜਮਾਰਗ ਪ੍ਰੋਜੈਕਟਾਂ ਦਾ ਨੀਂਹ ਪੱਥਰ ਅਤੇ ਉਦਘਾਟਨ ਕੀਤਾ। ਉਨ੍ਹਾਂ ਨੇ ਲੱਗਭੱਗ 450 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਵੀ ਕੀਤਾ। ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਆਪਣੀ ਮੌਜੂਦਗੀ ਨਾਲ ਇਸ ਸਮਾਗਮ ਦੀ ਸ਼ੋਭਾ ਵਧਾਈ।

ਕੇਂਦਰੀ ਮੰਤਰੀ ਸ਼੍ਰੀ ਗਡਕਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਮੁੱਖ ਮੰਤਰੀ ਦੀ ਮੌਜੂਦਗੀ ਵਿੱਚ, ਰਾਏਸੇਨ-ਵਿਦਿਸ਼ਾ ਰਾਸ਼ਟਰੀ ਰਾਜਮਾਰਗ, ਵਿਦਿਸ਼ਾ-ਗਿਆਰਸਪੁਰ, ਗਿਆਰਸਪੁਰ-ਰਾਹਤਗੜ੍ਹ ਅਤੇ ਰਿਹਾਤਗੜ੍ਹ ਤੋਂ ਸਾਗਰ ਰਾਸ਼ਟਰੀ ਰਾਜਮਾਰਗ ਦੇ ਨਿਰਮਾਣ ਅਤੇ ਚੌੜਾਈ ਲਈ ਨੀਂਹ ਪੱਥਰ ਰੱਖਿਆ ਗਿਆ ਅਤੇ ਉਦਘਾਟਨ ਕੀਤਾ ਗਿਆ। ਰਤਾਪਾਨੀ ਸੈਂਕਚੂਰੀ ਵਿੱਚੋਂ ਲੰਘਦੀ ਇੱਕ ਸ਼ਾਨਦਾਰ ਰਾਸ਼ਟਰੀ ਰਾਜਮਾਰਗ, ਇਟਾਰਸੀ-ਬੁੱਧਨੀ-ਬਰਖੇੜਾ-ਓਬੇਦੁਲਾਗੰਜ ਸੜਕ ਦਾ ਵੀ ਉਦਘਾਟਨ ਕੀਤਾ ਗਿਆ, ਜਿਸ ਨਾਲ ਪੂਰੇ ਖੇਤਰ ਵਿੱਚ ਸੰਪਰਕ ਨੂੰ ਇੱਕ ਨਵੀਂ ਗਤੀ ਮਿਲੀ। ਸ਼੍ਰੀ ਨਿਤਿਨ ਗਡਕਰੀ ਨੇ ਸਟੇਜ ਤੋਂ ਐਲਾਨ ਕੀਤਾ ਕਿ ਵਿਦਿਸ਼ਾ-ਸਾਗਰ-ਕੋਟਾ ਗ੍ਰੀਨਫੀਲਡ ਐਕਸਪ੍ਰੈਸਵੇਅ, ਜਿਸਦੀ ਕੀਮਤ ਲੱਗਭੱਗ 16,000 ਕਰੋੜ ਹੈ, ਨੂੰ ਪੂਰਾ ਕੀਤਾ ਜਾਵੇਗਾ। ਇਸਨੂੰ 1,000 ਕਰੋੜ ਰੁਪਏ ਦੀ ਲਾਗਤ ਨਾਲ ਮਨਜ਼ੂਰੀ ਦਿੱਤੀ ਗਈ ਹੈ, ਜੋ ਦੂਰੀ ਨੂੰ ਲੱਗਭੱਗ 75 ਕਿੱਲੋਮੀਟਰ ਘਟਾ ਦੇਵੇਗਾ ਅਤੇ ਇੱਕ ਨਵੇਂ ਆਰਥਿਕ ਗਲਿਆਰੇ ਵਜੋਂ ਕੰਮ ਕਰੇਗਾ, ਜੋ ਦਿੱਲੀ-ਮੁੰਬਈ ਅਤੇ ਭੋਪਾਲ-ਕਾਨਪੁਰ ਐਕਸਪ੍ਰੈਸਵੇਅ ਵਰਗੇ ਪ੍ਰਮੁੱਖ ਐਕਸਪ੍ਰੈਸਵੇਅ ਨਾਲ ਜੋੜੇਗਾ। ਸ਼ਿਵਰਾਜ ਸਿੰਘ ਚੌਹਾਨ ਦੀ ਬੇਨਤੀ 'ਤੇ, ਨਸਰੂਲਾਗੰਜ-ਰਹਿਤੀ-ਬੁੱਧਨੀ ਸੜਕ ਅਤੇ ਗੋਪਾਲਪੁਰ-ਭੇਰੂੰਡਾ ਸੜਕ ਨੂੰ ਚਾਰ-ਮਾਰਗੀ, ਸੀਮਿੰਟ-ਕੰਕਰੀਟ ਸੜਕ ਵਿਕਾਸ ਲਈ ਮਨਜ਼ੂਰੀ ਦਿੱਤੀ ਗਈ ਸੀ, ਜਿਸ ਨਾਲ ਵਿਦਿਸ਼ਾ ਸੰਸਦੀ ਹਲਕੇ ਅਤੇ ਨਰਮਦਾਪੁਰਮ-ਸਿਹੋਰ ਪੱਟੀ ਵਿੱਚ ਆਵਾਜਾਈ ਅਤੇ ਵਪਾਰ ਨੂੰ ਕਾਫ਼ੀ ਲਾਭ ਹੋਵੇਗਾ। ਨਿਤਿਨ ਗਡਕਰੀ ਨੇ ਮੱਧ ਪ੍ਰਦੇਸ਼ ਲਈ 1,600 ਕਰੋੜ ਰੁਪਏ ਦੀ ਸੀਆਰਐਫ ਗ੍ਰਾਂਟ ਦਾ ਐਲਾਨ ਕੀਤਾ, ਜਿਸ ਵਿੱਚ ਸ਼ਿਵਰਾਜ ਸਿੰਘ ਚੌਹਾਨ ਦੇ ਸੰਸਦੀ ਹਲਕੇ ਦੇ ਅੱਠ ਵਿਦਿਸ਼ਾ ਵਿਧਾਨ ਸਭਾ ਹਲਕਿਆਂ ਲਈ ਵਿਸ਼ੇਸ਼ ਤੌਰ 'ਤੇ 400 ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਜੋ ਕਿ ਪ੍ਰਤੀ ਹਲਕਾ 50 ਕਰੋੜ ਰੁਪਏ ਹੈ। ਕੇਂਦਰੀ ਮੰਤਰੀ ਸ਼੍ਰੀ ਚੌਹਾਨ ਨੇ ਕਿਹਾ ਕਿ ਇਸ ਰਕਮ ਦੀ ਵਰਤੋਂ ਹਰ ਪਿੰਡ ਵਿੱਚ ਇੱਕ ਮਜ਼ਬੂਤ ਸੜਕੀ ਨੈੱਟਵਰਕ ਬਣਾਉਣ ਲਈ ਕੀਤੀ ਜਾਵੇਗੀ, ਜਿਸ ਨਾਲ ਕਿਸਾਨਾਂ ਦੇ ਉਤਪਾਦਨ, ਉਦਯੋਗ ਅਤੇ ਸੈਰ-ਸਪਾਟੇ ਨੂੰ ਸਿੱਧਾ ਲਾਭ ਹੋਵੇਗਾ।



ਇਸ ਸਮਾਗਮ ਵਿੱਚ, ਸ਼ਿਵਰਾਜ ਸਿੰਘ ਚੌਹਾਨ ਨੇ ਅਪੀਲ ਕੀਤੀ ਕਿ ਵਿਦਿਸ਼ਾ ਦੇ ਦੱਖਣੀ ਬਾਈਪਾਸ ਤੋਂ ਇਲਾਵਾ ਇੱਕ ਉੱਤਰੀ ਬਾਈਪਾਸ ਬਣਾਇਆ ਜਾਵੇ, ਤਾਂ ਜੋ ਵਿਦਿਸ਼ਾ ਨੂੰ ਸਾਰੇ ਪਾਸਿਆਂ ਤੋਂ ਰਿੰਗ ਰੋਡ ਵਜੋਂ ਵਿਕਸਤ ਕੀਤਾ ਜਾ ਸਕੇ ਅਤੇ ਸ਼ਹਿਰ ਵਿੱਚ ਆਵਾਜਾਈ ਦਾ ਪ੍ਰਵਾਹ ਸੁਚਾਰੂ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜਦੋਂ ਉਹ ਮੁੱਖ ਮੰਤਰੀ ਸਨ, ਤਾਂ ਨਰਮਦਾ-ਕਸ਼ਿਪਰਾ ਲਿੰਕ ਬਣਾਇਆ ਗਿਆ ਸੀ। ਹੁਣ, ਨਰਮਦਾ-ਬੇਤਵਾ ਨੂੰ ਜੋੜਨ ਨਾਲ ਵਿਦਿਸ਼ਾ, ਰਾਏਸੇਨ ਅਤੇ ਆਲੇ ਦੁਆਲੇ ਦੇ ਖੇਤਰ ਵਿੱਚ ਸਿੰਚਾਈ, ਪੀਣ ਵਾਲੇ ਪਾਣੀ ਅਤੇ ਉਦਯੋਗਿਕ ਵਿਕਾਸ ਲਈ ਨਵੇਂ ਮੌਕੇ ਮਿਲਣਗੇ। ਇਸ ਤੋਂ ਇਲਾਵਾ, ਬੇਤਵਾ ਨਦੀ ਦੇ ਸੁੰਦਰੀਕਰਨ, ਘਾਟ, ਭੂਮੀਗਤ ਤਾਰਾਂ, ਇੱਕ ਖੇਡ ਕੰਪਲੈਕਸ ਅਤੇ ਰਾਏਸੇਨ ਮੈਡੀਕਲ ਕਾਲਜ ਵਰਗੇ ਪ੍ਰੋਜੈਕਟ ਖੇਤਰੀ ਵਿਕਾਸ ਨੂੰ ਇੱਕ ਨਵੀਂ ਗਤੀ ਪ੍ਰਦਾਨ ਕਰਨਗੇ।

# ਬਰਿੰਦਰ ਕੁਮਾਰ ਗੋਇਲ ਵੱਲੋਂ ਭਾਰਤੀ ਭੂ-ਵਿਗਿਆਨ ਸਰਵੇਖਣ ਅਤੇ ਪੰਜਾਬ ਖਣਨ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ

ਚੰਡੀਗੜ੍ਹ, 17 ਜਨਵਰੀ (ਚ.ਨ.ਸ.) :ਪੰਜਾਬ ਵਿੱਚ ਧਰਤੀ ਹੇਠੋਂ ਪੋਟਾਸ਼ ਦੀ ਖੋਜ ਕਰਨ ਸਬੰਧੀ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਭਾਰਤ ਦੀ ਪੋਟਾਸ਼ ਦਰਾਮਦ 'ਤੇ ਭਾਰੀ ਨਿਰਭਰਤਾ ਨੂੰ ਘਟਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਖੇਤੀਬਾੜੀ ਲਈ ਲਾਹੇਵੰਦ ਘਰੇਲੂ ਖਣਿਜ ਸਰੋਤਾਂ ਨੂੰ ਮਜ਼ਬੂਤ ਕਰਨ ਲਈ ਯਤਨ ਤੇਜ਼ ਕਰ ਦਿੱਤੇ ਹਨ। ਇਸ ਲੜੀ ਤਹਿਤ ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਦੀ ਪ੍ਰਧਾਨਗੀ ਹੇਠ ਪੰਜਾਬ ਸਿਵਲ ਸਕੱਤਰੇਤ ਵਿਖੇ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕਰਕੇ ਪੰਜਾਬ ਵਿੱਚ ਪੋਟਾਸ਼ ਭੰਡਾਰ ਵਾਲੇ ਮੁੱਖ ਸੰਭਾਵੀ ਖੇਤਰਾਂ ਵਿੱਚ ਖੋਜ ਲਈ ਸਮਾਂ-ਸੀਮਾਵਾਂ ਨਿਰਧਾਰਤ ਕਰਨ ਸਣੇ ਇਸ ਸਬੰਧੀ ਚਲ ਰਹੇ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ ਅਤੇ ਭਵਿੱਖੀ ਤਰਜੀਹਾਂ ਤੈਅ ਕੀਤੀਆਂ ਗਈਆਂ। ਮੀਟਿੰਗ ਵਿੱਚ ਭਾਰਤੀ ਭੂ-ਵਿਗਿਆਨ ਸਰਵੇਖਣ (ਜੀ.ਐਸ.ਆਈ.) ਦੇ ਡਿਪਟੀ ਡਾਇਰੈਕਟਰ ਜਨਰਲ (ਪੰਜਾਬ, ਹਿਮਾਚਲ ਅਤੇ ਹਰਿਆਣਾ) ਮੈਡਮ ਗੁਪਤਾ, ਡਾਇਰੈਕਟਰ ਸ੍ਰੀਮਤੀ ਸੁਸ਼ਰੀ ਮਿਸ਼ਰਾ ਅਤੇ ਸ੍ਰੀਮਤੀ ਅਪਰਾਜੀਤਾ ਭੱਟਾਚਾਰਜੀ ਅਤੇ ਖਣਨ ਅਤੇ ਭੂ-ਵਿਗਿਆਨ ਵਿਭਾਗ ਪੰਜਾਬ ਤੋਂ ਮੁੱਖ ਇੰਜੀਨੀਅਰ ਹਰਦੀਪ ਸਿੰਘ ਮੈਂਦੀਰੱਤਾ ਅਤੇ ਸਹਾਇਕ ਭੂ-ਵਿਗਿਆਨੀ ਸ੍ਰੀ ਪਾਰਸ ਮਹਾਜਨ ਸ਼ਾਮਲ ਹੋਏ। ਮੀਟਿੰਗ ਵਿੱਚ ਫੀਲਡ ਸੀਜ਼ਨ 2025-26 ਦੌਰਾਨ ਮੁਕੰਮਲ ਹੋਏ ਖੋਜ ਬਲਾਕਾਂ ਦੀ ਸਥਿਤੀ ਅਤੇ ਚਲ ਰਹੀਆਂ ਡ੍ਰਿਲਿੰਗ ਗਤੀਵਿਧੀਆਂ ਦੀ ਸਮੀਖਿਆ ਕਰਨ ਸਣੇ ਫੀਲਡ ਸੀਜ਼ਨ 2026-27 ਲਈ ਪ੍ਰਸਤਾਵਿਤ ਖੋਜ ਅਤੇ ਸ਼ੁਰੂਆਤੀ ਖੋਜ ਪ੍ਰੋਗਰਾਮਾਂ ਦਾ ਖਾਕਾ ਉਲੀਕਿਆ ਗਿਆ। ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਪੋਟਾਸ਼ ਦੀ ਵੱਡੀ ਸੰਭਾਵਨਾ ਵਜੋਂ ਪਛਾਣੇ ਗਏ ਫ਼ਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ, ਜਿੱਥੇ ਪੋਟਾਸ਼ ਦੀਆਂ ਵੱਡੀਆਂ ਸੰਭਾਵਨਾਵਾਂ ਦੀ ਪਛਾਣ ਕੀਤੀ ਗਈ ਹੈ। ਮੰਤਰੀ ਨੂੰ ਜਾਣਕਾਰੀ ਦਿੰਦਿਆਂ ਜੀ.ਐਸ.ਆਈ. ਦੇ ਨੁਮਾਇੰਦਿਆਂ ਨੇ ਦੱਸਿਆ ਕਿ ਕਬਰਵਾਲਾ ਬਲਾਕ ਅਤੇ ਸ਼ੇਰਗੜ੍ਹ-ਦਲਮੀਰਖੇੜਾ ਬਲਾਕ ਵਿੱਚ ਜੀ-4 ਪੜਾਅ ਦੀ ਖੋਜ ਪੂਰੀ ਹੋ ਚੁੱਕੀ ਹੈ ਅਤੇ ਇਸ ਸਬੰਧੀ ਭੂ-ਵਿਗਿਆਨਕ ਮੈਮੋਰੰਡਮ ਰਾਜ ਸਰਕਾਰ ਨੂੰ ਸੌਂਪੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੀ ਸਹਿਮਤੀ ਤੋਂ ਬਾਅਦ ਸ਼ੇਰਗੜ੍ਹ-ਸ਼ੇਰਾਵਾਲਾ-ਰਾਮਸਰਾ-ਦਲਮੀਰਖੇੜਾ ਦਾ ਸਾਂਝਾ ਬਲਾਕ ਖਣਨ ਮੰਤਰਾਲੇ ਵੱਲੋਂ ਛੇਵੇਂ ਪੜਾਅ ਵਿੱਚ ਕੰਪੋਜ਼ਿਟ ਲਾਇਸੈਂਸ ਦੀ ਨਿਲਾਮੀ ਲਈ ਰੱਖਿਆ ਗਿਆ ਹੈ ਜਿਸਦੇ ਨਤੀਜਿਆਂ ਦੀ ਹਾਲੇ ਉਡੀਕ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰਾਜਪੁਰਾ-ਰਾਜਾਵਾਲੀ ਬਲਾਕ ਅਤੇ ਗਿੱਦੜਾਂਵਾਲੀ-ਅਜ਼ੀਮਗੜ੍ਹ ਬਲਾਕ ਵਿੱਚ ਛੇ ਥਾਵਾਂ 'ਤੇ ਡ੍ਰਿਲਿੰਗ ਚੱਲ ਰਹੀ ਹੈ, ਜਿਨ੍ਹਾਂ ਵਿੱਚੋਂ ਪੰਜ ਥਾਵਾਂ 'ਤੇ ਕੰਮ ਪੂਰਾ ਹੋ ਗਿਆ ਹੈ ਅਤੇ ਰਸਾਇਣਕ ਵਿਸ਼ਲੇਸ਼ਣ ਤੋਂ ਬਾਅਦ ਅੰਤਿਮ ਰਿਪੋਰਟਾਂ ਅਪ੍ਰੈਲ ਤੱਕ ਆਉਣ ਦੀ ਉਮੀਦ ਹੈ। ਆਗਾਮੀ ਫੀਲਡ ਸੀਜ਼ਨ 2026-27 ਲਈ ਜੀ.ਐਸ.ਆਈ. ਨੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਕੇਰਾ-ਖੇੜਾ ਬਲਾਕ ਅਤੇ ਸਈਅਦਵਾਲਾ ਬਲਾਕ ਵਿੱਚ ਪ੍ਰਸਤਾਵਿਤ ਖੋਜ ਸਰਵੇਖਣ ਅਤੇ ਕੰਧਵਾਲਾ-ਰਾਮਸਰਾ ਬਲਾਕ ਵਿੱਚ ਸ਼ੁਰੂਆਤੀ ਖੋਜਾਂ ਦੀ ਤਜਵੀਜ਼ ਰੱਖੀ ਹੈ, ਜਿਸ ਵਿੱਚ ਪੰਦਰਾਂ ਡ੍ਰਿਲਿੰਗ ਸਾਈਟਾਂ ਸ਼ਾਮਲ ਹਨ। ਪੂਰੇ ਬੇਸਿਨ ਨੂੰ ਕਵਰ ਕਰਨ ਬਾਰੇ ਜੀ.ਐਸ.ਆਈ. ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਦੇ ਪੂਰੇ ਖਣਿਜ ਭੰਡਾਰ ਦਾ ਭੂ-ਭੌਤਿਕ ਤਰੀਕਿਆਂ ਨਾਲ ਸਰਵੇਖਣ ਕੀਤਾ ਜਾ ਰਿਹਾ ਹੈ ਅਤੇ ਵਿਸਤ੍ਰਿਤ ਖੋਜ ਲਈ ਲਗਭਗ ਪੰਜਾਹ ਵਰਗ ਕਿਲੋਮੀਟਰ ਦੇ ਖੇਤਰ ਦੀ ਪਹਿਲਾਂ ਹੀ ਪਛਾਣ ਕੀਤੀ ਗਈ ਹੈ। ਇਸ ਸਬੰਧੀ ਮਿਨਰਲ ਐਕਸਪਲੋਰੇਸ਼ਨ ਐਂਡ ਕੰਸਲਟੈਂਸੀ ਲਿਮਟਿਡ ਵੱਲੋਂ ਮੰਤਰਾਲੇ ਨੂੰ ਪ੍ਰਾਜੈਕਟ ਪੇਸ਼ ਕੀਤਾ ਜਾਵੇਗਾ।



# ਨਾਮਧਾਰੀ ਸੰਪ੍ਰਦਾ ਦੀ ਦਲੇਰੀ ਤੇ ਤਿਆਗ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ: ਹਰਦੀਪ ਸਿੰਘ ਮੁੰਡੀਆਂ

ਚੰਡੀਗੜ੍ਹ/ਮਾਲੇਰਕੋਟਲਾ, 17 ਜਨਵਰੀ (ਚ.ਨ.ਸ.) : ਨਾਮਧਾਰੀ ਸੰਪਰਦਾ ਵੱਲੋਂ ਦੇਸ਼ ਦੀ ਆਜ਼ਾਦੀ, ਧਰਮ ਅਤੇ ਮਨੁੱਖੀ ਕਦਰਾਂ ਦੀ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਭਾਰਤੀ ਇਤਿਹਾਸ ਵਿੱਚ ਸਦਾ ਸੁਨਹਿਰੀ ਅੱਖਰਾਂ ਨਾਲ ਦਰਜ ਰਹਿਣਗੀਆਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਨਾਮਧਾਰੀ ਸ਼ਹੀਦੀ ਸਮਾਰਕ ਮਾਲੇਰਕੋਟਲਾ ਵਿਖੇ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਕਰਵਾਏ ਗਏ ਰਾਜ ਪੱਧਰੀ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਨਾਮਧਾਰੀ ਸੰਪਰਦਾ ਸਾਦਗੀ, ਸੱਚਾਈ, ਨਿਮਰਤਾ ਅਤੇ ਤਿਆਗ ਦੀ ਜਿਊਂਦੀ ਜਾਗਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦਰਸਾਏ ਅਹਿੰਸਾ, ਨਾ-ਮਿਲਵਰਤਨ ਅਤੇ ਨਾ-ਫੁਰਮਾਨੀ ਦੇ ਰਸਤੇ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਲੋਕਾਂ ਵਿੱਚ ਜਾਗਰੂਕਤਾ ਦੀ ਚੰਗਿਆੜੀ ਮਾਲੇਰਕੋਟਲਾ ਦੀ ਇਸ ਪਵਿੱਤਰ ਧਰਤੀ ਤੋਂ ਹੀ ਉੱਠੀ ਸੀ। ਉਨ੍ਹਾਂ ਕਿਹਾ ਕਿ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਕੁਰਬਾਨੀ ਸਿਰਫ਼ ਇੱਕ ਧਾਰਮਿਕ ਸੰਪਰਦਾ ਦੀ ਨਹੀਂ, ਸਗੋਂ ਪੂਰੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਬੁਨਿਆਦ ਹੈ। ਅੱਜ ਦੀ ਪੀੜ੍ਹੀ ਲਈ ਇਹ ਬਲਿਦਾਨ ਪ੍ਰੇਰਣਾ ਸਰੋਤ ਹਨ ਕਿ ਅਸੀਂ ਸੱਚ, ਇਮਾਨਦਾਰੀ ਅਤੇ ਦੇਸ਼ ਸੇਵਾ ਦੇ ਰਸਤੇ 'ਤੇ ਅੱਗੇ ਵਧੀਏ। ਉਨ੍ਹਾਂ ਕਿਹਾ ਕਿ ਸੰਪਰਦਾ ਵੱਲੋਂ ਪੰਜਾਬ ਸਰਕਾਰ ਨੂੰ ਜੋ ਸੇਵਾ ਲਗਾਈ ਜਾਵੇਗੀ, ਉਹ ਸਿਰ ਨਿਵਾ ਕੇ ਪੂਰੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰੂਆਂ ਅਤੇ ਨਾਮਧਾਰੀ ਸੰਪਰਦਾ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਆਪਣੀ ਜ਼ਿੰਦਗੀ ਨੂੰ ਉੱਚੇ ਆਦਰਸ਼ਾਂ ਨਾਲ ਜੋੜਨ ਅਤੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਅਹਿਮ ਰੋਲ ਅਦਾ ਕਰਨ।



ਸਮਾਗਮ ਨੂੰ ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਅਤੇ ਨਾਮਧਾਰੀ ਸੁਰਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ, ਵਿਧਾਇਕ ਸਮਰਾਲਾ ਜਗਤਾਰ ਸਿੰਘ ਦਿਆਲਪੁਰ, ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ, ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਐਸ.ਪੀ.ਸਤਪਾਲ ਸ਼ਰਮਾ, ਐਸ.ਡੀ.ਐਮ. ਗੁਰਮੀਤ ਕੁਮਾਰ ਬਾਂਸਲ ਅਤੇ ਵੱਡੀ ਗਿਣਤੀ ਵਿੱਚ ਪ੍ਰਮੁੱਖ ਸਖ਼ਸ਼ੀਅਤਾਂ ਅਤੇ ਸੰਗਤਾਂ ਹਾਜ਼ਰ ਸਨ। ਸਮੂਹ ਸੰਗਤ ਵੱਲੋਂ 66 ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਉਨ੍ਹਾਂ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਸੰਕਲਪ ਲਿਆ ਗਿਆ ।

## ਸੰਪਾਦਕੀ

# ਨੌਜਵਾਨ ਤੇ ਦੇਸ਼ ਦਾ ਵਿਕਾਸ

ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿੱਚ ਬੇਰੁਜ਼ਗਾਰੀ ਇੱਕ ਗੰਭੀਰ ਮੁੱਦਾ ਰਿਹਾ ਹੈ। ਇਸ ਨਾਲ ਨੌਜਵਾਨ ਕਿਰਤ ਸ਼ਕਤੀ ਦੀ ਵੱਡੀ ਪੱਧਰ 'ਤੇ ਘੱਟ ਵਰਤੋਂ ਹੋ ਰਹੀ ਹੈ ਅਤੇ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਰੁਕਾਵਟ ਆ ਰਹੀ ਹੈ। ਇੱਕ ਅਰਥਵਿਵਸਥਾ ਨੂੰ ਉਦੋਂ ਹੀ ਸੰਤੁਲਿਤ ਮੰਨਿਆ ਜਾਂਦਾ ਹੈ ਜਦੋਂ ਇਹ ਆਰਥਿਕ ਵਿਕਾਸ ਦੇ ਨਾਲ-ਨਾਲ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਦੀ ਹੈ। ਭਾਰਤ ਕੁੱਲ ਕਾਰਜਬਲ ਅਤੇ ਆਬਾਦੀ ਦੇ ਮਾਮਲੇ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ, ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ। ਇੱਥੇ ਨੌਜਵਾਨਾਂ ਦੀ ਆਬਾਦੀ ਦੂਜੇ ਦੇਸ਼ਾਂ ਨਾਲੋਂ ਵੱਧ ਹੈ। ਹਾਲਾਂਕਿ, ਇਸ ਕਾਰਜਬਲ ਨੂੰ ਰਾਸ਼ਟਰ ਨਿਰਮਾਣ ਵਿੱਚ ਹਿੱਸਾ ਲੈਣ ਦੇ ਬਰਾਬਰ ਮੌਕੇ ਨਹੀਂ ਮਿਲ ਰਹੇ ਹਨ। ਇਸਦਾ ਅੰਦਾਜ਼ਾ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਵੀਰਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਤੋਂ ਲਗਾਇਆ ਜਾ ਸਕਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਦੇਸ਼ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਬੇਰੁਜ਼ਗਾਰੀ ਦਰ ਪਿਛਲੇ ਸਾਲ ਦਸੰਬਰ ਵਿੱਚ ਵਧ ਕੇ 4.8 ਪ੍ਰਤੀਸ਼ਤ ਹੋ ਗਈ, ਜਦੋਂ ਕਿ ਨਵੰਬਰ ਵਿੱਚ ਇਹ ਦਰ 4.7 ਪ੍ਰਤੀਸ਼ਤ ਸੀ। ਸ਼ਹਿਰੀ ਖੇਤਰਾਂ ਵਿੱਚ ਬੇਰੁਜ਼ਗਾਰੀ ਦਰ ਖਾਸ ਤੌਰ 'ਤੇ ਗੰਭੀਰ ਸੀ, ਜਿੱਥੇ ਇਹ ਦਰ ਨਵੰਬਰ ਵਿੱਚ 6.5 ਪ੍ਰਤੀਸ਼ਤ ਤੋਂ ਵਧ ਕੇ 6.7 ਪ੍ਰਤੀਸ਼ਤ ਹੋ ਗਈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸਰਕਾਰੀ, ਨਿੱਜੀ, ਸੰਗਠਿਤ ਅਤੇ ਅਸੰਗਠਿਤ ਦੋਵਾਂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਰਹੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਆਤਮਨਿਰਭਰ ਭਾਰਤ ਅਤੇ ਸਕਿੱਲ ਇੰਡੀਆ ਵਰਗੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਪਰ ਉਨ੍ਹਾਂ ਦਾ ਪ੍ਰਭਾਵ ਵੱਖ-ਵੱਖ ਖੇਤਰਾਂ ਵਿੱਚ ਵੱਖੋ-ਵੱਖਰਾ ਰਿਹਾ ਹੈ। ਬਹੁਤ ਸਾਰੇ ਨੌਜਵਾਨ ਅਤੇ ਮਜ਼ਦੂਰ ਵਰਗ ਆਪਣੇ ਹੁਨਰਾਂ ਨੂੰ ਵਿਕਸਤ ਕਰਨ ਲਈ ਸਿਖਲਾਈ ਪ੍ਰਾਪਤ ਕਰ ਰਹੇ ਹਨ, ਫਿਰ ਵੀ ਉਨ੍ਹਾਂ ਨੂੰ ਅਜੇ ਵੀ ਢੁਕਵੇਂ ਰੁਜ਼ਗਾਰ ਦੇ ਮੌਕੇ ਨਹੀਂ ਮਿਲ ਰਹੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲਾਈਜ਼ੇਸ਼ਨ ਨੇ ਵੀ ਰੁਜ਼ਗਾਰ ਵਿੱਚ ਗਿਰਾਵਟ ਵਿੱਚ ਯੋਗਦਾਨ ਪਾਇਆ ਹੈ। ਜਦੋਂ ਕਿ ਡਿਜੀਟਲ ਸੈਕਟਰ ਵਿੱਚ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ, ਇਨ੍ਹਾਂ ਲਈ ਵਿਸ਼ੇਸ਼ ਹੁਨਰਾਂ ਦੀ ਲੋੜ ਹੁੰਦੀ ਹੈ ਜੋ ਹਰ ਕਿਸੇ ਕੋਲ ਨਹੀਂ ਹੁੰਦੇ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਰਕਾਰੀ ਨੌਕਰੀਆਂ ਦੀ ਗਿਣਤੀ ਰੁਜ਼ਗਾਰ ਦੀ ਮੰਗ ਦੇ ਅਨੁਪਾਤ ਵਿੱਚ ਨਹੀਂ ਵਧ ਰਹੀ ਹੈ। ਇਸ ਤੋਂ ਇਲਾਵਾ ਸਰਕਾਰੀ ਭਰਤੀ ਪ੍ਰਕਿਰਿਆਵਾਂ ਵਿੱਚ ਦੇਰੀ ਅਤੇ ਪ੍ਰੀਖਿਆ ਪ੍ਰਣਾਲੀ ਨਾਲ ਸਮੱਸਿਆਵਾਂ ਵੀ ਬਰਾਬਰ ਰੁਜ਼ਗਾਰ ਦੇ ਮੌਕਿਆਂ ਨੂੰ ਪ੍ਰਭਾਵਤ ਕਰਦੀਆਂ ਹਨ। ਹਾਲਾਂਕਿ, ਅੰਕੜਿਆਂ ਅਨੁਸਾਰ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪਿਛਲੇ ਸਾਲ ਨਵੰਬਰ ਅਤੇ ਦਸੰਬਰ ਦੇ ਵਿਚਕਾਰ ਬੇਰੁਜ਼ਗਾਰੀ ਦਰ 3.9 ਪ੍ਰਤੀਸ਼ਤ 'ਤੇ ਸਥਿਰ ਰਹੀ। ਦਰਅਸਲ, ਕਿਸੇ ਵੀ ਦੇਸ਼ ਵਿੱਚ ਪੂਰਾ ਆਰਥਿਕ ਵਿਕਾਸ ਉਦੋਂ ਹੀ ਸੰਭਵ ਹੈ ਜਦੋਂ ਕੁੱਲ ਘਰੇਲੂ ਉਤਪਾਦ ਵਿੱਚ ਵਾਧਾ, ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ, ਗਰੀਬੀ, ਭੁੱਖਮਰੀ ਅਤੇ ਸਮਾਜਿਕ ਅਸਮਾਨਤਾ ਵਿੱਚ ਕਮੀ ਅਤੇ ਰੁਜ਼ਗਾਰ ਦੀ ਉਪਲਬਧਤਾ ਅਤੇ ਪ੍ਰਤੀ ਵਿਅਕਤੀ ਖੁਸ਼ਹਾਲੀ ਹੋਵੇ। ਵਿਕਾਸ ਮਾਡਲ ਨੂੰ ਰੁਜ਼ਗਾਰ ਦੇ ਮੌਕੇ, ਗਰੀਬਾਂ ਦਾ ਉਭਾਰ ਅਤੇ ਕਿਸਾਨਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਜਦੋਂ ਕਿ ਮਹਿੰਗਾਈ ਘੱਟ ਰੱਖੀ ਜਾਵੇ। ਸਵਾਲ ਇਹ ਹੈ ਕਿ ਕੀ ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ, ਕੇਂਦਰ ਸਰਕਾਰ ਦਾ 2047 ਤੱਕ ਵਿਕਸਤ ਭਾਰਤ ਦਾ ਟੀਚਾ ਨਿਰਧਾਰਤ ਸਮੇਂ ਦੇ ਅੰਦਰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਸੱਚ ਹੈ ਕਿ ਬੇਰੁਜ਼ਗਾਰੀ ਦਰ ਵਿੱਚ ਉਤਰਾਅ-ਚੜ੍ਹਾਅ ਦੇ ਦੇਸ਼ ਦੇ ਵਿਕਾਸ 'ਤੇ ਦੂਰਗਾਮੀ ਨਤੀਜੇ ਨਿਕਲਦੇ ਹਨ। ਇਸ ਲਈ ਸਰਕਾਰ ਨੂੰ ਬੇਰੁਜ਼ਗਾਰੀ ਦਰ ਨੂੰ ਘਟਾਉਣ ਅਤੇ ਸਰਕਾਰੀ ਅਤੇ ਨਿੱਜੀ ਖੇਤਰਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਸਿੱਖਿਆ ਨੂੰ ਹੁਨਰ ਵਿਕਾਸ ਨਾਲ ਜੋੜਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਕੇਵਲ ਤਦ ਹੀ ਭਾਰਤ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਸੱਚਮੁੱਚ ਅੱਗੇ ਵੱਧ ਸਕੇਗਾ।

-ਜਗਜੀਤ ਸਿੰਘ ਦਰਦੀ

# ਪੰਜਾਬ ਦੀ ਮੁੱਦੇ ਵਿਹੀਨ ਰਾਜਨੀਤੀ ਅਤੇ ਵਿਚਾਰਧਾਰਕ ਕੰਗਾਲੀ ਦਾ ਸਿੱਟਾ ਹੈ ਸੂਬੇ ਦੀ ਇਹ ਹਾਲਤ

## ਚਿੰਤਾਜਨਕ ਰਾਜਨੀਤੀ ਅਤੇ ਸਮਾਜ ਦੀ ਵਰਤਮਾਨ ਹਾਲਤ ਜ਼ਮੀਨੀ ਹਕੀਕਤ 'ਤੇ ਬਹੁਤ ਗੰਭੀਰ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਫ਼ਿਰ ਦੋਰਾਹੇ 'ਤੇ ਆ ਗਿਆ ਹੈ। ਪੰਜਾਬ ਹਿੰਦੁਸਤਾਨ ਦਾ ਸਭ ਤੋਂ ਜ਼ਿਆਦਾ ਕਰਜ਼ਾਈ ਸੂਬਾ ਹੈ ਪਰੰਤੂ ਇਸ ਗੱਲ ਤੋਂ ਅਨਜਾਣ ਕਿ ਪੰਜਾਬ ਦਾ ਭਵਿੱਖ ਕਿਹੋ ਜਿਹਾ ਰਹੇਗਾ। ਇਹ ਦੋਸ਼ ਹੁਣ ਕਿਸਨੂੰ ਦਿੱਤਾ ਜਾਵੇ। ਪੰਜਾਬ ਕਦੇ ਭਾਰਤ ਦਾ ਸਭ ਤੋਂ ਅਮੀਰ ਅਤੇ ਵਿਕਸਤ ਸੂਬਾ ਸੀ, ਜਿੱਥੇ ਗ੍ਰੀਨ ਰੈਵੋਲਿਊਸ਼ਨ ਨੇ ਖੇਤੀਬਾੜੀ ਨੂੰ ਨਵੀਂ ਉਚਾਈ ਦਿੱਤੀ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਨੰਬਰ 'ਤੇ ਰਹਿੰਦਾ ਸੀ (1981 ਵਿੱਚ)। ਪਰ ਅੱਜ ਹਾਲਾਤ ਬਦਲ ਚੁੱਕੇ ਹਨ।

ਅੱਜ ਰਾਜਨੀਤਿਕ ਆਗੂਆਂ ਦੀ ਤੂੰ-ਤੂੰ ਮੈਂ-ਮੈਂ, ਭ੍ਰਿਸ਼ਟਾਚਾਰ, ਨਸ਼ੇ ਦੀ ਲਤ, ਬੇਰੁਜ਼ਗਾਰੀ ਅਤੇ ਕਿਸਾਨਾਂ ਦੀ ਬੇਹਾਲੀ ਨੇ ਸੂਬੇ ਨੂੰ ਡੂੰਘੇ ਸੰਕਟ ਵਿੱਚ ਧੱਕ ਦਿੱਤਾ ਹੈ। ਇਹ ਸਭ ਮਿਲਾ ਕੇ ਪੰਜਾਬ ਦੇ ਗਰੀਬ ਅਤੇ ਨਿਮਾਣੇ ਵੋਟਰ ਨੂੰ ਸਿਰਫ਼ ਵੋਟ ਦੇਣ ਵਾਲਾ ਬਣਾ ਦਿੱਤਾ ਹੈ, ਜਦਕਿ ਵੱਡੀਆਂ ਪਾਰਟੀਆਂ ਦੇ ਆਗੂ ਅਤੇ ਉਹਨਾਂ ਦੇ ਚਮਚੇ ਆਪਣੇ ਨਿੱਜੀ ਲਾਭਾਂ ਲਈ ਰਾਜਨੀਤੀ ਨੂੰ ਵਰਤ ਰਹੇ ਹਨ। ਆਰਥਿਕਤਾ ਡਿੱਗਣ ਦੀ ਕਹਾਣੀ ਅਤੇ ਅੰਕੜਿਆਂ ਵਿੱਚ ਪੰਜਾਬ ਦੀ ਆਰਥਿਕਤਾ ਹੁਣ ਭਾਰਤ ਵਿੱਚ 16ਵੇਂ ਨੰਬਰ 'ਤੇ ਹੈ। 2025-26 ਵਿੱਚ ਸੂਬੇ ਦਾ ਗਰਾਸ ਸਟੇਟ ਡੋਮੈਸਟਿਕ ਪ੍ਰੋਡਕਟ (GSDP) 8.91 ਲੱਖ ਕਰੋੜ ਰੁਪਏ (ਲਗਭਗ US£110 ਬਿਲੀਅਨ) ਹੈ ਅਤੇ ਪ੍ਰਤੀ ਵਿਅਕਤੀ ਆਮਦਨ US£2720 (ਲਗਭਗ 2,27,950) ਹੈ। ਇਹ ਰੈਂਕਿੰਗ 1981 ਵਿੱਚ ਪਹਿਲੇ ਨੰਬਰ ਤੋਂ ਬਹੁਤ ਹੇਠਾਂ ਡਿੱਗ ਚੁੱਕੀ ਹੈ। 2025 ਵਿੱਚ ਨੈੱਟ ਸਟੇਟ ਡੋਮੈਸਟਿਕ ਪ੍ਰੋਡਕਟ (NSDP) ਪ੍ਰਤੀ ਵਿਅਕਤੀ ਆਮਦਨ 2,09,452 ਰਹੀ ਹੈ। ਸੂਬੇ ਦੀ ਵਿਕਾਸ ਦਰ ਵੀ ਰਾਸ਼ਟਰੀ ਔਸਤ ਤੋਂ ਘੱਟ ਰਹੀ ਹੈ। 2023-24 ਵਿੱਚ ਪੰਜਾਬ ਦੀ GSDP ਵਿਕਾਸ ਦਰ 6.2% ਰਹੀ ਅਤੇ 2024-25 ਲਈ ਅਨੁਮਾਨ 6.0% ਹੈ, ਜਦਕਿ ਭਾਰਤ ਦੀ ਔਸਤ ਵਿਕਾਸ ਦਰ 8.2% ਅਤੇ 6.4% ਰਹੀ।

ਅੱਜ ਇਸ ਬਦਲਾਅ ਵਿੱਚ ਡਿੱਗਣ ਦੇ ਮੁੱਖ ਕਾਰਨ ਹਨ ਜਿਵੇਂ ਖੇਤੀਬਾੜੀ 'ਤੇ ਜ਼ਿਆਦਾ ਨਿਰਭਰਤਾ, ਉਦਯੋਗ ਅਤੇ ਸੇਵਾ ਖੇਤਰ ਵਿੱਚ ਪਛੜਨਾ, ਜ਼ਮੀਨੀ ਪਾਣੀ ਦੀ ਘਾਟ ਅਤੇ ਰਾਜਨੀਤਿਕ ਨੀਤੀਆਂ ਵਿੱਚ ਭਰਿਸ਼ਟਾਚਾਰ। ਪੰਜਾਬ ਦੀ ਆਰਥਿਕਤਾ ਵਿੱਚ ਖੇਤੀਬਾੜੀ ਅਜੇ ਵੀ ਮੁੱਖ ਹੈ (ਲਗਭਗ 27-28% GSVA), ਪਰ ਇਸ ਵਿੱਚ ਵਿਕਾਸ ਘੱਟ ਰਿਹਾ ਹੈ ਅਤੇ ਮਾਰਜੀਨਲ ਰਿਟਰਨ ਘੱਟ ਰਹੇ ਹਨ। ਕਿਸਾਨਾਂ ਦੀ ਤਬਾਹੀ ਅਤੇ ਆਤਮਹੱਤਿਆਵਾਂ ਕਿਸਾਨਾਂ ਦੀ ਸਮੱਸਿਆ ਸਭ ਤੋਂ ਵੱਡੀ ਹੈ। ਵਧਦੇ ਖਰਚੇ, ਘੱਟ ਭਾਅ, ਕਰਜ਼ਾ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਘੱਟਣ ਨਾਲ ਹਾਲਾਤ ਬਹੁਤ ਖਰਾਬ ਹਨ।

ਉਧਰ ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (NCRB) ਅਤੇ ਹੋਰ ਅਧਿਕਾਰਤ ਅੰਕੜਿਆਂ ਅਨੁਸਾਰ, 2017 ਤੋਂ 2021 ਤੱਕ ਪੰਜਾਬ ਵਿੱਚ 1,056 ਕਿਸਾਨਾਂ ਨੇ ਆਤਮਹੱਤਿਆ ਕੀਤੀ। 2000 ਤੋਂ 2018 ਤੱਕ ਸਿਰਫ਼ ਛੇ ਜ਼ਿਲ੍ਹਿਆਂ ਵਿੱਚ 9,291 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਆਤਮਹੱਤਿਆ ਕੀਤੀ। 2000-2015 ਵਿੱਚ ਛੇ ਜ਼ਿਲ੍ਹਿਆਂ ਵਿੱਚ 16,606 ਆਤਮਹੱਤਿਆਵਾਂ ਹੋਈਆਂ। ਹਾਲਾਂਕਿ NCRB ਅਨੁਸਾਰ ਆਤਮਹੱਤਿਆਵਾਂ ਵਿੱਚ ਕੁਝ ਘਾਟ ਆਈ ਹੈ (2023 ਵਿੱਚ ਰਾਸ਼ਟਰੀ ਪੱਧਰ 'ਤੇ ਘਟੀਆਂ), ਪਰ ਕਿਸਾਨ ਯੂਨੀਅਨਾਂ ਅਤੇ ਅਧਿਐਨਾਂ ਅਨੁਸਾਰ ਅਸਲ ਅੰਕੜੇ ਜ਼ਿਆਦਾ ਹਨ ਅਤੇ ਅੰਡਰ-ਰਿਪੋਰਟਿੰਗ ਹੁੰਦੀ ਹੈ। ਕਰਜ਼ਾ ਮੁਆਫੀ ਅਤੇ ਲੀਗਲ MSP ਦੀ ਮੰਗ ਅਜੇ ਵੀ ਜਾਰੀ ਹੈ।

ਅੱਜ ਨਸ਼ੇ ਦੀ ਲਤ ਇੱਕ ਬਹੁਤ ਭਿਆਨਕ ਸੰਕਟ ਨਸ਼ੇ ਨੇ ਪੰਜਾਬ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਮੰਤਰਾਲਿਆ ਆਫ਼ ਹੋਮ ਅਫੇਅਰਜ਼ ਅਤੇ ਪੰਜਾਬ ਪੁਲਿਸ ਅਨੁਸਾਰ, 2024 ਵਿੱਚ NDPS ਐਕਟ ਅਧੀਨ 9,025 ਕੇਸ ਦਰਜ ਹੋਏ (2023 ਵਿੱਚ 11,564 ਅਤੇ 2022 ਵਿੱਚ 12,423 ਤੋਂ ਘੱਟ ਪਰ ਅਜੇ ਵੀ ਦੂਜੇ ਨੰਬਰ 'ਤੇ)। 2015 ਤੋਂ 2024 ਤੱਕ 51,000 ਤੋਂ ਵੱਧ ਕੇਸ ਅਤੇ 4,600 ਕਿਲੋਗ੍ਰਾਮ ਤੋਂ ਜ਼ਿਆਦਾ ਹੈਰੋਇਨ ਜ਼ਬਤ ਹੋਈ ਹੈ।

ਹੈਰਾਨੀਜਨਕ ਤੱਥ ਹੈ ਕਿ 2024 ਵਿੱਚ ਪੰਜਾਬ ਨੇ ਦੇਸ਼ ਵਿੱਚ ਹੈਰੋਇਨ ਜ਼ਬਤੀ ਵਿੱਚ 44.5% ਹਿੱਸਾ ਰੱਖਿਆ, ਜਦਕਿ ਇਸ ਦੀ ਆਬਾਦੀ ਸਿਰਫ਼ 2.3% ਹੈ। ਪਹਿਲੇ ਅੱਧ 2024 ਵਿੱਚ ਹੀ 4,373 ਕੇਸ ਅਤੇ 6,000 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ। ਇਹ ਨਸ਼ਾ ਨੌਜਵਾਨਾਂ ਨੂੰ ਬਰਬਾਦ ਕਰ ਰਿਹਾ ਹੈ ਅਤੇ ਪਰਿਵਾਰਾਂ ਨੂੰ ਤਬਾਹ ਕਰ ਰਿਹਾ ਹੈ। ਬੇਰੁਜ਼ਗਾਰੀ: ਨੌਜਵਾਨਾਂ ਦਾ ਸਭ ਤੋਂ ਵੱਡਾ ਦੁੱਖ ਪੀਰੀਓਡਿਕ ਲੇਬਰ ਫੋਰਸ ਸਰਵੇ (PLFS) ਅਨੁਸਾਰ, ਭਾਰਤ ਦੀ ਔਸਤ ਬੇਰੁਜ਼ਗਾਰੀ ਦਰ 2025 ਵਿੱਚ 5-6% ਰਹੀ, ਪਰ ਪੰਜਾਬ ਵਿੱਚ ਯੂਥ ਬੇਰੁਜ਼ਗਾਰੀ (15-29 ਸਾਲ) ਰਾਸ਼ਟਰੀ ਔਸਤ ਤੋਂ ਜ਼ਿਆਦਾ ਹੈ।

2025 ਵਿੱਚ ਵੱਖ-ਵੱਖ ਕੁਆਰਟਰਾਂ ਵਿੱਚ ਇਹ 13-20% ਤੱਕ ਰਹੀ। ਸਿੱਖਿਆ ਪ੍ਰਾਪਤ ਨੌਜਵਾਨ ਵਿਦੇਸ਼ ਜਾ ਰਹੇ ਹਨ ਜਾਂ ਗੈਰ-ਕਾਨੂੰਨੀ ਰਸਤੇ ਅਪਣਾ ਰਹੇ ਹਨ। ਉਦਯੋਗ ਅਤੇ ਨੌਕਰੀਆਂ ਦੀ ਘਾਟ ਨੇ ਹਾਲਾਤ ਹੋਰ ਖਰਾਬ ਕੀਤੇ ਹਨ। ਭ੍ਰਿਸ਼ਟਾਚਾਰ: ਰਾਜਨੀਤੀ ਦਾ ਕੈਂਸਰ ਭ੍ਰਿਸ਼ਟਾਚਾਰ ਨੇ ਪ੍ਰਸ਼ਾਸਨ ਅਤੇ ਰਾਜਨੀਤੀ ਨੂੰ ਖੋਖਲਾ ਕਰ ਦਿੱਤਾ ਹੈ। ਵਿਜੀਲੈਂਸ ਬਿਊਰੋ ਨੇ 2024 ਵਿੱਚ 173 ਲੋਕਾਂ ਨੂੰ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ, ਜਿਨ੍ਹਾਂ ਵਿੱਚ 139 ਸਰਕਾਰੀ ਅਧਿਕਾਰੀ ਅਤੇ 34 ਨਿੱਜੀ ਵਿਅਕਤੀ ਸ਼ਾਮਲ ਸਨ। 134 ਟ੍ਰੈਪ ਕੇਸਾਂ ਵਿੱਚ ਰੈੱਡ-ਹੈਂਡੇਡ ਗ੍ਰਿਫਤਾਰੀਆਂ ਹੋਈਆਂ। ਪੁਲਿਸ, ਰੈਵੇਨਿਊ, ਪਾਵਰ ਅਤੇ ਹੋਰ ਵਿਭਾਗਾਂ ਵਿੱਚ ਵੱਡੇ ਕੇਸ ਆਮ ਹਨ। ਵੱਡੇ ਅਧਿਕਾਰੀਆਂ ਅਤੇ ਰਾਜਨੀਤਿਕ ਆਗੂਆਂ ਵਿਰੁੱਧ ਵੀ ਕੇਸ ਦਰਜ ਹੋਏ ਹਨ।

ਅੱਜ ਅੱਗੇ ਕੀ ?

ਹੁਣ ਇਹ ਸਭ ਮਿਲਾ ਕੇ ਪੰਜਾਬ ਨੂੰ ਰੰਗਲੇ ਪੰਜਾਬ ਤੋਂ ਬਹੁਤ ਦੂਰ ਲੈ ਗਏ ਹਨ। 2027 ਦੀਆਂ ਚੋਣਾਂ ਵਿੱਚ ਜੇਕਰ ਆਗੂ ਇਹਨਾਂ ਮੁੱਦਿਆਂ ਨੂੰ ਨਹੀਂ ਸੁਣਨਗੇ ਤਾਂ ਸੰਕਟ ਹੋਰ ਗੰਭੀਰ ਹੋ ਜਾਵੇਗਾ। ਹੱਲ ਲਈ ਲੋੜ ਹੈ ਕਿਸਾਨਾਂ ਲਈ ਲੀਗਲ MSP ਅਤੇ ਕਰਜ਼ਾ ਮੁਆਫੀ।

ਨਸ਼ੇ ਵਿਰੁੱਧ ਸਖ਼ਤ ਮੁਹਿੰਮ ਅਤੇ ਰਿਹੈਬਿਲੀਟੇਸ਼ਨ।

ਉਦਯੋਗ ਅਤੇ ਨੌਕਰੀਆਂ ਲਈ ਨਵੀਆਂ ਨੀਤੀਆਂ।

ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਅਤੇ ਤੇਜ਼ ਨਿਆਂ।

ਅੱਜ ਪੰਜਾਬ ਦੇ ਲੋਕਾਂ ਨੂੰ ਆਪਣੀ ਤਾਕਤ ਨੂੰ ਪਛਾਣਨਾ ਪਵੇਗਾ ਅਤੇ ਮੁੱਦਿਆਂ 'ਤੇ ਵੋਟ ਦੇਣੀ ਪਵੇਗੀ। ਨਹੀਂ ਤਾਂ ਇਹ ਸੰਕਟ ਹੋਰ ਵਧੇਗਾ। ਇਹ ਸਮਾਂ ਹੈ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦਾ। ਲੋਕਤੰਤਰ ਵਿੱਚ ਵੋਟਰ ਦੀ ਤਾਕਤ ਹੈ, ਪਰ ਜੇ ਰਾਜਨੀਤੀ ਮੁੱਦਿਆਂ ਤੋਂ ਵਿਹੀਨ ਰਹੇਗੀ ਤਾਂ ਇਹ ਤਾਕਤ ਵੀ ਬੇਅਸਰ ਹੋ ਜਾਵੇਗੀ। ਪੰਜਾਬ ਨੂੰ ਵਾਪਸ ਉਸ ਰੰਗਲੇ ਪੰਜਾਬ ਵੱਲ ਲੈ ਜਾਣ ਲਈ ਸੱਚੀ ਲੀਡਰਸ਼ਿਪ ਅਤੇ ਲੋਕਾਂ ਦੀ ਜਾਗਰੂਕਤਾ ਜ਼ਰੂਰੀ ਹੈ।

# 15 ਜਨਵਰੀ ਦਾ ਵਰਤਾਰਾ: ਸਿੱਖ ਪੰਥ ਅਤੇ ਦੁਨਿਆਵੀ ਤਾਕਤਾਂ ਲਈ ਸੁਨੇਹਾ



ਬਘੇਲ ਸਿੰਘ ਧਾਲੀਵਾਲ
99142-58142

ਲੰਘੀ 15 ਜਨਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਜੋ ਕੁੱਝ ਵਾਪਰਿਆ, ਉਸ ਬਾਰੇ ਵੱਖ-ਵੱਖ ਚਿੰਤਕਾਂ, ਰਾਜਨੀਤਿਕ ਆਗੂਆਂ ਅਤੇ ਧਾਰਮਿਕ ਵਰਗਾਂ ਦੇ ਆਪਣੇ-ਆਪਣੇ ਨਜ਼ਰੀਏ ਹੋ ਸਕਦੇ ਹਨ। ਇਹ ਸੁਭਾਵਿਕ ਵੀ ਹੈ, ਕਿਉਂਕਿ ਹਰ ਵਿਅਕਤੀ ਕਿਸੇ ਵੀ ਘਟਨਾ ਨੂੰ ਆਪਣੇ ਤਜਰਬੇ, ਸੋਚ ਅਤੇ ਵਿਚਾਰਧਾਰਾ ਦੀ ਐਨਕ ਨਾਲ ਦੇਖਦਾ ਹੈ। ਕੋਈ ਇਸਨੂੰ ਸਿਆਸੀ ਦਾਅ-ਪੇਚ ਦੇ ਤੌਰ 'ਤੇ ਵੇਖ ਰਿਹਾ ਹੈ, ਕੋਈ ਇਸਨੂੰ ਧਾਰਮਿਕ ਸੰਸਥਾਵਾਂ ਦੀ ਜਿੱਤ ਮੰਨ ਰਿਹਾ ਹੈ ਅਤੇ ਕੋਈ ਇਸਨੂੰ ਸਿਰਫ਼ ਇੱਕ ਆਰਜ਼ੀ ਸੰਤੁਲਨ ਕਰਾਰ ਦੇ ਰਿਹਾ ਹੈ। ਪਰ ਮੇਰਾ ਮੰਨਣਾ ਹੈ ਕਿ ਉਸ ਦਿਨ ਜੋ ਕੁੱਝ ਵੀ ਵਾਪਰਿਆ, ਉਹ ਸਮੁੱਚੇ ਰੂਪ ਵਿੱਚ ਸਿੱਖ ਪੰਥ ਦੇ ਭਲੇ ਵਿੱਚ ਹੀ ਵਾਪਰਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੇ ਮਾਮਲੇ ਨੂੰ ਲੈ ਕੇ ਕਾਫੀ ਸਮੇਂ ਤੋਂ ਸਿਆਸੀ ਚਰਚਾਵਾਂ ਚੱਲ ਰਹੀਆਂ ਸਨ। ਕੁੱਝ ਧਿਰਾਂ ਨੇ ਇਸਨੂੰ ਸਿੱਧੀ ਤਰ੍ਹਾਂ ਸਿਆਸਤ ਨਾਲ ਜੋੜਿਆ, ਜਦਕਿ ਸਿੱਖ ਨਜ਼ਰੀਏ ਤੋਂ ਦੇਖਣ ਵਾਲਿਆਂ ਨੇ ਇਸਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨਾਲ ਜੁੜਿਆ ਸੰਵੇਦਨਸ਼ੀਲ ਮਸਲਾ ਕਰਾਰ ਦਿੱਤਾ। ਇਸ ਦਰਮਿਆਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ, ਗੁਰੂ ਕੀ ਗੋਲਕ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਨੇ ਮਾਮਲੇ ਨੂੰ ਹੋਰ ਵੀ ਗੰਭੀਰ ਅਤੇ ਤਣਾਅਪੂਰਨ ਬਣਾ ਦਿੱਤਾ ਸੀ। ਭਗਵੰਤ ਸਿੰਘ ਮਾਨ ਵੱਲੋਂ ਜਿਸ ਲਹਿਜ਼ੇ ਵਿੱਚ ਜਥੇਦਾਰ ਵੱਲੋਂ ਤਲਬ ਕਰਨ ਦੇ ਸੰਦਰਭ ਵਿੱਚ ਬਿਆਨ ਦਿੱਤੇ ਜਾ ਰਹੇ ਸਨ, ਉਹਨਾਂ ਨੇ ਸਿੱਖ ਪੰਥ ਵਿੱਚ ਰੋਸ ਵੀ ਪੈਦਾ ਕਰ ਦਿੱਤਾ ਸੀ। ਲੋਕ ਚਰਚਾ ਸੀ ਕਿ ਭਗਵੰਤ ਸਿੰਘ ਮਾਨ ਸੱਤਾ ਦੇ ਹੰਕਾਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਨਾਲ ਮੱਥਾ ਲਾਉਣ ਦੀ ਵੱਡੀ ਗਲਤੀ ਕਰ ਰਿਹਾ ਹੈ, ਕਿਉਂਕਿ ਸਿੱਖ ਪੰਥ ਦਾ ਮੰਨਣਾ ਹੈ ਕਿ ਇਸ ਪਵਿੱਤਰ ਸਰਬ ਉੱਚ ਅਸਥਾਨ ਨਾਲ ਟੱਕਰ ਲੈਣ ਵਾਲਾ ਕਦੇ ਵੀ ਦੋਵਾਂ ਜਹਾਨਾਂ ਵਿੱਚ ਹੀ ਬਖਸ਼ਣਯੋਗ ਨਹੀਂ ਰਹਿੰਦਾ। ਸਿੱਖ ਹੋਰ ਕੁੱਝ ਵੀ ਬਰਦਾਸ਼ਤ ਕਰ ਸਕਦੇ ਹਨ, ਪਰ ਆਪਣੇ ਧਰਮ ਤੇ, ਆਪਣੇ ਸਿਧਾਂਤਾਂ 'ਤੇ ਹਮਲਾ ਬਰਦਾਸ਼ਤ ਨਹੀਂ ਕਰਦੇ। ਅਜਿਹਾ ਪਹਿਲਾਂ ਇੱਕ ਨਹੀਂ ਅਨੇਕਾਂ ਵਾਰ ਵਾਪਰਦਾ ਦੁਨੀਆਂ ਦੇਖਦੀ ਰਹੀ ਹੈ। ਪਰੰਤੂ ਇਸ ਦੇ ਬਾਵਜੂਦ ਭਗਵੰਤ ਸਿੰਘ ਮਾਨ ਦੇ ਅਜਿਹੇ ਬਿਆਨ ਆ ਰਹੇ ਸਨ, ਜਿਹੜੇ ਸਿੱਖ ਮਨਾਂ ਵਿੱਚ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਸਨ। ਇੱਕ ਸਮਾਂ ਐਸਾ ਲੱਗ ਰਿਹਾ ਸੀ ਕਿ ਸਿੱਖ ਕੌਮ ਇੱਕ ਵਾਰ ਫਿਰ ਦੁਨੀਆਂ ਦੇ ਮੰਚ 'ਤੇ ਖੁਦ ਆਪਣੀਆਂ ਸੰਸਥਾਵਾਂ ਨੂੰ ਕਟਿਹਰੇ 'ਚ ਖੜ੍ਹਾ ਕਰਨ ਜਾ ਰਹੀ ਹੈ। ਇਹ ਡਰ ਵੀ ਬਣ ਗਿਆ ਸੀ ਕਿ ਕਿਤੇ ਫਿਰ ਤੋਂ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਨੂੰ ਅੰਦਰੂਨੀ ਟਕਰਾਵਾਂ ਦਾ ਸ਼ਿਕਾਰ ਨਾ ਬਣਾਇਆ ਜਾਵੇ ਅਤੇ ਸਿੱਖ ਕੌਮ ਦੀ ਸਾਖ ਨੂੰ ਦੁਨੀਆਂ ਭਰ ਵਿੱਚ ਢਾਹ ਨਾ ਲੱਗੇ। ਪਰ ਮੀਰੀ-ਪੀਰੀ ਦੇ ਮਾਲਕ ਛੇਵੇਂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਪਾਰ ਕਿਰਪਾ ਨਾਲ ਅਜਿਹਾ ਨਹੀਂ ਹੋਣ ਦਿੱਤਾ ਗਿਆ। ਉਸ ਦਿਨ ਦਾ ਵਰਤਾਰਾ ਆਪ ਹੀ ਸਾਬਤ ਕਰ ਗਿਆ ਕਿ ਜਦੋਂ ਗੱਲ ਪੰਥਕ ਸਿਧਾਂਤਾਂ ਦੀ ਹੁੰਦੀ ਹੈ, ਤਾਂ ਅਕਾਲ ਪੁਰਖ ਖੁਦ ਰਸਤਾ ਸਾਫ ਕਰ ਦਿੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿੱਚ ਪੇਸ਼ੀ ਭੁਗਤਣ ਤੋਂ ਬਾਅਦ ਜਦੋਂ ਉਹ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਤਾਂ ਉਨ੍ਹਾਂ ਦੇ ਬੋਲਣ ਦੇ ਲਹਿਜ਼ੇ ਵਿੱਚ ਆਇਆ ਬਦਲਾਓ ਸਾਫ਼ ਨਜ਼ਰ ਆ ਰਿਹਾ ਸੀ। ਇਹ ਬਦਲਾਓ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ ਸੀ, ਸਗੋਂ ਇਹ ਉਸ ਮਨੋਭਾਵ ਨੂੰ ਦਰਸਾ ਰਿਹਾ ਸੀ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਸਾਹਮਣੇ ਝੁਕਣ ਨਾਲ ਪੈਦਾ ਹੁੰਦਾ ਹੈ। ਇਸ ਨਾਲ ਸਿੱਖ ਪੰਥ ਨੂੰ ਇੱਕ ਵੱਡੀ ਰਾਹਤ ਮਿਲੀ ਕਿ ਸੂਬਾ ਸਰਕਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਰਮਿਆਨ ਚੱਲ ਰਿਹਾ ਤਣਾਅ ਘੱਟੋ-ਘੱਟ ਕੁਝ ਸਮੇਂ ਲਈ ਟਲ਼ ਗਿਆ ਹੈ। ਇਸਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮੁੱਖ ਮੰਤਰੀ ਵੱਲੋਂ ਕੀਤੀਆਂ ਲਿਫਾਫਾਬੰਦ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਵਾਚਣ ਅਤੇ ਵਿਚਾਰਨ ਦੀ ਹਾਮੀ ਭਰਨਾ ਵੀ ਇੱਕ ਸਕਾਰਾਤਮਕ ਸੰਕੇਤ ਹੈ। ਇਹ ਦਰਸਾਉਂਦਾ ਹੈ ਕਿ ਸਿੱਖ ਸੰਸਥਾਵਾਂ ਟਕਰਾਵ ਦੀ ਨਹੀਂ, ਸੰਵਾਦ ਦੇ ਰਾਹੀਂ ਮਸਲਿਆਂ ਦਾ ਹੱਲ ਲੱਭਣ 'ਤੇ ਵਿਸ਼ਵਾਸ ਰੱਖਦੀਆਂ ਹਨ। ਇਹੀ ਰਾਹ ਸਿੱਖ ਪੰਥ ਨੂੰ ਮਜ਼ਬੂਤ ਕਰ ਸਕਦਾ ਹੈ, ਨਾ ਕਿ ਟਕਰਾਅ ਅਤੇ ਤਕਰਾਰ। ਸੱਚ ਇਹ ਹੈ ਸਿੱਖ ਕੌਮ ਪਹਿਲਾਂ ਹੀ ਬੁਰੀ ਤਰ੍ਹਾਂ ਪਾਟੋਧਾੜ ਦਾ ਸ਼ਿਕਾਰ ਹੈ। ਰਾਜਨੀਤਿਕ, ਧਾਰਮਿਕ ਅਤੇ ਵਿਚਾਰਧਾਰਕ ਵਖਰੇਵਿਆਂ ਨੇ ਸਿੱਖ ਪੰਥ ਨੂੰ ਬੇਹੱਦ ਕਮਜ਼ੋਰ ਕੀਤਾ ਹੋਇਆ ਹੈ। ਅਜਿਹੇ ਹਾਲਾਤਾਂ ਵਿੱਚ ਜੇਕਰ ਕੋਈ ਸਿੱਖ, ਭਾਵੇਂ ਉਹ ਕਿਸੇ ਵੀ ਉੱਚੇ ਦੁਨਿਆਵੀ ਰੁਤਬੇ 'ਤੇ ਕਿਉਂ ਨਾ ਹੋਵੇ, ਸ੍ਰੀ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਦੀ ਗੁਸਤਾਖੀ ਕਰਦਾ ਹੈ, ਤਾਂ ਇਹ ਸਿਰਫ਼ ਇੱਕ ਵਿਅਕਤੀ ਦੀ ਗਲਤੀ ਨਹੀਂ ਰਹਿੰਦੀ, ਸਗੋਂ ਪੂਰੀ ਕੌਮ ਲਈ ਘਾਤਕ ਸਾਬਤ ਹੋ ਸਕਦੀ ਹੈ। ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਸਿਰਫ਼ ਇੱਕ ਇਮਾਰਤ ਨਹੀਂ, ਇਹ ਸਿੱਖ ਕੌਮ ਦੀ ਆਤਮਿਕ, ਨੈਤਿਕ ਅਤੇ ਧਾਰਮਿਕ ਉੱਚ ਅਥਾਰਟੀ ਹੈ। ਇਸਦੀ ਭਰੋਸੇਯੋਗਤਾ ਨੂੰ ਢਾਹ ਲੱਗਣਾ ਪੂਰੇ ਪੰਥ ਦੀ ਨੀਂਹ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ। 15 ਜਨਵਰੀ ਦੇ ਵਰਤਾਰੇ ਨੇ ਇੱਕ ਵਾਰ ਫਿਰ ਦੁਨੀਆਂ ਨੂੰ ਖ਼ਾਸ ਕਰਕੇ ਸਿੱਖ ਵਿਰੋਧੀ ਤਾਕਤਾਂ ਨੂੰ ਇਹ ਸਪੱਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਸਿੱਖ ਕੌਮ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕਰ ਸਕਦੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਹੱਥ ਜੋੜ ਕੇ ਬੈਠਿਆਂ ਦੀ ਜੋ ਤਸਵੀਰ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਤੋਂ ਜਨਤਕ ਹੋਈ ਹੈ, ਉਹਨੇ ਸਿੱਖ ਵਿਰੋਧੀ ਤਾਕਤਾਂ ਅਤੇ ਸਿੱਖੀ ਸਿਧਾਂਤਾਂ ਤੋਂ ਅਣਜਾਣ ਲੋਕਾਂ ਤੱਕ ਪੰਥਕ ਸਿਧਾਂਤਾਂ ਅਤੇ ਮਰਿਆਦਾ ਦਾ ਇਹ ਸੁਨੇਹਾ ਦੇਣ ਵਿੱਚ ਕਾਰਗਰ ਭੂਮਿਕਾ ਨਿਭਾਈ ਹੈ ਕਿ ਬੇਸ਼ੱਕ ਸਿੱਖ ਕਿੰਨੇ ਵੀ ਉੱਚੇ ਦੁਨਿਆਵੀ ਅਹੁਦੇ 'ਤੇ ਕਿਉਂ ਨਾ ਪਹੁੰਚ ਜਾਵੇ, ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਉੱਪਰ ਨਹੀਂ ਹੋ ਸਕਦਾ। ਦਿੱਲੀ ਦਰਬਾਰ ਬੇਸ਼ੱਕ ਕਿੰਨੀਆਂ ਵੀ ਕੋਸ਼ਿਸ਼ਾਂ ਕਰ ਲਵੇ, ਪਰ ਸਿੱਖ ਆਪਣੀ ਅਸਲ ਪਹਿਚਾਣ ਅਤੇ ਸਿਧਾਂਤ ਤੋਂ ਆਕੀ ਹੋ ਕੇ ਜਿਉਂ ਵੀ ਨਹੀਂ ਸਕਦਾ। ਇਸ ਵਰਤਾਰੇ ਨੇ ਭਾਰਤੀ ਤਾਕਤਾਂ ਨੂੰ ਵੀ ਇਹ ਸੰਦੇਸ਼ ਦੇ ਦਿੱਤਾ ਹੈ ਕਿ ਜਿੱਥੇ ਭਾਰਤ ਦੇ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਸਰਬਉੱਚ ਅਹੁਦਾ ਹੋ ਸਕਦਾ ਹੈ, ਉੱਥੇ ਇੱਕ ਸਿੱਖ ਲਈ ਸ੍ਰੀ ਅਕਾਲ ਤਖਤ ਸਾਹਿਬ ਹੀ ਸਰਬ-ਉੱਚ ਹੈ। ਇਹ ਟਕਰਾਅ ਦੀ ਗੱਲ ਨਹੀਂ, ਸਗੋਂ ਸਿੱਖ ਧਰਮ ਦੀ ਉਸ ਮੂਲ ਵਿਚਾਰਧਾਰਾ ਨੂੰ ਲੱਗਣ ਵਾਲੇ ਖੋਰੇ ਦੀ ਚਿੰਤਾ ਦਾ ਵਿਸ਼ਾ ਹੈ, ਜਿਹੜੀ ਧਾਰਮਿਕ ਵਿਚਾਰਧਾਰਾ ਦੁਨਿਆਵੀ ਸਤੱਈ ਤਾਕਤ ਤੋਂ ਉੱਪਰ ਹੈ। 15 ਜਨਵਰੀ ਦਾ ਵਰਤਾਰਾ ਸਿੱਖ ਪੰਥ ਲਈ ਇੱਕ ਚਿਤਾਵਨੀ ਵੀ ਸੀ ਅਤੇ ਇੱਕ ਮੌਕਾ ਵੀ। ਚਿਤਾਵਨੀ ਇਸ ਗੱਲ ਦੀ ਕਿ ਅੰਦਰੂਨੀ ਵੰਡਾਂ ਕਾਰਨ ਪਹਿਲਾਂ ਹੀ ਸਿੱਖ ਪੰਥ ਘੋਰ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਮੌਕਾ ਇਸ ਗੱਲ ਦਾ ਕਿ ਸਮੁੱਚੇ ਰੂਪ ਵਿੱਚ ਸਿੱਖ ਆਪਣੀਆਂ ਸੰਸਥਾਵਾਂ ਦੀ ਮਰਿਆਦਾ ਨੂੰ ਸਮਝਣ, ਸਾਂਝੀ ਸੋਚ ਵਿਕਸਿਤ ਕਰਨ ਵੱਲ ਸੁਚੇਤ ਹੋ ਰਹੇ ਹਨ। ਵੱਖ ਵੱਖ ਰਾਜਨੀਤਕ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਵੀ ਪੰਥਕ ਮਰਿਆਦਾ ਦਾ ਖਿਆਲ ਰੱਖੇ ਜਾਣ ਦੀ ਪਿਰਤ ਨੂੰ ਟੁੱਟਣ ਤੋਂ ਬਚਾਉਣ ਦੀ ਚਿੰਤਾ ਸਿੱਖ ਮਨਾਂ ਵਿੱਚ ਜੀਵਤ ਹੈ। ਜੇਕਰ ਰਾਜਨੀਤਕ ਆਗੂ ਸਿਆਸੀ ਨੁਕਸਾਨ ਦੇ ਡਰ ਦੀ ਬਜਾਏ ਇਸ ਮਰਿਆਦਾ ਨੂੰ ਇਮਾਨਦਾਰੀ ਨਾਲ ਸਮਝਣ ਅਤੇ ਯਾਦ ਰੱਖਣ ਤਾਂ ਅਜਿਹੇ ਵਿਵਾਦਾਂ ਵਿੱਚ ਪੈਣ ਤੋਂ ਬਚਿਆ ਜਾ ਸਕਦਾ ਹੈ।

# ਨਵਾਂ ਅਕਾਲੀ ਦਲ ਖਾਣ ਲੱਗਾ ਡੱਕੇ-ਡੋਲੇ



ਕਮਲਜੀਤ ਸਿੰਘ ਬਨਵੈਤ
98147 34035

- ☛ਪਰਮਿੰਦਰ ਸਿੰਘ ਢੀਂਡਸਾ ਦੇ ਘਰ ਜੁੜੇ ਨੇਤਾਵਾਂ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ 'ਤੇ ਜਤਾਈ ਅਸੰਤੁਸ਼ਟਤਾ
- ☛ ਸਿਆਸੀ ਮਾਮਲਿਆਂ ਬਾਰੇ ਕਮੇਟੀ ਅਤੇ ਅਹੁਦੇਦਾਰੀਆਂ ਖਤਮ ਕਰਕੇ ਕਮਾਨ 11 ਮੈਂਬਰੀ ਕਮੇਟੀ ਹਵਾਲੇ ਕਰਨ 'ਤੇ ਬਣੀ ਸਹਿਮਤੀ
- ☛ਦਲ ਦਾ ਵਿੱਤੀ ਭਾਰ ਚੁੱਕਣ ਵਾਲਿਆਂ ਦੇ ਮੋਢੇ ਹੰਭੇ, ਪਹਿਲਾਂ ਨਾਲੋਂ ਦਖਲਅੰਦਾਜ਼ੀ ਹੋਰ ਵਧੀ
- ☛ ਵਾਰਿਸ ਪੰਜਾਬ ਦੇ ਨਾਲ ਰਲ ਕੇ ਤੁਰਨ ਦੀ ਗੱਲ ਚੱਲੀ, ਮਨਪ੍ਰੀਤ ਸਿੰਘ ਇਆਲੀ ਬਣਾਏ ਜਾ ਸਕਦੇ ਨੇ ਕੋਆਰਡੀਨੇਟਰ

ਪਿਛਲੇ ਕਈ ਦਿਨਾਂ ਤੋਂ ਪੰਥਕ ਸਿਆਸਤ ਵਿੱਚ ਬੜੇ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲ ਰਹੇ ਹਨ। ਪੰਜਾਬ ਦੀ ਸਿਆਸਤ ਵੀ ਡੱਕੇ-ਡੋਲੇ ਖਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ ਪਾਵਨ ਸਰੂਪਾਂ ਨੂੰ ਲੈ ਕੇ ਰਾਜਨੀਤਿਕ ਪਾਰਟੀਆਂ ਇੱਕ ਦੂਜੇ ਨੂੰ ਠਿੱਬੀ ਲਾਉਣ ਦਾ ਕੋਈ ਮੌਕਾ ਨਹੀਂ ਛੱਡ ਰਹੀਆਂ ਸਨ। ਕਾਂਗਰਸ ਆਪਣੇ ਭਾਰ ਡਿੱਗ ਪਈ ਹੈ ਜਦਕਿ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੰਗੇ ਧੜ ਲੜਾਈ ਲੜ ਰਹੇ ਹਨ। ਭਾਰਤੀ ਜਨਤਾ ਪਾਰਟੀ ਵੀ ਹੱਥ ਪੱਲਾ ਮਾਰ ਰਹੀ ਹੈ। ਪਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਜਿਸ ਤੋਂ ਸਿੱਖਾਂ ਨੂੰ ਵੱਡੀਆਂ ਆਸਾਂ ਸਨ, ਦੀ ਆਪਸ ਵਿੱਚ ਦਾਲ ਗਲਣ ਤੋਂ ਹਟਣ ਲੱਗੀ ਹੈ।

ਪਿਛਲੇ ਦਿਨੀਂ ਚੰਡੀਗੜ੍ਹ ਦੇ ਇੱਕ ਵੀਆਈਪੀ ਸੈਕਟਰ ਵਿੱਚਲੇ ਕਿਸੇ ਵੱਡੇ ਬੰਦੇ ਦੇ ਘਰ ਅਕਾਲੀ ਦਲ ਦੇ ਅੱਧੀ ਦਰਜਨ ਨੇਤਾਵਾਂ ਦੀ ਮੀਟਿੰਗ ਹੁੰਦੀ ਹੈ। ਇਸ ਮੀਟਿੰਗ ਵਿੱਚ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਸ਼ਾਮਲ ਹੋਏ ਤੇ ਨਾ ਹੀ ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਨੇ ਹਾਜ਼ਰੀ ਭਰੀ ਸੀ। ਮੀਟਿੰਗ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਘਰੇ ਹੁੰਦੀ ਹੈ। ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ ਸਮੇਤ ਇਸੇ ਕਤਾਰ ਦੇ ਹੋਰ ਨੇਤਾ ਸਿਰ ਜੋੜ ਕੇ ਬੈਠਦੇ ਹਨ। ਐਵੇਂ ਅਕਾਲੀ ਦਲ ਨਾਲ ਜੁੜੇ ਸੂਤਰਾਂ ਦਾ ਦੱਸਣਾ ਹੈ ਕਿ ਮੀਟਿੰਗ ਵਿੱਚ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਉੱਤੇ ਸਵਾਲ ਖੜ੍ਹੇ ਕੀਤੇ ਗਏ। ਸਭ ਦਾ ਇੱਕਮੱਤ ਹੋ ਕੇ ਕਹਿਣਾ ਸੀ ਧਾਰਮਿਕ ਸ਼ਖਸੀਅਤ ਗਿਆਨੀ ਹਰਪ੍ਰੀਤ ਸਿੰਘ ਸਿਆਸੀ ਤੌਰ 'ਤੇ ਪਾਰਟੀ ਨੂੰ ਅਗਵਾਈ ਨਹੀਂ ਦੇ ਸਕੇ ਹਨ। ਸ਼ਾਇਦ ਇਹਨਾਂ ਨੇਤਾਵਾਂ ਨੂੰ ਲੱਗਦਾ ਹੈ ਕਿ ਸੱਤਾ ਨੂੰ ਹੱਥ ਪੈਂਦਿਆਂ ਨਾ ਦੇਖ ਕੇ ਤਾਂ ਸੁਖਬੀਰ ਸਿੰਘ ਬਾਦਲ ਦਾ ਖਹਿੜਾ ਛੱਡਿਆ ਸੀ ਜੇ ਹੁਣ ਵੀ ਉਹਨਾਂ ਦਾ ਹੱਥ ਝੰਡੀ ਵਾਲੀ ਕਾਰ ਨੂੰ ਨਹੀਂ ਪੈਂਦਾ ਤਾਂ ਫਿਰ ਇਹੋ ਜਿਹੀ ਪਾਰਟੀ ਜਾਂ ਹੈਡ ਤੋਂ ਲੈਣਾ ਕੀ ਹੋਇਆ ?

ਕਈ ਚਿਰ ਦੀ ਸੋਚ ਵਿਚਾਰ ਤੋਂ ਬਾਅਦ ਕਮੇਟੀ ਦੇ ਮੈਂਬਰ ਇਸ ਸਿੱਟੇ ਉੱਤੇ ਪੁੱਜੇ ਕਿ ਸਿਆਸੀ ਮਾਮਲਿਆਂ ਬਾਰੇ ਕਮੇਟੀ ਸਮੇਤ ਸਾਰੇ ਅਹੁਦੇਦਾਰ ਲਾਂਭੇ ਕਰ ਦਿੱਤੇ ਜਾਣ ਅਤੇ ਦਲ ਨੂੰ ਚਲਾਉਣ ਦੀ ਜ਼ਿੰਮੇਵਾਰੀ 11 ਦੀ ਕਮੇਟੀ ਨੂੰ ਦਿੱਤੀ ਜਾਵੇ। ਨਾਲ ਹੀ ਇਹ ਵੀ ਫੈਸਲਾ ਲਿਆ ਗਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਦੀ ਕੁਰਸੀ ਉੱਤੇ ਬੈਠਿਆ ਰਹਿਣ ਦਿੱਤਾ ਜਾਵੇ। ਪਾਰਟੀ ਨੂੰ ਲੀਹ ਉੱਤੇ ਲਿਆਉਣ ਤੋਂ ਬਾਅਦ ਮੁੜ ਤੋਂ ਜਨਰਲ ਇਜਲਾਸ ਸੱਦਿਆ ਜਾਵੇ ਅਤੇ ਨਵੇਂ ਅਹੁਦੇਦਾਰ ਚੁਣੇ ਜਾਣ। ਸ਼ਾਇਦ ਢੀਂਡਸਾ ਦੇ ਘਰ ਜੁੜੇ ਨੇਤਾਵਾਂ ਨੂੰ ਇਸ ਗੱਲ 'ਤੇ ਵੀ ਇਤਰਾਜ਼ ਹੈ ਕਿ ਸਿਆਸੀ ਮਾਮਲੇ ਦੀ ਕਮੇਟੀ ਵਿੱਚ ਨਾ ਤਾਂ ਸੀਨੀਆਰਤਾ ਕਾਇਮ ਰੱਖੀ ਗਈ ਹੈ ਅਤੇ ਨਾ ਹੀ ਕੰਮ ਕਰਨ ਵਾਲੇ ਲੀਡਰਾਂ ਨੂੰ ਬਣਦੀ ਥਾਂ ਦਿੱਤੀ ਗਈ ਹੈ। ਕੁਝ ਇਕ ਦਾ ਤਾਂ ਇਹ ਵੀ ਕਹਿਣਾ ਸੀ ਵੱਡੇ ਛੋਟੇ ਸਾਰਿਆਂ ਨੂੰ ਇੱਕੋ ਸੰਗਲ ਨਾਲ ਬੰਨ ਦਿੱਤਾ ਗਿਆ। ਕਮੇਟੀ ਵਿੱਚ ਨੁਮਾਇੰਦਗੀਆਂ ਵੀ ਥੋਕ ਵਿੱਚ ਦਿੱਤੀਆਂ ਗਈਆਂ ਹਨ।

ਚਰਚਾ ਤਾਂ ਇਸ ਗੱਲ ਉੱਤੇ ਵੀ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ ਪੰਥਕ ਕੌਂਸਲ ਆਪਸ ਵਿੱਚ ਕਦਮ ਨਾਲ ਕਦਮ ਬਣਾ ਕੇ ਨਹੀਂ ਚੱਲ ਸਕੇ। ਵੈਸੇ ਤਾਂ ਜਨਰਲ ਇਜਲਾਸ ਵਿੱਚ ਬੀਬੀ ਸਤਵੰਤ ਕੌਰ ਨੂੰ ਚੇਅਰਪਰਸਨ ਨਾਮਜ਼ਦ ਕਰਨ ਤੋਂ ਬਾਅਦ ਉਹਨਾਂ ਨੇ ਕੋਈ ਸ਼ਾਇਦ ਹੀ ਕਿਸੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਹੋਵੇ। ਇਕ ਦੋ ਵਾਰ ਅਜਿਹੇ ਮੌਕੇ ਵੀ ਆਏ ਹਨ, ਜਦੋਂ ਉਹਨਾਂ ਨੇ ਸਿੱਧੇ ਜਾਂ ਸਿੱਧੇ ਤੌਰ ਉੱਤੇ ਨਰਾਜ਼ਗੀ ਵੀ ਜ਼ਾਹਿਰ ਕੀਤੀ ਹੋਵੇਗੀ।

ਇੱਕ ਹੋਰ ਅਹਿਮ ਮਾਮਲਾ ਵੀ ਵਿਚਾਰਿਆ ਗਿਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ ਨਾਲ ਰਲ ਕੇ ਤੁਰਨ ਦੀ ਗੱਲ ਤੁਰੀ। ਬਹੁਤੇ ਮੈਂਬਰਾਂ ਦਾ ਕਹਿਣਾ ਸੀ ਕਿ ਦੋਵੇਂ ਤਰ੍ਹਾਂ ਆਪੋ ਆਪਣਾ ਵਜ਼ੂਦ ਕਾਇਮ ਰੱਖ ਕੇ ਸਾਂਝੇ ਮੁੱਦਿਆਂ ਉੱਤੇ ਰਲ ਕੇ ਤੁਰਨ। ਪਤਾ ਇਹ ਵੀ ਲੱਗਾ ਹੈ ਕਿ ਦੋਹਾਂ ਧਿਰਾਂ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਥਾਪੀ ਪੰਜ ਮੈਂਬਰੀ ਕਮੇਟੀ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਕੁਆਰਡੀਨੇਟਰ ਵਜੋਂ ਕੰਮ ਕਰਨ। ਚਾਰ ਦਿਨ ਪਹਿਲਾਂ ਮਾਘੀ ਦੇ ਮੌਕੇ ਮੁਕਤਸਰ ਵਿਖੇ ਹੋਈਆਂ ਸਿਆਸੀ ਕਾਨਫਰੰਸਾਂ ਵਿੱਚੋਂ ਨਵਾਂ ਅਕਾਲੀ ਦਲ ਗੈਰ ਹਾਜ਼ਰ ਰਿਹਾ ਪਰ ਮਨਪ੍ਰੀਤ ਸਿੰਘ ਇਆਲੀ ਨੇ ਵਾਰਿਸ ਪੰਜਾਬ ਦੀ ਸਟੇਜ ਤੋਂ ਹਾਜ਼ਰੀ ਲੁਆਈ ਸੀ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਢੀਂਡਸਾ ਦੇ ਘਰ ਜੁੜੇ ਮੂਹਰਲੀ ਕਤਾਰ ਦੇ ਨੌਂ ਨੇਤਾਵਾਂ ਨੇ ਪਾਰਟੀ ਨੂੰ ਓਵਰਹਾਲ ਕਰਨ ਦਾ ਮਤਾ ਪਕਾਇਆ ਹੈ। ਇਸ ਮੀਟਿੰਗ ਤੋਂ ਪਿੱਛੋਂ ਇੱਕ ਗੱਲ ਤਾਂ ਪੱਕੀ ਹੋ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਅੰਦਰੋਂ ਅੰਦਰੀ ਖਿੱਚੋਤਾਣ ਚੱਲ ਰਹੀ ਹੈ ਅਤੇ ਸਾਰਾ ਕੁਝ ਅੱਛਾ ਨਹੀਂ ਹੈ। ਨਵੇਂ ਅਕਾਲੀ ਦਲ ਦੇ ਉਡਾਨ ਨਾ ਭਰਨ ਕਰਕੇ ਵੱਡੀ ਗਿਣਤੀ ਲੀਡਰ ਘਰੀ ਬੈਠ ਗਏ ਹਨ। ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਚਰਨਜੀਤ ਸਿੰਘ ਬਰਾੜ ਨੇ ਕੁਝ ਦਿਨਾਂ ਦੀ ਨਰਾਜ਼ਗੀ ਦਿਖਾ ਕੇ ਭਾਜਪਾ ਦਾ ਪੱਲਾ ਫੜ ਲਿਆ ਹੈ। ਖ਼ਬਰਾਂ ਤਾਂ ਇਹ ਵੀ ਹਨ ਨਵੇਂ ਅਕਾਲੀ ਦਲ ਦਾ ਵਿੱਤੀ ਭਾਰ ਚੁੱਕਣ ਵਾਲਿਆਂ ਦੇ ਮੋਢੇ ਵੀ ਹੰਭਣ ਲੱਗੇ ਹਨ।

ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਦੁਫਾੜ ਨਹੀਂ ਹੋਇਆ। ਅਕਾਲੀ ਦਲ ਵਿੱਚ ਪਾੜ ਪੈਣ ਕਾਰਨ ਹੀ ਇੱਕ ਦਰਜਨ ਦੇ ਕਰੀਬ ਵੱਖੋ-ਵੱਖ ਪੰਥਕ ਜਥੇਬੰਦੀਆਂ ਬਣੀਆਂ ਹਨ। ਅੱਧੀ ਦਰਜਨ ਜਥੇਬੰਦੀਆਂ ਦਾ ਨਾਂ ਹੀ ਸਿੱਧੇ ਜਾ ਅਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਵੱਜਦਾ ਆ ਰਿਹਾ ਹੈ। ਇਹ ਸਾਰੀਆਂ ਪੰਥਕ ਜਥੇਬੰਦੀਆਂ ਇਕ ਮੰਚ 'ਤੇ ਇਕੱਠੀਆਂ ਹੋਣ ਦਾ ਤਰੱਦਦ ਤਾਂ ਕਰਦੀਆਂ ਰਹੀਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਕੋਈ ਚੁਣੌਤੀ ਨਹੀਂ ਬਣ ਸਕਿਆ ਹੈ। ਸ਼੍ਰੋਮਣੀ ਅਕਾਲੀ ਦਲ ਵਿੱਚੋਂ ਬਾਗ਼ੀ ਧੜਾ ਅੱਡ ਹੋਇਆ ਇੱਕ ਉੱਪਰਲੀ ਪੰਥਕ ਧਿਰ ਦੀ ਆਸ ਬੱਝੀ ਸੀ ਪਰ ਆਪਸੀ ਖਿੱਚੋਤਾਣ ਕਾਰਨ ਪੈਰ ਟਿਕਾਣੇ ਔਖੇ ਹੋ ਰਹੇ ਹਨ। ਇਸ ਦੇ ਉਲਟ ਦੂਜੇ ਬੰਨੇ ਸੁਖਬੀਰ ਸਿੰਘ ਬਾਦਲ ਲਗਾਤਾਰ ਉਭਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੇ ਮੂਹਰਲੀ ਕਤਾਰ ਦੇ ਨੇਤਾਵਾਂ ਦੀ ਹੋਈ ਮੀਟਿੰਗ ਵਿੱਚ ਇੱਕ ਗੱਲ ਚੰਗੀ ਹੋਈ ਹੈ ਕਿ ਇਹਨਾਂ ਨੇ ਪੰਜਾਬ ਦੇ ਮੁੱਦਿਆਂ 'ਤੇ ਲੜਾਈ ਲੜਨ ਦਾ ਫੈਸਲਾ ਲਿਆ ਹੈ। ਪੰਜਾਬ ਨਾਲ ਜੁੜੇ ਮਸਲਿਆਂ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਅਸੀਂ ਦੂਜੀਆਂ ਪਾਰਟੀਆਂ ਤੋਂ ਵੀ ਇਹੋ ਤਵੱਕੋ ਰੱਖਦੇ ਹਾਂ।



ਵਿੰਕਲਜੀਤ ਸਿੰਘ ਸਰਾ
9501477889

# ਪੰਜਾਬ ਵਿੱਚ ਸਿਆਸੀ ਪੈਨਸ਼ਨਾਂ ਦਾ ਇਤਿਹਾਸ

## ਸੇਵਾ ਦੇ ਨਾਂ 'ਤੇ ਖ਼ਜ਼ਾਨੇ ਦੀ ਲੁੱਟ ਅਤੇ ਅਸਲ ਨਾਇਕਾਂ ਨਾਲ ਧ੍ਰੋਹ

**ਸੇਵਾ ਦੀ ਆੜ ਵਿੱਚ ਸਵਾਰਥ ਦੀ ਸਿਆਸਤ** : ਅੱਜ ਦੇ ਦੌਰ ਵਿੱਚ ਰਾਜਨੀਤੀ ਇੱਕ ਸੇਵਾ ਨਹੀਂ ਸਗੋਂ ਸਭ ਤੋਂ ਵੱਧ ਮੁਨਾਫ਼ਾ ਦੇਣ ਵਾਲਾ ਕਾਰੋਬਾਰ ਬਣ ਕੇ ਰਹਿ ਗਈ ਹੈ। ਸਿਆਸਤ ਵਿੱਚ ਹਰ ਕੋਈ ਆਪਣੀ ਮਰਜ਼ੀ ਨਾਲ ਆਉਂਦਾ ਹੈ ਕਿਸੇ ਨੂੰ ਜ਼ਬਰਦਸਤੀ ਨਹੀਂ ਲਿਆਂਦਾ ਜਾਂਦਾ। ਬਹੁਤ ਹੀ ਵਿਰਲਾ ਵਾਂਝਾ ਕੋਈ ਅਜਿਹੇ ਸ਼ਖਸ ਹੋਵੇਗਾ ਜੋ ਸੱਚਮੁੱਚ ਲੋਕ-ਭਲਾਈ ਦੀ ਭਾਵਨਾ ਨਾਲ ਸਿਆਸਤ ਵਿੱਚ ਪੈਰ ਰੱਖਦਾ ਹੈ ਨਹੀਂ ਤਾਂ ਬਹੁਤੇ ਲੋਕ ਸਿਰਫ਼ ਆਪਣੇ ਨਿੱਜੀ ਫਾਇਦੇ ਅਤੇ ਪੀੜ੍ਹੀਆਂ ਦੇ ਸੁਧਾਰ ਲਈ ਇਸ ਖੇਤਰ ਨੂੰ ਚੁਣਦੇ ਹਨ। ਸਿਤਮ ਦੀ ਗੱਲ ਇਹ ਹੈ ਕਿ ਜਨਤਾ ਦੇ ਸੇਵਕ ਕਹਾਉਣ ਵਾਲੇ ਇਹ ਲੋਕ ਖੁਦ ਲਈ ਤਾਂ ਬਿਨਾਂ ਕਿਸੇ ਸ਼ਰਤ ਪੈਨਸ਼ਨਾਂ ਅਤੇ ਸੁਵਿਧਾਵਾਂ ਦੇ ਭੰਡਾਰ ਖੋਲ੍ਹ ਲੈਂਦੇ ਹਨ ਪਰ ਦੇਸ਼ ਦੇ ਅਸਲ ਰਾਖਿਆਂ ਅਤੇ ਭਵਿੱਖ ਸਿਰਜਣਹਾਰਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ।

**ਫੌਜੀ ਬਨਾਮ ਸਿਆਸਤਦਾਨ (ਅਗਨੀਵੀਰ ਅਤੇ ਸ਼ਹੀਦਾਂ ਨਾਲ ਧੱਕਾ)** : ਇੱਕ ਪਾਸੇ ਉਹ ਸਿਆਸਤਦਾਨ ਹਨ ਜੋ ਸਿਰਫ਼ 5 ਸਾਲ (ਜਾਂ 2016 ਦੇ ਕਾਨੂੰਨ ਮੁਤਾਬਕ ਸਿਰਫ਼ ਇੱਕ ਦਿਨ) ਲਈ ਵਿਧਾਇਕ ਬਣ ਕੇ ਉਮਰ ਭਰ ਦੀਆਂ ਪੈਨਸ਼ਨਾਂ ਪੱਕੀਆਂ ਕਰ ਲੈਂਦੇ ਹਨ। ਦੂਜੇ ਪਾਸੇ ਉਹ ਫੌਜੀ ਨੌਜਵਾਨ ਹਨ, ਜੋ ਦੇਸ਼ ਦੀ ਖਾਤਰ ਆਪਣੀ ਜਾਨ ਤਲੀ 'ਤੇ ਰੱਖ ਕੇ ਭਰਤੀ ਹੁੰਦੇ ਹਨ।

**ਅਗਨੀਵੀਰ ਸਕੀਮ ਦਾ ਦਰਦ**: ਅੱਜ 'ਅਗਨੀਵੀਰ' ਦੇ ਨਾਂ 'ਤੇ ਨੌਜਵਾਨਾਂ ਨਾਲ ਸਿੱਧਾ ਧੱਕਾ ਹੋ ਰਿਹਾ ਹੈ। ਚਾਰ ਸਾਲ ਦੀ ਸੇਵਾ ਤੋਂ ਬਾਅਦ ਉਹਨਾਂ ਕੋਲ ਨਾ ਤਾਂ ਪੈਨਸ਼ਨ ਦੀ ਗਰੰਟੀ ਹੈ ਅਤੇ ਨਾ ਹੀ ਭਵਿੱਖ ਦੀ ਸੁਰੱਖਿਆ।

**ਸ਼ਹੀਦਾਂ ਦਾ ਅਪਮਾਨ**: ਜੇਕਰ ਕੋਈ ਨੌਜਵਾਨ ਭਰਤੀ ਹੋਣ ਤੋਂ ਕੁਝ ਸਮਾਂ ਬਾਅਦ ਹੀ ਦੇਸ਼ ਦੀ ਰੱਖਿਆ ਕਰਦਾ ਸ਼ਹੀਦ ਹੋ ਜਾਂਦਾ ਹੈ, ਤਾਂ ਉਸਦੇ ਪਰਿਵਾਰ ਨੂੰ ਉਹ ਸਨਮਾਨਜਨਕ ਸਹੂਲਤਾਂ ਜਾਂ ਪੈਨਸ਼ਨ ਨਹੀਂ ਦਿੱਤੀ ਜਾ ਰਹੀ ਜੋ ਇੱਕ ਸਾਬਕਾ ਵਿਧਾਇਕ ਨੂੰ ਘਰ ਬੈਠਿਆਂ ਮਿਲਦੀ ਹੈ। ਕੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਦੀ ਕੁਰਬਾਨੀ ਇੱਕ ਨੇਤਾ ਦੀ 5 ਸਾਲ ਦੀ ਕੁਰਸੀ ਤੋਂ ਛੋਟੀ ਹੈ?

**ਅਧਿਆਪਕ (ਭਵਿੱਖ ਦੇ ਸਿਰਜਣਹਾਰਾਂ ਦੀ ਬਦਹਾਲੀ ਅਤੇ 'ਹਰੇ ਪੈੱਨ' ਦੀ ਉਡੀਕ)** : ਸਮਾਜ ਦਾ ਤੀਜਾ ਅਹਿਮ ਥੰਮ੍ਹ ਅਧਿਆਪਕ ਹਨ, ਜਿਨ੍ਹਾਂ ਨੇ ਬੱਚਿਆਂ ਨੂੰ ਭਵਿੱਖ ਲਈ ਤਿਆਰ ਕਰਨਾ ਹੈ ਅਤੇ ਉਹਨਾਂ ਨੂੰ ਦੁਨੀਆ ਵਿੱਚ ਵਿਚਰਨ ਦਾ ਸਲੀਕਾ ਸਿਖਾਉਣਾ ਹੈ। ਪਰ ਅੱਜ ਪੰਜਾਬ ਦਾ ਗੁਰੂ (ਅਧਿਆਪਕ) ਸੜਕਾਂ 'ਤੇ ਹੈ।

**ਮਾਨ ਸਾਹਿਬ, ਹਰੇ ਪੈੱਨ ਦੀ ਉਡੀਕ ਹੈ**: ਮੁੱਖ ਮੰਤਰੀ ਭਗਵੰਤ ਮਾਨ ਜੀ, ਤੁਸੀਂ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਬੱਸ ਇੱਕ ਵਾਰ ਹਰਾ ਪੈੱਨ ਮੇਰੇ ਹੱਥ ਫੜਾ ਦਿਓ, ਫਿਰ ਦੇਖਿਓ ਮੈਂ ਤੁਹਾਡੀਆਂ ਕਿਸਮਤਾਂ ਕਿਵੇਂ ਬਦਲਦਾ ਹਾਂ। ਪੰਜਾਬ ਦੇ ਅਧਿਆਪਕਾਂ ਨੇ ਤੁਹਾਨੂੰ ਉਹ ਹਰਾ ਪੈੱਨ ਫੜਾਇਆ ਹੈ। ਜਿਵੇਂ ਤੁਸੀਂ ਵਿਧਾਇਕਾਂ ਦੀਆਂ ਪੈਨਸ਼ਨਾਂ 'ਤੇ ਕੈਂਚੀ ਫੇਰ ਕੇ 'ਇੱਕ ਵਿਧਾਇਕ-ਇੱਕ ਪੈਨਸ਼ਨ' ਦਾ ਇਤਿਹਾਸਕ ਬਿੱਲ ਪਾਸ ਕੀਤਾ ਹੈ, ਉਸੇ ਤਰ੍ਹਾਂ ਇਨ੍ਹਾਂ ਅਧਿਆਪਕਾਂ ਲਈ ਵੀ ਕੋਈ ਅਜਿਹਾ ਠੋਸ ਬਿੱਲ ਲਿਆਓ ਤਾਂ ਜੋ ਇਨ੍ਹਾਂ ਨੂੰ ਕਿਸੇ ਅੱਗੇ ਹੱਥ ਨਾ ਫੈਲਾਉਣੇ ਪੈਣ।

**ਗੁਜ਼ਾਰੇ ਲਈ ਤਰਸਦੇ ਗੁਰੂ**: ਅਧਿਆਪਕ ਚਾਹੁੰਦੇ ਹਨ ਕਿ ਉਹਨਾਂ ਦੀਆਂ ਨੌਕਰੀਆਂ ਪੱਕੀਆਂ ਹੋਣ ਅਤੇ ਉਹਨਾਂ ਨੂੰ ਵਾਜਬ ਤਨਖਾਹਾਂ ਮਿਲਣ, ਤਾਂ ਜੋ ਉਹ ਆਪਣੇ ਪਰਿਵਾਰ ਨੂੰ ਪਾਲ ਸਕਣ ਅਤੇ ਆਪਣਾ ਧਿਆਨ ਸਿਰਫ਼ ਬੱਚਿਆਂ ਦੀ ਸਿੱਖਿਆ 'ਤੇ ਲਗਾ ਸਕਣ। ਮਾਨ ਸਾਹਿਬ, ਦੇਸ਼ ਦੇ ਰਖਵਾਲੇ (ਫੌਜੀ) ਅਤੇ ਦੇਸ਼ ਨੂੰ ਤਰੱਕੀ ਦੀਆਂ ਰਾਹਾਂ 'ਤੇ ਲੈ ਜਾਣ ਵਾਲੇ ਅਧਿਆਪਕ ਅੱਜ ਤੁਹਾਡੇ ਹਰੇ ਪੈੱਨ ਵੱਲ ਬੜੀ ਉਮੀਦ ਨਾਲ ਦੇਖ ਰਹੇ ਹਨ।

**ਅਕਾਲੀ-ਭਾਜਪਾ ਸਰਕਾਰ ਦਾ ਉਹ ਫੈਸਲਾ (26 ਅਕਤੂਬਰ 2016)** : ਪੰਜਾਬ ਦੀ ਸਿਆਸਤ ਵਿੱਚ ਇਹ ਕਾਲਾ ਅਧਿਆਇ ਉਦੋਂ ਜੁੜਿਆ ਜਦੋਂ 2016 ਵਿੱਚ ਅਕਾਲੀ-ਭਾਜਪਾ ਸਰਕਾਰ ਨੇ ਚੋਣਾਂ ਤੋਂ ਠੀਕ ਪਹਿਲਾਂ ਪੈਨਸ਼ਨ ਦੇ ਨਿਯਮਾਂ ਵਿੱਚ ਅਜਿਹੀ ਸੋਧ ਕੀਤੀ ਕਿ ਪੈਨਸ਼ਨ ਲੈਣ ਲਈ ਸਮੇਂ ਦੀ ਸ਼ਰਤ ਹੀ ਖ਼ਤਮ ਕਰ ਦਿੱਤੀ ਗਈ।

**ਲੁੱਟ ਦੀ ਖੁੱਲ੍ਹ**: ਇਸ ਕਾਨੂੰਨ ਨੇ ਇਹ ਤੈਅ ਕਰ ਦਿੱਤਾ ਕਿ ਜੇਕਰ ਕੋਈ ਵਿਅਕਤੀ ਕੁਝ ਦਿਨਾਂ ਲਈ ਵੀ ਵਿਧਾਇਕ ਬਣਿਆ, ਤਾਂ ਵੀ ਉਹ ਸਰਕਾਰੀ ਖ਼ਜ਼ਾਨੇ ਵਿੱਚੋਂ ਹਰ ਮਹੀਨੇ ਮੋਟੀ ਰਕਮ ਲੈਣ ਦਾ ਹੱਕਦਾਰ ਹੋਵੇਗਾ।

**ਮਲਟੀ-ਟਰਮ ਪੈਨਸ਼ਨ**: ਜਿੰਨੀ ਵਾਰ ਜਿੱਤੋ, ਉਨੀ ਵਾਰ ਪੈਨਸ਼ਨ ਵਧਾਓ— ਇਸ ਫਾਰਮੂਲੇ ਨੇ ਸਾਬਕਾ ਨੇਤਾਵਾਂ ਨੂੰ ਲੱਖਪਤੀ ਬਣਾ ਦਿੱਤਾ, ਜਦਕਿ ਆਮ ਜਨਤਾ ਕਰਜ਼ੇ ਦੇ ਬੋਝ ਹੇਠ ਦੱਬੀ ਗਈ।

**'ਆਪ' ਸਰਕਾਰ ਦਾ 'ਇੱਕ ਵਿਧਾਇਕ-ਇੱਕ ਪੈਨਸ਼ਨ' ਕਾਨੂੰਨ (2022)**: ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਗਸਤ 2022 ਵਿੱਚ ਇਸ ਸਿਆਸੀ ਲੁੱਟ ਨੂੰ ਨੱਥ ਪਾਉਣ ਲਈ One MLA-One Pension ਬਿੱਲ ਲਾਗੂ ਕੀਤਾ।

**ਇਤਿਹਾਸਕ ਬਦਲਾਅ**: ਹੁਣ ਕੋਈ ਨੇਤਾ ਭਾਵੇਂ ਕਿੰਨੀ ਵਾਰ ਵੀ ਵਿਧਾਇਕ ਰਹੇ ਉਸਨੂੰ ਸਿਰਫ਼ ਇੱਕ ਹੀ ਪੈਨਸ਼ਨ (ਲਗਭਗ 75,000) ਮਿਲੇਗੀ।

**ਬਚਤ ਅਤੇ ਉਮੀਦ**: ਇਸ ਫੈਸਲੇ ਨਾਲ ਸਾਲਾਨਾ 19-20 ਕਰੋੜ ਰੁਪਏ ਦੀ ਬਚਤ ਹੋ ਰਹੀ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਬਚਤ ਹੁਣ ਉਹਨਾਂ ਫੌਜੀਆਂ ਅਤੇ ਅਧਿਆਪਕਾਂ ਦੇ ਹੱਕ ਵਿੱਚ ਵਰਤੀ ਜਾਵੇਗੀ ਜੋ ਇਸ ਦੇ ਅਸਲ ਹੱਕਦਾਰ ਹਨ?

**ਲੋੜ ਦੋਹਰੇ ਮਾਪਦੰਡ ਖ਼ਤਮ ਕਰਨ ਦੀ : ਸਰਕਾਰ ਨੂੰ ਚਾਹੀਦਾ ਹੈ ਕਿ:**

**ਅਗਨੀਵੀਰਾਂ ਲਈ ਪੈਨਸ਼ਨ**: ਸਰਹੱਦਾਂ 'ਤੇ ਲੜਨ ਵਾਲੇ ਹਰ ਨੌਜਵਾਨ ਅਤੇ ਸ਼ਹੀਦ ਦੇ ਪਰਿਵਾਰ ਲਈ ਪੱਕੀ ਪੈਨਸ਼ਨ ਦਾ ਪ੍ਰਬੰਧ ਹੋਵੇ।

**ਅਧਿਆਪਕਾਂ ਦਾ ਸਨਮਾਨ**: ਵਿਧਾਇਕਾਂ ਵਾਂਗ ਅਧਿਆਪਕਾਂ ਲਈ ਵੀ ਸਨਮਾਨਜਨਕ ਤਨਖਾਹ ਅਤੇ ਪੈਨਸ਼ਨ ਨੀਤੀ ਬਣੇ। **ਬਰਾਬਰ ਕਾਨੂੰਨ**: ਜੇਕਰ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਹੈ ਤਾਂ ਸਿਆਸਤਦਾਨਾਂ ਨੂੰ ਇਹ ਵਿਸ਼ੇਸ਼ ਸਹੂਲਤ ਕਿਉਂ ? ਸਭ ਲਈ ਇੱਕੋ ਜਿਹਾ ਕਾਨੂੰਨ ਹੋਣਾ ਚਾਹੀਦਾ ਹੈ।

ਪੰਜਾਬ ਵਿੱਚ ਪੈਨਸ਼ਨ ਪ੍ਰਣਾਲੀ ਦੀ ਇਹ ਤਸਵੀਰ ਬਹੁਤ ਹੀ ਚਿੰਤਾਜਨਕ ਹੈ। ਇੱਕ ਵਿਧਾਇਕ-ਇੱਕ ਪੈਨਸ਼ਨ ਇੱਕ ਚੰਗੀ ਸ਼ੁਰੂਆਤ ਹੈ, ਪਰ ਜਦੋਂ ਤੱਕ ਦੇਸ਼ ਲਈ ਜਾਨ ਦੇਣ ਵਾਲੇ ਫੌਜੀ ਅਤੇ ਦੇਸ਼ ਬਣਾਉਣ ਵਾਲੇ ਅਧਿਆਪਕ ਆਪਣੇ ਹੱਕਾਂ ਲਈ ਸੜਕਾਂ 'ਤੇ ਹਨ ਉਦੋਂ ਤੱਕ ਸਿਆਸਤਦਾਨਾਂ ਦੀ ਪੈਨਸ਼ਨ ਜਨਤਾ ਦੇ ਪੈਸੇ ਦੀ ਲੁੱਟ ਹੀ ਕਹਾਏਗੀ। ਮਾਨ ਸਾਹਿਬ, ਹਰੇ ਪੈੱਨ ਦੀ ਤਾਕਤ ਹੁਣ ਉਹਨਾਂ ਹੱਥਾਂ ਨੂੰ ਮਜ਼ਬੂਤ ਕਰਨ ਲਈ ਵਰਤੋ ਜਿਹੜੇ ਦੇਸ਼ ਦੀ ਨੀਂਹ ਰੱਖ ਰਹੇ ਹਨ।

# ਧੁੰਦ ਦੌਰਾਨ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੀਤੇ ਜਾਣ ਲੋੜੀਂਦੇ ਉਪਰਾਲੇ : ਡਾ. ਨਿਧੀ ਕੁਮੁਦ

## ➢ਸਕੂਲੀ ਵਾਹਨਾਂ ਦੀ ਨਿਯਮਿਤ ਚੈਕਿੰਗ ਨੂੰ ਯਕੀਨੀ ਬਣਾਇਆ ਜਾਵੇ



ਫਿਰੋਜ਼ਪੁਰ, 17 ਜਨਵਰੀ (ਤਿਵਾੜੀ): ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੋਡ ਸੇਫਟੀ ਦੀ ਮੀਟਿੰਗ ਹੋਈ, ਜਿਸ ਦੌਰਾਨ ਜ਼ਿਲ੍ਹੇ ਵਿੱਚ ਸੜਕੀ ਹਾਦਸਿਆਂ ਤੋਂ ਬਚਾਅ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸੜਕਾਂ 'ਤੇ ਬਲੈਕ ਸਪਾਟਸ, ਟ੍ਰੈਫਿਕ ਲਾਈਟਾਂ, ਜੈਬਰਾ ਕਰਾਸਿੰਗ, ਸੜਕਾਂ 'ਤੇ ਕਬਜ਼ੇ, ਭਾਰੀ ਵਾਹਨਾਂ ਦੀ ਅਵਾਜਾਈ, ਆਵਾਰਾ ਪਸ਼ੂਆਂ ਅਤੇ ਧੁੰਦ ਦੌਰਾਨ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਉਪਰਾਲਿਆਂ 'ਤੇ ਚਰਚਾ ਕੀਤੀ ਗਈ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਜ਼ਿਲ੍ਹੇ ਵਿੱਚ ਵੱਧ ਹਾਦਸਿਆਂ ਵਾਲੀਆਂ ਥਾਵਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੇ ਕੀਤੇ ਗਏ ਢੁਕਵੇਂ ਹੱਲ ਬਾਰੇ ਰਿਪੋਰਟ ਪ੍ਰਾਪਤ ਕਰਨ ਤੋਂ ਇਲਾਵਾ ਟ੍ਰੈਫਿਕ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜ਼ਿਲ੍ਹੇ ਵਿੱਚ ਜਿੱਥੇ ਵੀ ਟ੍ਰੈਫਿਕ ਲਾਈਟਾਂ ਦੀ ਸਮੱਸਿਆ, ਬਲੈਕ ਸਪੌਟ ਅਤੇ ਸੜਕੀ ਹਾਦਸੇ ਹੋਣ ਦਾ ਖਦਸ਼ਾ ਹੈ, ਉੱਥੇ ਤੁਰੰਤ ਲੋੜੀਂਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਆਵਾਰਾ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਿਵ ਕਾਲਰ ਪਾਉਣ ਅਤੇ ਸੜਕਾਂ ਤੋਂ ਆਵਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਭੇਜਣ ਸਬੰਧੀ ਵੀ ਜ਼ਰੂਰੀ ਕਦਮ ਚੁੱਕਣ ਲਈ ਕਿਹਾ। ਵਧੀਕ ਡਿਪਟੀ ਕਮਿਸ਼ਨਰ ਨੇ ਬੱਸਾਂ ਵਿੱਚ ਬੱਚਿਆਂ ਅਤੇ ਮਹਿਲਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ, ਯਾਤਰੀਆਂ ਲਈ ਸੁਰੱਖਿਆ ਇੰਤਜ਼ਾਮ ਮਜ਼ਬੂਤ ਕਰਨ ਅਤੇ ਸਮੇਂ-ਸਮੇਂ 'ਤੇ ਚੈਕਿੰਗ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਲੋਕ ਨਿਰਮਾਣ ਵਿਭਾਗ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੂੰ ਸੜਕਾਂ ਦੀ ਮੁਰੰਮਤ, ਬਲੈਕ ਸਪੌਟਸ ਅਤੇ ਹਾਦਸਿਆਂ ਦਾ ਕਾਰਨ ਬਣ ਰਹੀਆਂ ਰੁਕਾਵਟਾਂ ਨੂੰ ਜਲਦ ਤੋਂ ਜਲਦ ਦੂਰ ਕਰਨ ਲਈ ਕਿਹਾ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਅਣਸੁਰੱਖਿਅਤ ਸਕੂਲੀ ਵਾਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਨਾਲ ਤਾਲਮੇਲ ਕਰਕੇ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਕੂਲਾਂ ਵਿੱਚ ਸਕੂਲੀ ਵਾਹਨਾਂ ਦੀ ਨਿਯਮਿਤ ਚੈਕਿੰਗ ਯਕੀਨੀ ਬਣਾਉਣ ਲਈ ਕਿਹਾ, ਤਾਂ ਜੋ ਬੱਚਿਆਂ ਦੀ ਸੁਰੱਖਿਆ ਸਬੰਧੀ ਜਾਰੀ ਹਦਾਇਤਾਂ ਦੀ ਪੂਰੀ ਪਾਲਣਾ ਹੋ ਸਕੇ। ਮੀਟਿੰਗ ਦੌਰਾਨ ਓਵਰਲੋਡਿੰਗ ਕਰਨ ਵਾਲੇ ਵਾਹਨਾਂ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਇਸ ਤੋਂ ਇਲਾਵਾ ਆਮ ਲੋਕਾਂ, ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਨਿਯਮਿਤ ਤੌਰ 'ਤੇ ਜਾਗਰੂਕਤਾ ਸੈਮੀਨਾਰ ਆਯੋਜਿਤ ਕਰਨ ਲਈ ਵੀ ਕਿਹਾ। ਮੀਟਿੰਗ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਡਾ. ਸਤਿੰਦਰ ਸਿੰਘ, ਜੀ.ਐੱਮ. ਰੋਡਵੇਜ਼ ਅਮਿਤ ਅਰੋੜਾ, ਸੁਖਪਾਲ ਸਿੰਘ ਸੁਪਰਡੈਂਟ ਸੈਨੀਟਰੀ, ਐਸ.ਡੀ.ਓ.ਪੀ.ਡੀਬਲਿਊ.ਡੀ. ਸਿਮਰਨ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਡੱਬਵਾਲਾ ਕਲਾਂ ਸਕੂਲ ਦੀਆਂ ਵਿਦਿਆਰਥਣਾਂ ਨੇ ਲਗਾਤਾਰ ਦੂਜੇ ਸਾਲ ਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ

## ਰੇਖਾ ਰਾਣੀ ਨੂੰ ਮਿਲਿਆ ਭਾਰਤ ਦੀ ਬੈਸਟ ਐਕਟਰਸ ਦਾ ਐਵਾਰਡ



ਫਾਜ਼ਿਲਕਾ 17 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ ): ਨੈਸ਼ਨਲ ਕੌਂਸਲ ਆਫ਼ ਸਾਇੰਸ ਮਿਊਜ਼ੀਅਮਜ਼, ਸੰਸਕ੍ਰਿਤੀ ਮੰਤਰਾਲਾ, ਭਾਰਤ ਸਰਕਾਰ ਦੇ ਅਧੀਨ ਕੋਲਕਾਤਾ ਦੇ ਬਿਰਲਾ ਇੰਡਸਟਰੀਅਲ ਐਂਡ ਟੈਕਨੋਲੋਜੀਕਲ ਮਿਊਜ਼ੀਅਮ ਵਿੱਚ ਆਯੋਜਿਤ ਨੈਸ਼ਨਲ ਲੈਵਲ ਸਾਇੰਸ ਡਰਾਮਾ ਫੈਸਟੀਵਲ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੱਬਵਾਲਾ ਕਲਾਂ (ਫਾਜ਼ਿਲਕਾ) ਦੀ ਟੀਮ ਪੰਜਾਬ ਨੇ ਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਉਪਲਬਧੀ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਇਹ ਪ੍ਰਾਪਤੀ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਸਿਰਜਣਾਤਮਕ ਅਤੇ ਅਕਾਦਮਿਕ ਸਮਰੱਥਾ ਨੂੰ ਦਰਸਾਉਂਦੀ ਹੈ। ਰਾਸ਼ਟਰੀ ਪੱਧਰ 'ਤੇ ਇਨਾਮ ਸਿਰਫ਼ ਵਿਅਕਤੀਗਤ ਸ਼੍ਰੇਣੀਆਂ ਵਿੱਚ ਹੀ ਦਿੱਤੇ ਜਾਂਦੇ ਹਨ ਅਤੇ ਟੀਮ ਪ੍ਰਦਰਸ਼ਨਾਂ ਲਈ ਪਹਿਲਾ, ਦੂਜਾ ਜਾਂ ਤੀਜਾ ਸਥਾਨ ਨਹੀਂ ਰੱਖਿਆ ਜਾਂਦਾ। ਇਸ ਕਠਿਨ ਮੁਕਾਬਲੇ ਵਿੱਚ ਕਲਾਸ ਸੱਤਵੀਂ ਦੀ ਵਿਦਿਆਰਥਣ ਰੇਖਾ ਰਾਣੀ ਨੇ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਬੈਸਟ ਐਕਟ੍ਰੈਸ (ਫੀਮੇਲ) ਦਾ ਇਨਾਮ ਜਿੱਤ ਕੇ ਵਿਸ਼ੇਸ਼ ਸਨਮਾਨ ਹਾਸਲ ਕੀਤਾ। ਇਨਾਮ ਪ੍ਰਾਪਤ ਹਿੰਦੀ ਨਾਟਕ 'ਦੀਪ ਜਲਾਨੇ ਵੋ ਆਈ' ਦੇ ਲੇਖਕ, ਨਿਰਦੇਸ਼ਕ ਅਤੇ ਸੰਗੀਤਕਾਰ ਕੁਲਜੀਤ ਭੱਟੀ ਹਨ, ਜਦਕਿ ਵੀਰਾਂ ਕੌਰ ਨੇ ਸਹਿ-ਨਿਰਦੇਸ਼ਕ ਦੀ ਭੂਮਿਕਾ ਨਿਭਾਈ। ਨਾਟਕ ਨੂੰ ਆਪਣੇ ਮਜ਼ਬੂਤ ਸਮਾਜਿਕ ਸੰਦੇਸ਼, ਸੁਚੱਜੀ ਪੇਸ਼ਕਾਰੀ ਅਤੇ ਵਿਦਿਆਰਥੀਆਂ ਦੀ ਅਭਿਨੈ ਸਮਰੱਥਾ ਲਈ ਕਾਫ਼ੀ ਸਰਾਹਿਆ ਗਿਆ। ਇਸ ਪ੍ਰਦਰਸ਼ਨ ਵਿੱਚ ਰੇਖਾ ਰਾਣੀ, ਅਨੂੰ, ਹਰਮਨਦੀਪ ਕੌਰ, ਪਲਕ, ਸਿਮਰਨਜੀਤ ਕੌਰ, ਅੰਜਲੀ, ਰਮਨਦੀਪ ਕੌਰ ਅਤੇ ਖੁਸ਼ਨੂਰ ਕੌਰ ਨੇ ਵੱਖ ਵੱਖ ਕਿਰਦਾਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਏ। ਪ੍ਰਭਸਿਮਰਨਜੀਤ ਕੌਰ, ਦੀਕਸ਼ਾ ਅਤੇ ਜਸ਼ਨਪ੍ਰੀਤ ਕੌਰ ਵੱਲੋਂ ਤਕਨੀਕੀ ਸਹਾਇਤਾ ਦਿੱਤੀ ਗਈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਧਵਾਲਾ ਹਾਜ਼ਰਖਾਨ ਦੇ ਇਤਿਹਾਸ ਵਿਸ਼ੇ ਦੇ ਲੈਕਚਰਾਰ ਸ੍ਰੀ ਮਦਨ ਘੋੜੇਲਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਵੱਲੋਂ ਵੱਡੇ ਡਰਾਮਾ ਸੈੱਟ ਦੀ ਜ਼ਿੰਮੇਦਾਰੀ ਸੰਭਾਲੀ। ਟੀਮ ਵੱਲੋਂ ਸ੍ਰੀ ਭੁਪਿੰਦਰ ਉਤਰੇਜਾ, ਸ੍ਰੀ ਵਿਕਾਸ ਬੱਤਰਾ, ਸ੍ਰੀ ਸੰਜੀਵ ਗਿਲਹੋਤਰਾ ਅਤੇ ਪ੍ਰੋ. ਕਸ਼ਮੀਰ ਲੂਨਾ ਦਾ ਲਗਾਤਾਰ ਹੌਸਲਾ ਅਫ਼ਜ਼ਾਈ ਅਤੇ ਮਾਰਗਦਰਸ਼ਨ ਲਈ ਵੀ ਧੰਨਵਾਦ ਪ੍ਰਗਟ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰਿੰਸੀਪਲ ਸ੍ਰੀ ਸੁਭਾਸ਼ ਨਰੂਲਾ ਅਤੇ ਸਕੂਲ ਸਟਾਫ਼ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਹ ਉਪਲਬਧੀ ਸੂਬਾ ਨੋਡਲ ਅਫ਼ਸਰ ਸ੍ਰੀਮਤੀ ਰਮਿੰਦਰਜੀਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ੍ਰੀ ਅਜੇ ਸ਼ਰਮਾ, ਜ਼ਿਲ੍ਹਾ ਨੋਡਲ ਅਫ਼ਸਰ ਸ੍ਰੀ ਵਿਕਾਸ ਗ੍ਰੋਵਰ ਅਤੇ ਬੀ.ਆਰ.ਸੀ. ਸ੍ਰੀ ਸਤਿੰਦਰ ਸਚਦੇਵਾ ਦੀ ਯੋਗ ਰਹਿਨੁਮਾਈ ਅਤੇ ਸਹਿਯੋਗ ਨਾਲ ਸੰਭਵ ਹੋਈ। ਇਹ ਸਫਲਤਾ ਜ਼ਿਲ੍ਹੇ ਅਤੇ ਪੰਜਾਬ ਰਾਜ ਲਈ ਮਾਣ ਦਾ ਵਿਸ਼ਾ ਹੈ ਅਤੇ ਸਰਕਾਰੀ ਸਕੂਲਾਂ ਦੀ ਰਾਸ਼ਟਰੀ ਅਕਾਦਮਿਕ ਅਤੇ ਸਾਂਸਕ੍ਰਿਤਿਕ ਮੰਚਾਂ 'ਤੇ ਵਧਦੀ ਭੂਮਿਕਾ ਨੂੰ ਦਰਸਾਉਂਦੀ ਹੈ। ਇਹ ਜਾਣਕਾਰੀ ਕੁਲਜੀਤ ਭੱਟੀ (ਲੇਖਕ/ਨਿਰਦੇਸ਼ਕ/ਸਾਇੰਸ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਬਵਾਲਾ ਕਲਾਂ) ਵੱਲੋਂ ਦਿੱਤੀ ਗਈ।

# ਚੋਣ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਦੇ ਹੱਕ 'ਚ ਕੈਂਡਲ ਮਾਰਚ

## ਮੋਗਾ ਵਿਖੇ ਸੂਬਾ ਪੱਧਰੀ 'ਇਨਸਾਫ਼ ਰੈਲੀ' 'ਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਐਲਾਨ



ਅਮਲੋਹ, 17 ਜਨਵਰੀ (ਜਸਵੰਤ ਸਿੰਘ): ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣ ਡਿਊਟੀ ਦੌਰਾਨ ਮੋਗਾ ਵਿਖੇ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਨੂੰ ਇਨਸਾਫ ਦੁਆਉਣ ਲਈ ਅਮਲੋਹ 'ਚ ਕੈਂਡਲ ਮਾਰਚ ਕੱਢਿਆ ਗਿਆ, ਜਿਸ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿਚ ਅਧਿਆਪਕਾਂ ਅਤੇ ਭਰਾਤਰੀ ਜਥੇਬੰਦੀਆਂ ਨੇ ਭਾਗ ਲਿਆ। ਸ੍ਰੀ ਰਾਜੇਸ਼ ਕੁਮਾਰ ਅਮਲੋਹ, ਜੋਸ਼ੀਲ ਤਿਵਾੜੀ, ਜਗਵਿੰਦਰ ਸਿੰਘ ਅਤੇ ਬੇਅੰਤ ਸਿੰਘ ਭਾਂਬਰੀ ਨੇ ਦੱਸਿਆ ਕਿ ਚੋਣਾਂ ਦੌਰਾਨ 14 ਦਸੰਬਰ ਨੂੰ ਅਧਿਆਪਕ ਜਸਕਰਨ ਸਿੰਘ ਭੁੱਲਰ ਆਪਣੀ ਪਤਨੀ ਅਧਿਆਪਕਾ ਕਮਲਜੀਤ ਕੌਰ ਨਾਲ ਚੋਣ ਡਿਊਟੀ 'ਤੇ ਜਾ ਰਿਹਾ ਸੀ ਕਿ ਉਸ ਦੀ ਕਾਰ ਰਜਵਾਹੇ 'ਚ ਡਿੱਗਣ ਕਾਰਣ ਉਨ੍ਹਾਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਮੂਣਕ ਵਿਖੇ ਐਸੋਸੀਏਟ ਅਧਿਆਪਕਾ ਰਾਜਵੀਰ ਕੌਰ, ਸਿੱਖਿਆ ਪ੍ਰੋਵਾਇਡਰ ਅਧਿਆਪਕਾ ਪਰਮਜੀਤ ਕੌਰ ਸਮਾਣਾ ਨਜ਼ਦੀਕ ਅਤੇ ਗੁਰਵਿੰਦਰ ਸਿੰਘ ਪਾਤੜਾਂ ਨਜ਼ਦੀਕ ਹਾਦਸਿਆਂ ਦਾ ਸ਼ਿਕਾਰ ਹੋ ਕੇ ਜ਼ਖਮੀ ਹੋਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਕਈ ਹੋਰ ਥਾਵਾਂ 'ਤੇ ਵੀ ਅਧਿਆਪਕਾਂ ਦੀਆਂ ਡਿਊਟੀਆਂ ਦੂਰ ਲਗਾਈਆਂ ਗਈਆਂ ਜਿਸ ਕਾਰਣ ਉਨ੍ਹਾਂ ਨੂੰ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮ੍ਰਿਤਕ ਜੋੜੇ ਨੂੰ ਦਸ-ਦਸ ਲੱਖ ਰੁਪਏ ਦੀ ਨਿਗੂਣੀ ਰਾਸ਼ੀ ਦੇ ਚੈੱਕ ਦਿੱਤੇ ਜਿਨ੍ਹਾਂ ਨੂੰ ਪਰਿਵਾਰ ਅਤੇ ਜਥੇਬੰਦੀਆਂ ਵੱਲੋਂ ਨਕਾਰ ਦਿੱਤਾ ਜਦੋਂ ਕਿ ਜ਼ਖਮੀਆਂ ਦੀ ਅਜੇ ਤੱਕ ਸਾਰ ਨਹੀਂ ਲਈ। ਉਨ੍ਹਾਂ ਮੰਗ ਕੀਤੀ ਕਿ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੇ ਪਰਿਵਾਰਾਂ ਨੂੰ 2-2 ਕਰੋੜ ਤੁਰੰਤ ਜਾਰੀ ਕੀਤਾ ਜਾਵੇ ਅਤੇ ਪੜ੍ਹਾਈ ਦੇ ਖਰਚੇ ਦੀ ਜ਼ੁੰਮੇਵਾਰੀ ਲੈਂਦੇ ਹੋਏ ਸਰਕਾਰੀ ਨੌਕਰੀ ਰਾਖਵੀਂ ਕੀਤੀ ਜਾਵੇ। ਉਨ੍ਹਾਂ ਜ਼ਖਮੀਆਂ ਨੂੰ 20-20 ਲੱਖ ਰੁਪਏ ਮੁਆਵਜ਼ਾ ਦੇਣ ਅਤੇ ਇਲਾਜ ਤੱਕ ਤਨਖਾਹ ਸਮੇਤ ਛੁੱਟੀ 'ਤੇ ਮੰਨਿਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਵਾਅਦੇ ਅਨੁਸਾਰ ਅਧਿਆਪਕਾਂ ਦੀਆਂ ਬੀ.ਐਲ.ਓ.ਅਤੇ ਹੋਰ ਗੈਰ-ਵਿਦਿਅਕ ਡਿਊਟੀਆਂ ਰੱਦ ਕੀਤੀਆਂ ਜਾਣ। ਉਨ੍ਹਾਂ ਇਨਸਾਫ਼ ਦੀ ਮੰਗ ਨੂੰ ਲੈ ਕੇ 18 ਜਨਵਰੀ ਨੂੰ ਮੋਗਾ ਵਿਚ ਕੀਤੀ ਜਾ ਰਹੀ ਵਿਸ਼ਾਲ ਸੂਬਾ ਪੱਧਰੀ ਰੈਲੀ ਵਿਚ ਵੀ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਬਲਵੀਰ ਸਿੰਘ ਮੁੱਲਾਂਪੁਰੀ, ਲਖਵਿੰਦਰ ਸਿੰਘ ਪਹੇੜੀ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਵਿੰਦਰ ਸਿੰਘ, ਰਾਜਿੰਦਰ ਸਿੰਘ ਲੱਲੋਂ, ਗੁਰਪ੍ਰੀਤ ਸਿੰਘ ਵੜੈਚ, ਹਰਪਾਲ ਸਿੰਘ, ਅਵਤਾਰ ਸਿੰਘ ਰਾਠੀ, ਮੱਘਰ ਸਿੰਘ, ਵਰਿੰਦਰ ਸਿੰਘ, ਹਰਵਿੰਦਰ ਸਿੰਘ ਟਿੱਬੀ, ਸੁਖਵਿੰਦਰ ਸਿੰਘ, ਅਮਰੀਕ ਸਿੰਘ, ਲਛਮਣ ਸਿੰਘ, ਚੰਦਨ ਕੁਮਾਰ, ਭੁਪਿੰਦਰਜੀਤ ਸਿੰਘ, ਗੁਰਚਰਨ ਸਿੰਘ, ਦਰਸ਼ਨ ਸਿੰਘ ਸਲਾਣੀ, ਅਵਤਾਰ ਸਿੰਘ ਭਾਬਰੀ, ਨਾਜ਼ਰ ਸਿੰਘ, ਬਲਜੀਤ ਸਿੰਘ ਬੁੱਗਾ, ਜਗਪਾਲ ਸਿੰਘ, ਗੁਰਪਾਲ ਸਿੰਘ ਅੰਨੀਆਂ, ਸਤਵੀਰ ਸਿੰਘ, ਇੰਦਰਜੀਤ ਸਿੰਘ, ਕੁਲਦੀਪ ਸਿੰਘ, ਜਗਪਾਲ ਸਿੰਘ, ਕਿਸਾਨ ਆਗੂ ਬਲਵੰਤ ਸਿੰਘ ਮਾਨ ਅਤੇ ਗੁਰਚਰਨ ਸਿੰਘ ਭਾਂਬਰੀ ਆਦਿ ਹਾਜ਼ਰ ਸਨ।

### ਪੀ.ਟੀ.ਆਈ. ਭਰਤੀ ਮਾਮਲਾ

# 7 ਮਹੀਨੇ ਬਾਅਦ ਵੀ ਪੋਰਟਲ ਨਹੀਂ ਖੁੱਲ੍ਹਿਆ, ਬੇਰੁਜ਼ਗਾਰਾਂ 'ਚ ਰੋਸ



ਫਾਜ਼ਿਲਕਾ, 17 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਚੋਣਾਂ ਦੌਰਾਨ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਰਕਾਰ ਬਣਨ 'ਤੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਪੀ.ਟੀ.ਆਈ ਅਧਿਆਪਕਾਂ ਦੀ ਭਰਤੀ ਕੀਤੀ ਜਾਵੇਗੀ। ਪਰ ਹਕੀਕਤ ਵਿੱਚ ਨਾ ਸਿਰਫ਼ ਭਰਤੀ ਪ੍ਰਕਿਰਿਆ ਅਧੂਰੀ ਛੱਡੀ ਗਈ, ਸਗੋਂ ਉਮੀਦਵਾਰਾਂ ਤੋਂ ਭਰਤੀ ਫੀਸ ਵਜੋਂ ਦੋ-ਦੋ ਹਜ਼ਾਰ ਰੁਪਏ ਵੀ ਲਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੇਰੁਜ਼ਗਾਰ ਪੀ.ਟੀ.ਆਈ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਅਮਨਦੀਪ ਕੰਬੋਜ ਨੇ ਦੱਸਿਆ ਕਿ ਪ੍ਰਾਇਮਰੀ ਕੇਡਰ ਅਧੀਨ 2000 ਪੀ.ਟੀ.ਆਈ ਅਧਿਆਪਕਾਂ ਦੀ ਭਰਤੀ ਲਈ 23 ਜੁਲਾਈ 2025 ਨੂੰ ਆਨਲਾਈਨ ਪੋਰਟਲ ਖੋਲ੍ਹਿਆ ਗਿਆ ਸੀ। ਇਸ ਦੌਰਾਨ ਕਈ ਉਮੀਦਵਾਰਾਂ ਵੱਲੋਂ 2000 ਰੁਪਏ ਫੀਸ ਭਰ ਕੇ ਫਾਰਮ ਵੀ ਭਰੇ ਗਏ ਸਨ। ਉਨ੍ਹਾਂ ਕਿਹਾ ਕਿ ਫਾਰਮ ਭਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਹੀ ਅਚਾਨਕ ਪੋਰਟਲ ਬੰਦ ਕਰ ਦਿੱਤਾ ਗਿਆ ਅਤੇ 11 ਜੁਲਾਈ 2025 ਨੂੰ ਭਰਤੀ ਬੋਰਡ ਵੱਲੋਂ ਇਸ ਭਰਤੀ ਦਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਗਿਆ, ਜਿਸ ਕਾਰਨ ਕਈ ਯੋਗ ਬੇਰੁਜ਼ਗਾਰ ਫਾਰਮ ਭਰਨ ਤੋਂ ਵਾਂਝੇ ਰਹਿ ਗਏ। ਅਮਨਦੀਪ ਕੰਬੋਜ ਨੇ ਦੱਸਿਆ ਕਿ ਜਦੋਂ ਨਵੀਂ ਬੇਰੁਜ਼ਗਾਰ ਪੀ.ਟੀ.ਆਈ ਅਧਿਆਪਕ ਯੂਨੀਅਨ ਵੱਲੋਂ ਸਿੱਖਿਆ ਵਿਭਾਗ ਨਾਲ ਸੰਪਰਕ ਕੀਤਾ ਗਿਆ ਤਾਂ ਵਿਭਾਗ ਵੱਲੋਂ ਕਿਹਾ ਗਿਆ ਕਿ ਇਸ ਭਰਤੀ ਸਬੰਧੀ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਜੱਜ ਦੇ ਹੁਕਮਾਂ ਅਨੁਸਾਰ ਨੋਟੀਫਿਕੇਸ਼ਨ ਵਾਪਸ ਲਿਆ ਗਿਆ ਹੈ। ਨਾਲ ਹੀ ਤਿੰਨ ਮੈਂਬਰੀ ਕਮੇਟੀ ਬਣਾਉਣ ਅਤੇ 20 ਦਿਨਾਂ ਅੰਦਰ ਪੋਰਟਲ ਮੁੜ ਆਨਲਾਈਨ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਯੂਨੀਅਨ ਨੇ ਸਖ਼ਤ ਰੋਸ ਜਤਾਉਂਦੇ ਹੋਏ ਚੇਤਾਵਨੀ ਦਿੱਤੀ ਕਿ ਜੇਕਰ 24 ਜਨਵਰੀ ਤੱਕ ਪੋਰਟਲ ਆਨਲਾਈਨ ਨਾ ਕੀਤਾ ਗਿਆ ਤਾਂ 26 ਜਨਵਰੀ ਨੂੰ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

# ਸ਼੍ਰੀ 1008 ਸ਼੍ਰੀ ਬਾਬਾ ਲਾਲ ਦਿਆਲ ਜੀ ਮਹਾਰਾਜ ਦਾ 671ਵਾਂ ਜਨਮ ਉਤਸਵ 20 ਨੂੰ



ਮੰਡੀ ਗੋਬਿੰਦਗੜ੍ਹ, 17 ਜਨਵਰੀ (ਸੂਦ): ਸ਼੍ਰੀ ਬਾਬਾ ਲਾਲ ਦਿਆਲ ਟਰੱਸਟ ਨੇ ਗੁਰੂ ਨਾਨਕ ਕਲੋਨੀ ਸਥਿਤ ਲਾਲ ਦੁਆਰਾ ਸਤਸੰਗ ਭਵਨ ਅਤੇ ਧਰਮਸ਼ਾਲਾ ਵਿਖੇ ਇੱਕ ਮੀਟਿੰਗ ਦਰਸ਼ਨ ਲਾਲ ਭਾਟੀਆ ਦੀ ਪ੍ਰਧਾਨਗੀ ਹੇਠ ਹੋਈ। ਸ੍ਰੀ ਭਾਟੀਆ ਨੇ ਦੱਸਿਆ ਕਿ ਯੋਗੀਰਾਜ 1008 ਸਤਿਗੁਰੂ ਸ਼੍ਰੀ ਬਾਬਾ ਲਾਲ ਦਿਆਲ ਜੀ ਮਹਾਰਾਜ ਦਾ 671ਵਾਂ ਜਨਮ ਉਤਸਵ 20 ਜਨਵਰੀ ਨੂੰ ਦੇਸ਼ ਭਰ ਵਿੱਚ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਮੰਦਰ ਨੂੰ ਦੁਲਹਨ ਵਾਂਗ ਸਜਾਇਆ ਜਾਵੇਗਾ।

ਸ਼੍ਰੀਮਤੀ ਸਾਵਿਤਰੀ ਮਿੱਤਲ ਅਤੇ ਉਦਯੋਗਪਤੀ ਰਮੇਸ਼ ਮਿੱਤਲ ਮੂਰਤੀ ਪੂਜਾ ਕਰਨਗੇ ਅਤੇ ਮੂਰਤੀ ਨੂੰ ਪਾਣੀ ਨਾਲ ਅਭਿਸ਼ੇਕ ਕਰਨਗੇ। ਸੁਪਰੀਮ ਗਰੁੱਪ ਦੇ ਸ਼੍ਰੀਮਤੀ ਗੀਤਾ ਵਿਜ ਅਤੇ ਸਮਾਜ ਸੇਵਕ ਜੀ.ਐਸ.ਰਾਏ ਹਵਨ ਸੰਕੀਰਤਨ ਦੌਰਾਨ ਦੀਵੇ ਜਗਾਉਣਗੇ। ਮੀਟਿੰਗ ਉਪਰੰਤ ਅਜਮੇਰ ਸਿੰਘ ਰਾਣਾ, ਬਾਲੀ, ਗੋਗਾ, ਸੁਰਿੰਦਰ ਕੁਮਾਰ ਮੰਡੀ ਗੋਬਿੰਦਗੜ੍ਹ, ਸੋਹਣ ਸਿੰਘ, ਮਨਜਿੰਦਰ ਸਿੰਘ, ਮਨਜੀਤ ਕੌਰ, ਅਨੀਤਾ, ਮੰਨਤ ਕੌਰ, ਪੁਸ਼ਪਿੰਦਰ ਸਿੰਘ ਆਦਿ ਨੂੰ ਵੱਖ-ਵੱਖ ਸ਼ਹਿਰਾਂ ਵਿਚ ਸੱਦਾ ਪੱਤਰ ਭੇਜਣ ਦਾ ਫ਼ੈਸਲਾ ਕੀਤਾ। ਇਸ ਮੌਕੇ ਜਨਰਲ ਸਕੱਤਰ ਨਰਿੰਦਰ ਭਾਟੀਆ, ਟਰੱਸਟ ਦੇ ਪ੍ਰਧਾਨ ਦਰਸ਼ਨ ਲਾਲ ਭਾਟੀਆ, ਮੀਤ ਪ੍ਰਧਾਨ ਸੁਭਾਸ਼ ਭਾਰਤੀ, ਜਨਰਲ ਸਕੱਤਰ ਨਰਿੰਦਰ ਭਾਟੀਆ, ਪ੍ਰਦੀਪ ਭਾਰਤੀ, ਸੋਹਣ ਸਿੰਘ, ਮਨਜਿੰਦਰ ਸਿੰਘ, ਮਨਜੀਤ ਕੌਰ, ਅਨੀਤਾ, ਮੰਨਤ ਕੌਰ ਅਤੇ ਪੁਸ਼ਪਿੰਦਰ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਗੁਰਦੀਪ ਸਿੰਘ ਰੰਧਾਵਾ ਇਤਿਹਾਸਿਕ ਮੰਦਰ ਸ੍ਰੀ ਬਾਵਾ ਲਾਲ ਦਿਆਲ ਜੀ ਵਿਖੇ ਨਤਮਸਤਕ ਹੋਏ



ਡੇਰਾ ਬਾਬਾ ਨਾਨਕ,17 ਜਨਵਰੀ(ਹੈਪੀ ਕੋਟਲੀ) : ਅੱਜ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਇਤਿਹਾਸਿਕ ਮੰਦਰ ਸ੍ਰੀ ਬਾਵਾ ਲਾਲ ਦਿਆਲ ਜੀ ਧਿਆਨਪੁਰ ਵਿਖੇ ਨਤਮਸਤਕ ਹੋਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਵਿਧਾਇਕ ਰੰਧਾਵਾ ਨੇ ਗੱਦੀ ਨਸ਼ੀਨ ਮਹੰਤ ਸ੍ਰੀ ਰਾਮ ਸੁੰਦਰ ਦਾਸ ਜੀ ਅਤੇ ਛੋਟੇ ਮਹਾਰਾਜ ਸ੍ਰੀ ਗੋਪਾਲ ਦਾਸ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਰੰਧਾਵਾ ਨੇ ਕਿਹਾ ਕਿ ਸ੍ਰੀ ਬਾਵਾ ਲਾਲ ਦਿਆਲ ਜੀ ਦਾ 671ਵਾਂ ਜਨਮ ਦਿਹਾੜਾ 20 ਜਨਵਰੀ ਨੂੰ ਧਿਆਨਪੁਰ ਵਿਖੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਤੇ ਸਲਾਨਾ ਜੋੜ ਮੇਲੇ ਨੂੰ ਲੈ ਕੇ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਵਿਧਾਇਕ ਰੰਧਾਵਾ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਬਾਵਾ ਲਾਲ ਦਿਆਲ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਪੁਖਤਾ ਪ੍ਰਬੰਧ ਕੀਤੇ ਜਾਣ ਤਾਂ ਜੋ ਦੂਰ ਦੁਰਾਡੇ ਤੋਂ ਆ ਰਹੀਆਂ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਵੀ ਕੋਈ ਪ੍ਰੇਸ਼ਾਨੀ ਨਾ ਆਵੇ।ਇਸ ਵਿਧਾਇਕ ਰੰਧਾਵਾ ਗੁਰਦੀਪ ਸਿੰਘ ਰੰਧਾਵਾ ਵੱਲੋਂ ਸਮੂਹ ਸੰਗਤਾਂ ਨੂੰ ਬਾਵਾ ਲਾਲ ਦਿਆਲ ਜੀ ਦੇ 671ਵੇਂ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਗਈਆਂ। ਸਵਾਲਾਂ ਦੇ ਜਵਾਬ ਦਿੰਦੇ ਹੋਏ ਵਿਧਾਇਕ ਰੰਧਾਵਾ ਨੇ ਕਿਹਾ ਕਿ ਸਮਾਂ ਆਉਣ 'ਤੇ ਵਿਰੋਧੀ ਧਿਰ ਨੂੰ ਸਾਰੇ ਕੰਮ ਦੱਸਾਂਗੇ। ਉਨ੍ਹਾਂ ਕਿਹਾ ਕਿ ਵਿਰੋਧੀ ਆਪ ਨੂੰ ਘੇਰਨ ਲਈ ਇਲਜ਼ਾਮ ਹੀ ਬਚੇ ਹਨ।ਇਸ ਵਿਧਾਇਕ ਰੰਧਾਵਾ ਵੱਲੋਂ ਵਿਰੋਧੀ ਧਿਰ 'ਤੇ ਹੋਰ ਨਿਸ਼ਾਨੇ ਸਾਧੇ ਗਏ।ਇਸ ਮੌਕੇ ਦਲਬੀਰ ਸਿੰਘ ਭਿੱਲਾ,ਬਲਰਾਜ ਸਿੰਘ ਸਰਪੰਚ ਖੈਹਿਰਾ ਸੁਲਤਾਨ,ਰਵਿੰਦਰ ਸਿੰਘ ਰਵੀ ਸਰਪੰਚ ਮੰਮਣ,ਸੁਲੱਖਣ ਸਿੰਘ ਸਰਪੰਚ ਬਸੰਤਕੋਟ, ਗਿਆਨੀ ਰਛਪਾਲ ਸਿੰਘ ਸਰਪੰਚ ਕੋਟਲੀ ਭਿੱਟੇਵੱਡ,ਸੁਖਵਿੰਦਰ ਸਿੰਘ ਸਰਪੰਚ ਕੋਟਲੀ,ਸੁਭਮ ਭਾਰਦਵਾਜ ਰਾਊਵਾਲ,ਮਨਦੀਪ ਸਿੰਘ ਗਿੱਲਾਵਾਲੀ,ਕਵਲਜੀਤ ਕੌਰ ਸਰਪੰਚ ਬਸਤੀ ਬਾਜੀਗਰ ਧਿਆਨਪੁਰ, ਬੱਲੀ ਭਾਰਦਵਾਜ, ਅੰਗਰੇਜ਼ ਸਿੰਘ ਸਰਪੰਚ ਟਪਿਆਲਾ ਜਸਵਿੰਦਰ ਸਿੰਘ ਜੱਸਾ ਬੰਬ, ਗੁਰਵਿੰਦਰ ਸਿੰਘ ਨਬੀਨਗਰ,ਮੋਹਨ ਮਸੀਹ, ਵਿਲੀਅਮ ਮਸੀਹ ਛਾਬੜਾ ਧਿਆਨਪੁਰ,ਹਰਿ ਭਾਰਦਵਾਜ ਲਵਪ੍ਰੀਤ ਸਿੰਘ ਪੀ ਏ ਵਿਧਾਇਕ ਰੰਧਾਵਾ, ਐਡਵੋਕੇਟ ਪਰਿਵਰਤਨ ਸਿੰਘ ਸੰਗਤੂਵਾਲ, ਮਲਕੀਤ ਸਿੰਘ ਸੰਗਤੂਵਾਲ ਆਦਿ ਹਾਜ਼ਰ ਸਨ।

# ਗੋਬਿੰਦਗੜ੍ਹ ਪਬਲਿਕ ਸਕੂਲ ਦੇ ਸਟਾਫ਼ ਨੇ ਗੁਰੂ ਘਰ 'ਚ ਸ਼ੁਕਰਾਨੇ ਦੀ ਅਰਦਾਸ ਕੀਤੀ



ਮੰਡੀ ਗੋਬਿੰਦਗੜ੍ਹ, 17 ਜਨਵਰੀ (ਸੂਦ): ਗੋਬਿੰਦਗੜ੍ਹ ਪਬਲਿਕ ਸਕੂਲ ਦੇ ਸਟਾਫ਼ ਵੱਲੋਂ ਧਾਰਮਿਕ ਸ਼ਰਧਾ ਅਤੇ ਆਤਮਿਕ ਉਤਸ਼ਾਹ ਨਾਲ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਗਿਆ। ਇਸ ਮੌਕੇ ਸਟਾਫ਼ ਮੈਂਬਰਾਂ ਨੇ ਪਿਛਲੇ ਸਾਲ ਦੇ 100 ਫ਼ੀਸਦੀ ਨਤੀਜੇ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਨਵੇਂ ਸਾਲ ਦੀ ਆਮਦ 'ਤੇ ਗੁਰੂ ਸਾਹਿਬ ਦੀ ਮਿਹਰ ਪ੍ਰਾਪਤ ਕਰਨ ਲਈ ਅਰਦਾਸ ਕੀਤੀ। ਇਸ ਮੌਕੇ ਸਟਾਫ਼ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਮਹਾਨ ਸ਼ਹਾਦਤ ਨੂੰ ਨਮਨ ਕਰਦੇ ਹੋਏ ਗੁਰੂ ਘਰ ਵਿੱਚ ਹਾਜ਼ਰੀ ਭਰੀ। ਉਨ੍ਹਾਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸਰਬੱਤ ਦੇ ਭਲੇ, ਵਿਦਿਆਰਥੀਆਂ ਦੀ ਤਰੱਕੀ, ਚੰਗੇ ਨਤੀਜਿਆਂ ਅਤੇ ਸਕੂਲ ਦੀ ਹੋਰ ਉੱਨਤੀ ਲਈ ਅਰਦਾਸ ਕੀਤੀ। ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਸਕੂਲ ਨੇ ਪਿਛਲੇ ਸਾਲ 100 ਫ਼ੀਸਦੀ ਨਤੀਜਾ ਪ੍ਰਾਪਤ ਕੀਤਾ ਜੋ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਧਾਰਮਿਕ ਅਤੇ ਆਤਮਿਕ ਗਤੀਵਿਧੀਆਂ ਨਾਲ ਸਟਾਫ਼ ਵਿੱਚ ਆਪਸੀ ਭਾਈਚਾਰਾ, ਸੇਵਾ ਭਾਵਨਾ, ਸਹਿਣਸ਼ੀਲਤਾ ਅਤੇ ਨੈਤਿਕ ਮੁੱਲਾਂ ਦਾ ਵਿਕਾਸ ਹੁੰਦਾ ਹੈ। ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਅੱਜ ਵੀ ਸਾਨੂੰ ਸੱਚ, ਹਿੰਮਤ ਅਤੇ ਧਰਮ ਦੇ ਰਾਹ 'ਤੇ ਅਡਿੱਗ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਸਟਾਫ਼ ਨੇ ਗੁਰੂ ਘਰ ਵਿੱਚ ਲੰਗਰ ਛਕਿਆ, ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ।

# ਅਜਿਹੇ ਖੇਡ ਮੇਲੇ ਹਰੇਕ ਪਿੰਡ, ਕਸਬੇ 'ਚ ਹੋਣੇ ਚਾਹੀਦੇ ਨੇ ਤਾਂ ਜੋ ਨੌਜਵਾਨ ਪੀੜ੍ਹੀ ਖੇਡਾਂ ਵੱਲ ਪ੍ਰੇਰਿਤ ਹੋ ਸਕੇ : ਡਾ. ਕੇ.ਜੇ. ਸਿੰਘ



ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 17 ਜਨਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) - ਬਾਬਾ ਨਾਮਦੇਵ ਜੀ ਯਾਦਗਾਰੀ 46ਵਾਂ ਅੰਤਰਰਾਸ਼ਟਰੀ ਖੇਡ ਮੇਲੇ ਘੁਮਾਣ ਦਾ ਉਦਘਾਟਨੀ ਮੈਚ ਵਿਚ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੀਨੀਅਰ ਆਗੂ ਅਤੇ ਸਾਬਕਾ ਅਬਜਰਵਰ ਡਾ. ਕਮਲਜੀਤ ਸਿੰਘ ਕੇਜੇ ਨੇ ਆਪਣੀ ਟੀਮ ਸਮੇਤ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਡਾ. ਕਮਲਜੀਤ ਸਿੰਘ ਕੇਜੇ ਨੇ ਆਖਿਆ ਕਿ ਅਜਿਹੇ ਮੇਲੇ ਹਰੇਕ ਪਿੰਡ ਕਸਬੇ ਵਿਚ ਹੋਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਆਪਣੀ ਸਰੀਰਕ ਤੰਦਰੁਸਤੀ ਅਤੇ ਚੰਗੇ ਭਵਿੱਖ ਲਈ ਜੁੜੇ ਰਹਿਣ। ਉਨ੍ਹਾਂ ਕਿਹਾ ਕਿ ਖੇਡ ਮੇਲੇ ਜਾਂ ਇਹੋ ਜਿਹੇ ਅੰਤਰਰਾਸ਼ਟਰੀ ਟੂਰਨਾਮੈਂਟ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਦੇ ਹਨ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਦੇ ਹਨ।ਡਾ. ਕੇ ਜੇ ਸਿੰਘ ਨੇ ਘੁਮਾਣ ਦੇ ਭਰਾਵਾਂ ਦਾ ਵਿਸ਼ੇਸ਼ ਤੌਰ 'ਤੇ ਘੁਮਾਣ ਬ੍ਰਦਰਸ ਸਰਦਾਰ ਅਮਰਬੀਰ ਸਿੰਘ ਘੁਮਾਣ ਅਤੇ ਸਰਦਾਰ ਹਰਸ਼ਰਨ ਸਿੰਘ ਘੁਮਾਣ ਜਿਹੜੇ ਇਸ ਖੇਡ ਮੇਲੇ ਵਿੱਚ ਆਪਣਾ ਵੱਡਾ ਸਹਿਯੋਗ ਕਰਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਹਰ ਤਰ੍ਹਾਂ ਦੀ ਮਾਲੀ ਸਹਾਇਤਾ ਪ੍ਰਦਾਨ ਕਰਦੇ ਹਨ, ਇਸ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਸਰਦਾਰ ਗੁਰਨਾਮ ਸਿੰਘ ਅਠਵਾਲ, ਲੈਕ: ਗੁਰਨਾਮ ਸਿੰਘ ਮੰਡ, ਮਾ. ਸੁਖਦੇਵ ਸਿੰਘ ਦਕੋਹਾ, ਜੋਗਿੰਦਰ ਸਿੰਘ ਰੰਧਾਵਾ, ਬਲਜੀਤ ਸਿੰਘ ਪੰਡੋਰੀ, ਸਾਬਕਾ ਸਰਪੰਚ ਹਰਬੰਸ ਸਿੰਘ ਘੁਮਾਣ,ਮਾ. ਹਰਦੇਵ ਸਿੰਘ ਪੱਡਾ,ਮਾ. ਸਤਨਾਮ ਸਿੰਘ, ਸਾਬਕਾ ਸਰਪੰਚ ਬਲਰਾਮ ਸਿੰਘ ਬਰਿਆਰ, ਸਰਪੰਚ ਰਵਿੰਦਰ ਸਿੰਘ ਬੱਬੂ, ਕੁਲਬੀਰ ਸਿੰਘ, ਮੁਖਤਿਆਰ ਸਿੰਘ ਬਰਿਆਰ, ਦਵਿੰਦਰ ਸਿੰਘ ਟਟਾਣੀਵਾਲ, ਜਸਵਿੰਦਰ ਸਿੰਘ, ਪ੍ਰੋਫੈਸਰ ਲੱਖਾ ਸਿੰਘ, ਭੁਪਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਹਾਜ਼ਰ ਸਨ।

# ਗਊਸ਼ਾਲਾ 'ਚ ਅੱਜ ਮਨਾਇਆ ਜਾਵੇਗਾ ਮਾਘ ਦੀ ਮੱਸਿਆ ਦਾ ਦਿਹਾੜਾ

ਅਮਲੋਹ, 17 ਜਨਵਰੀ (ਜਸਵੰਤ ਸਿੰਘ)-ਗਊ ਸੇਵਾ ਸਮਿਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਸਰਪਰਸਤ ਪ੍ਰੇਮ ਚੰਦ ਸ਼ਰਮਾ, ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ ਅਤੇ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ ਨੇ ਦਸਿਆ ਕਿ ਗਊਸ਼ਾਲਾ ਅਮਲੋਹ ਵਿਚ ਹਰ ਮਹੀਨੇ ਦੀ ਤਰ੍ਹਾਂ 18 ਜਨਵਰੀ ਨੂੰ ਗਊ ਸੇਵਾ ਸਮਿਤੀ ਅਮਲੋਹ ਵਲੋਂ ਨਗਰ ਖੇੜੇ ਦੀ ਖੁਸ਼ੀ ਲਈ ਮੱਸਿਆ ਦਾ ਦਿਹਾੜਾ ਸ਼ਾਮ 4 ਵਜੇ ਮਨਾਇਆ ਜਾਵੇਗਾ। ਉਨ੍ਹਾਂ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

# ਅਧਿਆਪਕਾਂ ਦੀ ਗੱਡੀ ਹਾਦਸਾਗ੍ਰਸਤ

## ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇਨਜ਼ਰ ਸਕੂਲਾਂ ਦਾ ਸਮਾਂ ਹੋਰ ਘੱਟ ਕੀਤਾ ਜਾਵੇ



ਫਤਿਹਗੜ੍ਹ ਚੂੜੀਆਂ, 17 ਜਨਵਰੀ (ਰਾਜਨ ਸ਼ਰਮਾ) : ਫਤਿਹਗੜ੍ਹ ਚੂੜੀਆਂ ਵਿਖੇ ਹਰ ਰੋਜ਼ ਦੀ ਤਰ੍ਹਾਂ ਆ ਰਹੀ ਟੀਚਰਾਂ ਦੀ ਗੱਡੀ ਦਾ ਹੋਇਆ ਭਿਆਨਕ ਐਕਸੀਡੈਂਟ। ਸੂਬੇ ਵਿੱਚ ਪੈ ਰਹੀ ਸੰਘਣੀ ਧੁੰਦ ਕਾਰਨ ਅੱਜ ਸਵੇਰੇ ਤਕਰੀਬਨ 9:30 ਵਜੇ ਦੇ ਕਰੀਬ ਪਠਾਨਕੋਟ ਤੋਂ ਸਰਕਾਰੀ ਕੰਨਿਆ ਸੀਨੀਅਰ ਸਕੈਂਡਰੀ ਸਕੂਲ ਫਤਿਹਗੜ੍ਹ ਚੂੜੀਆਂ ਵਿਖੇ ਜਾ ਰਹੇ ਅਧਿਆਪਕਾਂ ਦੀ ਗੱਡੀ ਹਾਦਸਾਗ੍ਰਸਤ ਹੋ ਗਈ, ਜਿਸ ਵਿੱਚ ਕੰਪਿਊਟਰ ਅਧਿਆਪਕ ਪ੍ਰਦੀਪ ਕੁਮਾਰ , ਪਰਵੀਨ ਕੁਮਾਰੀ ਲੈਕ. ਕਮਰਸ , ਜਸਵਿੰਦਰ ਕੌਰ ਲੈਕ ਇੰਗਲਿਸ਼ ਸ਼ੈਲੀ ਸੈਣੀ ਸਾਇੰਸ ਮਿਸਟ੍ਰੈਸ, ਗੀਤਾ ਦੇਵੀ ਮੈਥ ਮਿਸਟ੍ਰੈਸ, ਜੋਤੀ ਤੇ ਹੋਰ ਅਧਿਆਪਕ ਬਹੁਤ ਗੰਭੀਰ ਜ਼ਖਮੀ ਹੋ ਗਏ ।ਇਸ ਮੌਕੇ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਅਮਰਬੀਰ ਸਿੰਘ ਰੰਧਾਵਾ ਮੁਰੀਦਕੇ, ਪੰਜਾਬ ਐਜੂਕੇਸ਼ਨ ਸਰਵਿਸਿਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਸੁਖਵਿੰਦਰ ਸਿੰਘ ਅਤੇ ਸੂਬਾ ਜਰਨਲ ਸਕੱਤਰ ਸ਼੍ਰੀਮਤੀ ਪ੍ਰਿੰਸੀਪਲ ਅਨੀਤਾ ਅਰੋੜਾ ਨੇ ਸਾਝੇ ਰੂਪ ਵਿੱਚ ਪੁਰਜੋਰ ਮੰਗ ਕੀਤੀ ਕਿ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇ ਨਜ਼ਰ ਸਕੂਲਾਂ ਦਾ ਸਮਾਂ ਹੋਰ ਘੱਟ ਕੀਤਾ ਜਾਵੇ, ਤਾਂ ਜੋ ਅਜਿਹੀ ਘਟਨਾ ਦੁਬਾਰਾ ਨਾ ਵਾਪਰ ਸਕੇ ।ਉਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ ਲਈ, ਸੀਨੀਅਰ ਮੀਤ ਪ੍ਰਧਾਨ ਕਰਮਜੀਤ ਵਾਸਦੇਵ, ਰਜਿੰਦਰ ਸਿੰਘ ,ਸ਼ਮਸ਼ੇਰ ਸਿੰਘ ਰੰਧਾਵਾ, ਨਵਜੋਤ ਕਾਲਾ ਅਫਗਾਨਾ, ਸੁਖਦੇਵ ਸਿੰਘ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ , ਵਿਜੈ ਕੁਮਾਰ , ਜਗਵਿੰਦਰਜੀਤ ਸਿੰਘ, ਮੀਤ ਪ੍ਰਧਾਨ ਕਰਮਜੀਤ ਕੌਰ ਚੀਮਾਂ, ਸੰਦੀਪ ਸਿੰਘ ਤੇ ਬਹੁਤ ਸਾਰੇ ਅਧਿਆਪਕ ਅਤੇ ਮਾਪੇ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਕਲਾਸਰੂਮਾਂ 'ਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸਬੰਧੀ ਵਰਕਸ਼ਾਪ



ਮੰਡੀ ਗੋਬਿੰਦਗੜ੍ਹ, 17 ਜਨਵਰੀ (ਸੂਦ)-ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਕਲਾਸਰੂਮਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ 'ਤੇ ਸੀਬੀਐਸਈ ਸਮਰੱਥਾ ਨਿਰਮਾਣ ਵਰਕਸ਼ਾਪ ਕਰਵਾਈ ਜੋ ਸਿੱਖਿਆ ਵਿੱਚ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਵਿੱਚ ਸਿੱਖਿਆ ਅਤੇ ਸਿੱਖਣ ਵਿੱਚ ਏਆਈ ਦੀ ਪਰਿਵਰਤਨਸ਼ੀਲ ਭੂਮਿਕਾ ਦੀ ਪੜਚੋਲ ਕਰਨ ਲਈ ਉਤਸੁਕ ਅਧਿਆਪਕਾਂ ਨੇ ਉਤਸ਼ਾਹੀ ਭਾਗੀਦਾਰੀ ਵਿਖਾਈ। ਸੈਸ਼ਨ ਦੀ ਅਗਵਾਈ ਪ੍ਰਸਿੱਧ ਸਿੱਖਿਅਕ ਸੋਨੀਆ ਵਿਕਟਰ ਅਤੇ ਨੈਪੋਲੀਅਨ ਨੈਲਸਨ ਨੇ ਕੀਤੀ। ਜਿਨ੍ਹਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਬੁਨਿਆਦੀ ਸਿਧਾਂਤਾਂ ਅਤੇ ਸਿੱਖਿਆ ਵਿੱਚ ਇਸਦੇ ਵਿਹਾਰਕ ਉਪਯੋਗਾਂ ਬਾਰੇ ਜਾਣਕਾਰੀ ਦਿੱਤੀ।

ਇਸ ਦੌਰਾਨ ਇੰਟਰੈਕਟਿਵ ਸੈਸ਼ਨ ਵਿੱਚ ਗੂਗਲ ਟੀਚੇਬਲ ਮਸ਼ੀਨ, ਮੈਜਿਕ ਟੂਲਸ, ਆਟੋਡਰਾ, ਕਹੂਟ, ਅਡੋਬ ਫਾਇਰਫਲਾਈ, ਗਾਮਾ, ਖਾਨ ਅਕੈਡਮੀ, ਕੈਨਵਾ ਅਤੇ ਲੂਮੇਨ5 ਵਰਗੇ ਏਆਈ ਟੂਲਸ ਨਾਲ ਵਿਹਾਰਕ ਅਨੁਭਵ ਸ਼ਾਮਲ ਸੀ। ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਸਕੂਲ ਦੀ ਸੰਪੂਰਨ ਵਿਕਾਸ ਅਤੇ ਸਿੱਖਿਅਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ ਪ੍ਰਤੀ ਦ੍ਰਿੜ ਵਚਨਬੱਧਤਾ 'ਤੇ ਜ਼ੋਰ ਦਿੱਤਾ। ਪ੍ਰਿੰਸੀਪਲ ਇੰਦੂ ਸ਼ਰਮਾ ਨੇ ਇਸ ਸੂਝਵਾਨ ਅਤੇ ਅਗਾਂਹਵਧੂ ਵਰਕਸ਼ਾਪ ਦੀ ਸ਼ਲਾਘਾ ਕੀਤੀ।

# ਸਰਕਾਰੀ ਕਾਲਜ 'ਚ ਦੋ ਦਿਨਾਂ ਸਕਿੱਲ ਅਧਾਰਿਤ ਲੀਡਰਸ਼ਿਪ ਪ੍ਰੋਗਰਾਮ ਸਮਾਪਤ

ਗੁਰਦਾਸਪੁਰ, 17 ਜਨਵਰੀ (ਜਗੀਰ ਸਿੰਘ ਮੰਡ) : ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ, ਨੇਤ੍ਰਿਤਵ ਸਮਰੱਥਾ ਅਤੇ ਜੀਵਨ ਕੌਸ਼ਲਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕਰਵਾਏ ਗਏ ਦੋ ਦਿਨਾਂ ਦੇ ਸਕਿੱਲ ਅਧਾਰਿਤ ਲੀਡਰਸ਼ਿਪ ਪ੍ਰੋਗਰਾਮ ਸਮਾਪਤ ਹੋ ਗਿਆ। ਸਮਾਪਨ ਸਮਾਰੋਹ ਦੀ ਅਧਿਆਕਸ਼ਤਾ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਕੀਤੀ । ਆਪਣੇ ਵਿਸਥਾਰਤ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਇਹ ਦੋ ਦਿਨਾਂ ਦਾ ਪ੍ਰੋਗਰਾਮ ਸਿਰਫ਼ ਇੱਕ ਅਕਾਦਮਿਕ ਗਤੀਵਿਧੀ ਨਹੀਂ ਸੀ, ਸਗੋਂ ਵਿਦਿਆਰਥੀਆਂ ਦੇ ਚਰਿੱਤਰ, ਸੋਚ ਅਤੇ ਵਿਵਹਾਰ ਨੂੰ ਨਿਖਾਰਨ ਵਾਲਾ ਸੀ । ਉਨ੍ਹਾਂ ਨੇ ਕਿਹਾ ਕਿ ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਅਜਿਹੇ ਸਕਿੱਲ ਅਧਾਰਿਤ ਅਤੇ ਵਿਵਹਾਰਿਕ ਪ੍ਰੋਗਰਾਮਾਂ ਦੀ ਬਹੁਤ ਵੱਡੀ ਲੋੜ ਹੈ, ਕਿਉਂਕਿ ਸਿਰਫ਼ ਡਿਗਰੀਆਂ ਹੀ ਨਹੀਂ, ਸਗੋਂ ਲੀਡਰਸ਼ਿਪ, ਨੈਤਿਕਤਾ, ਸੰਜੀਦਗੀ ਅਤੇ ਸਮਾਜਿਕ ਜ਼ਿੰਮੇਵਾਰੀ ਹੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਕਾਮਯਾਬ ਬਣਾਉਂਦੀਆਂ ਹਨ।ਉਨ੍ਹਾਂ ਨੇ ਕਿਹਾ ਕਿ ਸਰਕਾਰੀ ਕਾਲਜ ਗੁਰਦਾਸਪੁਰ ਭਵਿੱਖ ਵਿੱਚ ਵੀ ਵਿਦਿਆਰਥੀਆਂ ਲਈ ਅਜਿਹੇ ਪ੍ਰੋਗਰਾਮ ਨਿਰੰਤਰ ਤੌਰ 'ਤੇ ਕਰਵਾਉਂਦਾ ਰਹੇਗਾ । ਇਸ ਮੌਕੇ ਡੇਰਾ ਬਾਬਾ ਨਾਨਕ ਕੋਰੀਡੋਰ ਦੇ ਪੋਰਟ ਐਡਮਿਨਿਸਟ੍ਰੇਟਰ ਸ਼੍ਰੀ ਸੰਦੀਪ ਮਹਾਜਨ ਨੇ ਆਪਣੇ ਵਿਅਕਤੀਗਤ ਅਤੇ ਪ੍ਰਸ਼ਾਸਨਿਕ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਤੋਂ ਇਹ ਸਿੱਖਿਆ ਹੈ ਕਿ ਜਦ ਤੱਕ ਮਨੁੱਖ ਦੇ ਅੰਦਰ ਹਲੀਮੀ, ਨਿਮਰਤਾ ਅਤੇ ਸੰਜੀਦਗੀ ਨਹੀਂ ਹੁੰਦੀ, ਉਹ ਇੱਕ ਚੰਗਾ ਲੀਡਰ ਨਹੀਂ ਬਣ ਸਕਦਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ "Observe first, then Deserve" ਦੇ ਸਿਧਾਂਤ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਅਤੇ ਕਿਹਾ ਕਿ ਪਹਿਲਾਂ ਸਿੱਖਣਾ, ਸਮਝਣਾ ਅਤੇ ਦੇਖਣਾ ਜ਼ਰੂਰੀ ਹੈ, ਫਿਰ ਜ਼ਿੰਮੇਵਾਰੀਆਂ ਆਪਣੇ ਆਪ ਮਿਲਦੀਆਂ ਹਨ। ਉਨ੍ਹਾਂ ਨੇ ਆਪਣੀ ਨੌਕਰੀ ਦੇ ਵੱਖ-ਵੱਖ ਪਹਿਲੂਆਂ ਰਾਹੀਂ ਲੀਡਰਸ਼ਿਪ ਦੇ ਅਮਲੀ ਗੁਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਸਮਾਰੋਹ ਦੇ ਮੁੱਖ ਮਹਿਮਾਨ ਡਾ. ਵਰਿੰਦਰ ਭਾਟੀਆ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਵਾਈਸ ਚੇਅਰਮੈਨ ਹਨ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦ ਤੱਕ ਅਸੀਂ ਵਿਦਿਆਰਥੀਆਂ ਨੂੰ ਵਿਵਹਾਰਿਕ ਲੀਡਰਸ਼ਿਪ ਨਾਲ ਨਹੀਂ ਜੋੜਦੇ ਅਤੇ ਉਨ੍ਹਾਂ ਨੂੰ ਲੀਡਰਸ਼ਿਪ ਦੀ ਅਸਲ ਵਿਆਖਿਆ ਨਹੀਂ ਸਮਝਾਉਂਦੇ, ਉਦੋਂ ਤੱਕ ਵਿਦਿਆਰਥੀ ਲੀਡਰਸ਼ਿਪ ਸ਼ਬਦ ਤੋਂ ਘ੍ਰਿਣਾ ਕਰਦੇ ਰਹਿਣਗੇ। ਸਮਾਪਨ ਸਮਾਰੋਹ ਦੌਰਾਨ ਪ੍ਰੋਗਰਾਮ ਨਾਲ ਜੁੜੇ ਰਿਸੋਰਸ ਪਰਸਨਜ਼ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਅਤੇ ਚੁਣੇ ਹੋਏ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਵਿਦਿਆਰਥੀਆਂ ਨੇ ਵੀ ਇਸ ਪ੍ਰੋਗਰਾਮ ਨੂੰ ਆਪਣੇ ਜੀਵਨ ਲਈ ਬਹੁਤ ਪ੍ਰੇਰਣਾਦਾਇਕ ਦੱਸਿਆ।

ਪ੍ਰੋਗਰਾਮ ਦੀ ਸਫਲਤਾ ਲਈ ਆਈਕਿਊਏਸੀ, ਸਕਿੱਲ ਡਿਵੈਲਪਮੈਂਟ ਸੈਲ ਅਤੇ ਸਟੂਡੈਂਟ ਵੈਲਫੇਅਰ ਕਮੇਟੀ ਵੱਲੋਂ ਸਰਾਹੁਣਯੋਗ ਭੂਮਿਕਾ ਨਿਭਾਈ।

# ਨੇਤਰਦਾਨੀ ਵੇਦ ਪ੍ਰਕਾਸ਼ ਕਾਮਰਾ ਦਾ ਪਰਿਵਾਰ ਸਨਮਾਨਿਤ: ਸਮਾਜ ਦੇ ਸਾਰੇ ਵਰਗ ਅੱਖਾਂ ਦਾਨ ਕਰਨ ਲਈ ਅੱਗੇ ਆਉਣ: ਸ਼ਸ਼ੀਕਾਂਤ



ਫਾਜ਼ਿਲਕਾ, 17 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਬੀਤੇ ਦਿਨੀਂ ਗਾਂਧੀ ਨਗਰ ਨਿਵਾਸੀ ਵੇਦ ਪ੍ਰਕਾਸ਼ ਕਾਮਰਾ (72) ਦਾ ਸਵਰਗਵਾਸ ਹੋਣ 'ਤੇ ਉਨ੍ਹਾਂ ਦੀ ਪਤਨੀ ਅਨੀਤਾ ਰਾਣੀ, ਪੁੱਤਰ ਦੀਪਕ ਕਾਮਰਾ ਅਤੇ ਨੂੰਹ ਗਿੰਨੀ ਸਮੇਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਅੱਖਾਂ ਦਾਨ ਕਰਨ ਦੀ ਇੱਛਾ ਪ੍ਰਗਟਾਈ ਸੀ। ਉਨ੍ਹਾਂ ਦੇ ਰਿਸ਼ਤੇਦਾਰ ਐਡਵੋਕੇਟ ਕਪਿਲ ਦਹੂਜਾ ਨੇ ਸੋਸ਼ਲ ਵੈਲਫੇਅਰ ਸੁਸਾਇਟੀ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਸੁਸਾਇਟੀ ਦੇ ਮੈਂਬਰਾਂ ਨੇ ਉਨ੍ਹਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਨੂੰ ਕੌਰਨੀਆ ਟ੍ਰਾਂਸਪਲਾਂਟ ਲਈ ਭੇਜ ਦਿੱਤੀਆਂ। ਵੇਦ ਪ੍ਰਕਾਸ਼ ਕਾਮਰਾ ਸੁਸਾਇਟੀ ਦੇ 446ਵੇਂ ਨੇਤਰਦਾਨੀ ਬਣੇ ਹਨ।

ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਦੇ ਮੌਕੇ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਵਫ਼ਦ ਨੇ ਉਨ੍ਹਾਂ ਦੇ ਸਪੁੱਤਰ ਦੀਪਕ ਕਾਮਰਾ ਨੂੰ 'ਨੇਤਰਦਾਤਾ' ਸਨਮਾਨ ਚਿੰਨ੍ਹ ਭੇਟ ਕੀਤਾ। ਇਸ ਵਫ਼ਦ ਵਿੱਚ ਪ੍ਰਧਾਨ ਸ਼ਸ਼ੀਕਾਂਤ, ਨੇਤਰਦਾਨ ਪ੍ਰੋਜੈਕਟ ਚੇਅਰਮੈਨ ਰਵੀ ਜੁਨੇਜਾ, ਜਨਰਲ ਸਕੱਤਰ ਰਾਕੇਸ਼ ਗਿਲਹੋਤਰਾ ਅਤੇ ਹੋਰ ਪ੍ਰਮੁੱਖ ਮੈਂਬਰ ਸ਼ਾਮਲ ਸਨ। ਸਵਰਗੀ ਕਾਮਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਸ਼ੀਕਾਂਤ ਨੇ ਕਿਹਾ ਕਿ ਅੱਖਾਂ ਦਾਨ ਕਰਨਾ ਬਹੁਤ ਹੀ ਪੁੰਨ ਦਾ ਕਾਰਜ ਹੈ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਇਸ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਕੇਵਲ ਨੇਤਰਦਾਨ ਨਾਲ ਹੀ ਕੌਰਨੀਅਲ ਅੰਨ੍ਹੇਪਣ ਨੂੰ ਦੂਰ ਕੀਤਾ ਜਾ ਸਕਦਾ ਹੈ।

ਪੁਨਰਜੋਤ ਆਈ ਬੈਂਕ ਦੇ ਅਨੁਸਾਰ ਸਵਰਗੀ ਕਾਮਰਾ ਦਾ ਕੌਰਨੀਆ ਦੋ ਨੇਤਰਹੀਣਾਂ ਨੂੰ ਲਗਾਇਆ ਜਾ ਰਿਹਾ ਹੈ, ਜਿਸ ਨਾਲ ਉਹ ਇਸ ਦੁਨੀਆ ਨੂੰ ਦੇਖ ਸਕਣਗੇ। ਕਿਸੇ ਵੀ ਵਿਅਕਤੀ ਦੀ ਮੌਤ ਤੋਂ ਬਾਅਦ 6 ਘੰਟਿਆਂ ਦੇ ਅੰਦਰ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ। ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਪਿਛਲੇ 18 ਸਾਲਾਂ ਤੋਂ ਇਹ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਅਤੇ ਹੁਣ ਤੱਕ 445 ਅੱਖਾਂ ਦੇ ਜੋੜੇ ਦਾਨ ਕੀਤੇ ਜਾ ਚੁੱਕੇ ਹਨ, ਜਿਸ ਨਾਲ 890 ਨੇਤਰਹੀਣਾਂ ਨੂੰ ਨਵੀਂ ਜ਼ਿੰਦਗੀ ਮਿਲੀ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਮਿਸ ਨੀਲਮ ਅਰੋੜਾ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਤਿਮਾਹੀ ਰੀਵਿਊ



ਮੋਗਾ, 17 ਜਨਵਰੀ(ਗੁਰਦੇਵ ਖੁਰਾਣਾ, ਹਰਜੀਤ ਛਾਬੜਾ): ਮਿਸ ਨੀਲਮ ਅਰੋੜਾ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਵੱਖ ਵੱਖ ਅਧਿਕਾਰੀਆਂ/ਮੈਂਬਰਾਂ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਦੀ ਤਿਮਾਹੀ ਰੀਵਿਊ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਨਾਲ ਸਬੰਧਤ ਸਾਰੀਆਂ ਸੇਵਾਵਾਂ ਆਮ ਲੋਕਾਂ ਤੱਕ ਵੱਧ ਤੋਂ ਵੱਧ ਜ਼ਮੀਨੀ ਪੱਧਰ 'ਤੇ ਪੁੱਜਦੀਆਂ ਕਰਨ ਲਈ ਕਿਹਾ ਗਿਆ। ਉਹਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ, ਵਿਕਟਮ ਕੰਪਨਸੇਸ਼ਨ ਸਕੀਮ, ਏ.ਡੀ.ਆਰ ਮੈਕੇਨਿਜਮ ਆਦਿ ਸਕੀਮਾਂ ਪ੍ਰਤੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਸਬੰਧਤ ਵਿਭਾਗ ਵੀ ਇਹਨਾਂ ਸਕੀਮਾਂ ਦਾ ਵੱਧ ਤੋਂ ਪ੍ਰਚਾਰ ਕਰਨ ਨੂੰ ਤਰਜੀਹ ਦੇਣ।ਉਹਨਾਂ ਵੱਲੋਂ ਓਵਰ ਕਰਾਊਡਿੰਗ ਇਨ ਜੇਲ੍ਹ, ਜੁਵੇਨਾਈਲ ਜਸਟਿਸ ਬੋਰਡ ਤੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਮੋਗਾ ਦੀਆਂ ਵੱਖ ਵੱਖ ਕਮੇਟੀਆਂ ਦੇ ਮੈਂਬਰਾਂ ਨਾਲ ਵੀ ਮੀਟਿੰਗਾਂ ਕੀਤੀਆਂ । ਇਸ ਮੌਕੇ 'ਤੇ ਸ਼੍ਰੀ ਬਿਸ਼ਨ ਸਰੂਪ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ, ਮਿਸ ਕਿਰਨ ਜਯੋਤੀ ਸੀ. ਜੇ. ਐਮ.-ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ, ਮਿਸ ਸ਼ਿਪਲੀ ਗੁਪਤਾ ਸੀ.ਜੇ.ਐਮ. ਮੋਗਾ, ਸ੍. ਜਸਪਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ), ਮਿਸ ਇਤੂ ਸੋਢੀ ਪ੍ਰਿੰਸੀਪਲ ਜੱਜ ਯੁਵੇਨਾਈਲ ਜਸਟਿਸ ਬੋਰਡ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ ।

# ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਰਿਆ ਤੇ ਮੁਕਾਰੋਂਪੁਰ ਨੇ ਪਿੰਡ ਬੀਬੀਪੁਰ ਦੇ ਗੁਰਦੁਆਰਾ ਸਾਹਿਬ ਲਈ ਭਾਂਡਿਆਂ ਦੀ ਬੇਲ ਕੀਤੀ ਭੇਟ



ਸ੍ਰੀ ਫਤਿਹਗੜ੍ਹ ਸਾਹਿਬ, 17 ਜਨਵਰੀ (ਹਰਪ੍ਰੀਤ ਕੌਰ ਟਿਵਾਣਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਵੱਲੋਂ ਸਾਂਝੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਬੀਬੀਪੁਰ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਸਾਹਿਬ ਵਿੱਚ ਗੁਰੂ ਕਾ ਲੰਗਰ ਵਰਤਾਉਣ ਲਈ ਭਾਂਡਿਆਂ ਦੀ ਬੇਲ ਭੇਟ ਕੀਤੀ ਗਈ।

ਇਸ ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸੰਗਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਅਤੇ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਨਮਾਨ ਸਮੇਂ ਦੋਹਾਂ ਆਗੂਆਂ ਦੀਆਂ ਗੁਰਦੁਆਰਾ ਸਾਹਿਬਾਨ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਜਥੇਦਾਰ ਅਵਤਾਰ ਸਿੰਘ ਰਿਆ ਅਤੇ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਨੇ ਕਿਹਾ ਕਿ ਗੁਰੂ ਕਾ ਲੰਗਰ ਸਿੱਖ ਧਰਮ ਦੀ ਮਹਾਨ ਪ੍ਰੰਪਰਾ ਹੈ, ਜਿਸ ਰਾਹੀਂ ਸੇਵਾ, ਸਮਾਨਤਾ ਅਤੇ ਭਾਈਚਾਰੇ ਦਾ ਸੰਦੇਸ਼ ਮਿਲਦਾ ਹੈ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ ਹਮੇਸ਼ਾਂ ਪਿੰਡਾਂ ਅਤੇ ਗੁਰਦੁਆਰਾ ਸਾਹਿਬਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸਹਿਯੋਗ ਕਰਦੀ ਰਹੇਗੀ। ਇਸ ਮੌਕੇ 'ਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਮੇਜਰ ਸਿੰਘ ਲੰਬੜਦਾਰ, ਖਜ਼ਾਨਚੀ ਬਹਾਦਰ ਸਿੰਘ, ਵਰਿੰਦਰ ਸਿੰਘ, ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਹਰਮੋਹਨ ਸਿੰਘ ਸਾਬਕਾ ਸਰਪੰਚ, ਰਣਧੀਰ ਸਿੰਘ, ਕੁਲਜਿੰਦਰ ਸਿੰਘ ਸਰਪੰਚ, ਸੁਖਵਿੰਦਰ ਸਿੰਘ ਜੈਲਦਾਰ, ਜਸਵੰਤ ਸਿੰਘ ਮੰਡੋਫਲ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸਤਸੰਗ ਘਰ ਜਾਂਗਲਾ ਨੇ ਮਾਘ ਦੀ ਸੰਗਰਾਂਦ ਦੇ ਦਿਹਾੜੇ 'ਤੇ ਲੰਗਰ ਲਗਾਇਆ



ਬਟਾਲਾ,17 ਜਨਵਰੀ(ਸੁਖਦੇਵ ਸਿੰਘ ਰੰਧਾਵਾ, ਬਲਬੀਰ ਸੋਹਲ)- ਸਤਸੰਗ ਘਰ ਜਾਂਗਲਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਮਾਘ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ 'ਤੇ ਬਟਾਲਾ ਵਿਖੇ ਲੰਗਰ ਦੀ ਸੇਵਾ ਕੀਤੀ ਗਈ। ਸਤਸੰਗ ਘਰ ਜਾਂਗਲਾ ਦੇ ਮੁੱਖ ਸੇਵਾਦਾਰ ਬਾਬਾ ਰਾਜਭੁਪਿੰਦਰ ਸਿੰਘ ਰਾਜੂ ਦੀ ਅਗਵਾਈ ਹੇਠ ਬਟਾਲਾ ਅਲੀਵਾਲ ਰੋਡ ਫਲਾਈ ਓਵਰ ਪੁੱਲ ਦੇ ਹੇਠਾਂ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਸਾਰਾ ਦਿਨ ਆਏ ਗਏ ਰਾਹਗੀਰਾਂ ਨੂੰ ਬੜੀ ਸ਼ਰਧਾ ਭਾਵਨਾ ਨਾਲ ਅਨਿਕ ਪ੍ਰਕਾਰ ਦੇ ਲੰਗਰ ਛਕਾਏ ਗਏ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰਾਂ 'ਚ ਅਮਰਜੀਤ ਸਿੰਘ ਰਾਜੂ, ਮਾਸਟਰ ਜਰਨੈਲ ਸਿੰਘ ਬਟਾਲਾ, ਨੰਬਰਦਾਰ ਜਸਬੀਰ ਸਿੰਘ ਸੰਗਤਪੁਰਾ, ਹਰਜੀਤ ਸਿੰਘ ਕਾਹਨਾ ਰਣਜੀਤ ਸਿੰਘ ਸਰਪੰਚ,ਹਰਪ੍ਰੀਤ ਸਿੰਘ ਗੁੱਜਰਪੁਰਾ , ਹਰਜੀਤ ਸਿੰਘ ਬਟਾਲਾ, ਡਾਕਟਰ ਪ੍ਰਤਾਪ ਬਟਾਲਾ, ਰਣਜੀਤ ਸਿੰਘ ਬੁਲੋਵਾਲ, ਸਤਨਾਮ ਸਿੰਘ ਰਿਆਲੀ, ਜੋਗਿੰਦਰ ਸਿੰਘ ਥਾਣੇਦਾਰ, ਗੁਰਨਾਮ ਸਿੰਘ, ਰਣਜੀਤ ਸਿੰਘ ਸਰਪੰਚ, ਸਿਮਰਪ੍ਰੀਤ ਸਿੰਘ ਗੋਰਾ, ਸੁਖਬੀਰ ਸਿੰਘ, ਸੁਨੀਲ ਕੁਮਾਰ,ਰਾਜਬੀਰ ਸਿੰਘ, ਪ੍ਰਿੰਸ, ਸਰਵਣ ਸਿੰਘ, ਮੇਜਰ ਸਿੰਘ, ਜਗੀਰ ਸਿੰਘ, ਅੰਮ੍ਰਿਤ ਸਿੰਘ, ਰਾਜਵੀਰ ਸਿੰਘ ਆਦਿ ਨੇ ਸੇਵਾ ਨਿਭਾਈ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਸਰਵਾਈਕਲ ਸਪਾਈਨ ਦੀ ਮੈਨੂਅਲ ਥੈਰੇਪੀ 'ਤੇ ਹੈਂਡਜ਼-ਆਨ ਵਰਕਸ਼ਾਪ ਲਗਾਈ



ਫਤਿਹਗੜ੍ਹ ਸਾਹਿਬ, 17 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਫਿਜੀਓਥੈਰੇਪੀ ਵਿਭਾਗ ਵੱਲੋਂ 15 ਜਨਵਰੀ 2026 ਨੂੰ ਸਰਵਾਈਕਲ ਸਪਾਈਨ ਦੀ ਮੈਨੂਅਲ ਥੈਰੇਪੀ ਵਿਸ਼ੇ 'ਤੇ ਇੱਕ ਹੈਂਡਜ਼-ਆਨ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ । ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਫਿਜੀਓਥੈਰੇਪੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਕਲੀਨਿਕਲ ਦੱਖਲਤਾ ਅਤੇ ਪ੍ਰਯੋਗਿਕ ਹੁਨਰਾਂ ਨੂੰ ਤਜਰਬਾਤਮਕ ਸਿੱਖਣ ਰਾਹੀਂ ਮਜ਼ਬੂਤ ਕਰਨਾ ਸੀ।

ਇਹ ਕਾਰਜਕ੍ਰਮ ਡਾ. ਪੰਕਜਪ੍ਰੀਤ ਸਿੰਘ, ਡੀਨ, ਫੈਕਲਟੀ ਆਫ ਮੈਡੀਕਲ ਸਾਇੰਸਿਜ਼ ਅਤੇ ਡਾ. ਸੁਪ੍ਰੀਤ ਬਿੰਦਰਾ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਫਿਜੀਓਥੈਰੇਪੀ ਵਿਭਾਗ, ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਉਨ੍ਹਾਂ ਦੀ ਅਕਾਦਮਿਕ ਨੇਤ੍ਰਤਵ ਅਤੇ ਲਗਾਤਾਰ ਮਾਰਗਦਰਸ਼ਨ ਨਾਲ ਵਰਕਸ਼ਾਪ ਦੀ ਸਫਲਤਾ ਨੂੰ ਯਕੀਨੀ ਬਣਾਇਆ ਗਿਆ।ਵਰਕਸ਼ਾਪ ਨੂੰ ਸਿਧਾਂਤਕ ਗਿਆਨ ਅਤੇ ਕਲੀਨਿਕਲ ਅਭਿਆਸ ਦੇ ਸੁਚੱਜੇ ਸੰਯੋਗ ਨਾਲ ਤਿਆਰ ਕੀਤਾ ਗਿਆ ਸੀ। ਇਸ ਦੌਰਾਨ ਸਰਵਾਈਕਲ ਸਪਾਈਨ ਲਈ ਸਬੂਤ-ਆਧਾਰਿਤ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਮੈਨੂਅਲ ਥੈਰੇਪੀ ਤਕਨੀਕਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ, ਕਿਉਂਕਿ ਸਰਵਾਈਕਲ ਸਪਾਈਨ ਇੱਕ ਐਨਾਟੋਮਿਕ ਤੌਰ 'ਤੇ ਜਟਿਲ ਅਤੇ ਕਲੀਨਿਕਲ ਰੂਪ ਵਿੱਚ ਸੰਵੇਦਨਸ਼ੀਲ ਖੇਤਰ ਹੈ, ਜਿਸ ਲਈ ਸੁਚੱਜੀ ਕਲੀਨਿਕਲ ਸੋਚ ਅਤੇ ਨਿਪੁੰਨ ਹੱਥੀ ਕੌਸ਼ਲਾਂ ਦੀ ਲੋੜ ਹੁੰਦੀ ਹੈ।

ਇਸ ਅਕਾਦਮਿਕ ਕਾਰਜਕ੍ਰਮ ਦੀ ਖਾਸ ਝਲਕ ਪ੍ਰਸਿੱਧ ਸਰੋਤ ਵਿਅਕਤੀ ਡਾ. ਨਵੀਨ ਗਨੇਰ (ਪੀ.ਟੀ.), ਮੁਖੀ, ਫਿਜੀਓਥੈਰੇਪੀ ਵਿਭਾਗ, ਜਿੰਦਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਹਿਸਾਰ, ਹਰਿਆਣਾ, ਦੀ ਉਪਸਥਿਤੀ ਰਹੀ। ਇੱਕ ਸੀਨੀਅਰ ਨਿਊਰੋ-ਫਿਜੀਓਥੈਰੇਪਿਸਟ ਅਤੇ ਮੈਨੂਅਲ ਥੈਰੇਪੀ ਦੇ ਮਾਹਿਰ ਹੋਣ ਦੇ ਨਾਤੇ, ਡਾ. ਗਨੇਰ ਕੋਲ 15 ਸਾਲ ਤੋਂ ਵੱਧ ਦਾ ਵਿਸ਼ਾਲ ਕਲੀਨਿਕਲ, ਅਕਾਦਮਿਕ ਅਤੇ ਪ੍ਰਸ਼ਾਸਨਕ ਅਨੁਭਵ ਹੈ। ਉਨ੍ਹਾਂ ਨੇ ਸਰਵਾਈਕਲ ਸਪਾਈਨ ਦੀ ਅਸੈਸਮੈਂਟ ਅਤੇ ਮੈਨੂਅਲ ਥੈਰੇਪੀ ਤਕਨੀਕਾਂ 'ਤੇ ਵਿਸਤ੍ਰਿਤ ਲੈਕਚਰ ਦਿੱਤੇ, ਜਿਨ੍ਹਾਂ ਨੂੰ ਵਿਦਿਆਰਥੀਆਂ ਲਈ ਪ੍ਰਯੋਗਿਕ ਡੈਮੋਨਸਟ੍ਰੇਸ਼ਨਾਂ ਨਾਲ ਸੰਮ੍ਰਿਧ ਕੀਤਾ ਗਿਆ। ਵਰਕਸ਼ਾਪ ਦੌਰਾਨ ਭਾਗੀਦਾਰਾਂ ਨੇ ਵਿਦਵਾਨ ਦੀ ਨਿਗਰਾਨੀ ਹੇਠ ਤਕਨੀਕਾਂ ਦਾ ਅਭਿਆਸ ਕੀਤਾ ਅਤੇ ਕਲੀਨਿਕਲ ਮਸਲਿਆਂ 'ਤੇ ਸਾਰਥਕ ਚਰਚਾ ਕਰਕੇ ਆਪਣੀ ਸੋਚ ਅਤੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕੀਤਾ। ਇਸ ਮੌਕੇ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਅਤੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਨੇ ਫਿਜੀਓਥੈਰੇਪੀ ਵਿਭਾਗ ਵੱਲੋਂ ਇਸ ਤਰ੍ਹਾਂ ਦੀ ਕੌਸ਼ਲ-ਕੇਂਦ੍ਰਿਤ ਅਤੇ ਕਲੀਨਿਕਲ ਤੌਰ 'ਤੇ ਮਹੱਤਵਪੂਰਣ ਅਕਾਦਮਿਕ ਪਹਿਲ ਦੀ ਭਰਪੂਰ ਸਰਾਹਨਾ ਕੀਤੀ। ਉਨ੍ਹਾਂ ਨੇ ਵਿਭਾਗ ਦੇ ਨਵੀਨਤਮ ਅਧਿਆਪਨ-ਅਧਿਐਨ ਤਰੀਕਿਆਂ, ਤਜਰਬਾਤਮਕ ਸਿੱਖਣ ਅਤੇ ਵਿਦਿਆਰਥੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਾਲੇ ਲਗਾਤਾਰ ਯਤਨਾਂ ਦੀ ਪ੍ਰਸ਼ੰਸਾ ਕੀਤੀ, ਜੋ ਯੋਗ, ਆਤਮ-ਵਿਸ਼ਵਾਸੀ ਅਤੇ ਪੇਸ਼ੇਵਰ ਤੌਰ 'ਤੇ ਨਿਪੁੰਨ ਫਿਜੀਓਥੈਰੇਪੀ ਵਿਦਵਾਨ ਤਿਆਰ ਕਰਨ ਵੱਲ ਕੇਂਦ੍ਰਿਤ ਹਨ।

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ 26 ਨੂੰ, ਤਿਆਰੀਆਂ ਮੁਕੰਮਲ

ਗੜ੍ਹਦੀਵਾਲਾ 17 ਜਨਵਰੀ (ਗੌਰਵ )ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਤੇ ਬਾਬਾ ਦੀਪ ਸਿੰਘ ਸੇਵਾ ਦਲ ਗੜ੍ਹਦੀਵਾਲਾ ਸੰਸਥਾ ਦੇ 11 ਸਾਲ ਪੂਰੇ ਹੋਣ ਤੇ ਸਲਾਨਾ ਕੀਰਤਨ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ। ਇਸ ਮੌਕੇ ਤੇ ਸੁਸਾਇਟੀ ਦੇ ਮੁੱਖ ਸੇਵਾਦਾਰ ਮਨਜੋਤ ਸਿੰਘ ਤਲਵੰਡੀ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਦਿੱਤੀਆਂ ਗਈਆਂ ਹਨ। ਸੁਸਾਇਟੀ ਦੇ ਮੁੱਖ ਸੇਵਾਦਾਰ ਮਨਜੋਤ ਸਿੰਘ ਤਲਵੰਡੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੀ ਗੁਰੂ ਆਸਰਾ ਸੇਵਾ ਘਰ ਪਿੰਡ ਬਾਘਾ ਵਿਖੇ 24 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 26 ਤਰੀਕ ਨੂੰ ਭੋਗ ਪਾਏ ਜਾਣਗੇ ਉਸ ਦੇ ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ, ਕਵੀਸ਼ਰੀਏ ਆਈਆਂ ਹੋਈਆਂ ਸੰਗਤਾਂ ਨੂੰ 10 ਵਜੇ ਤੋਂ ਲੈ ਕੇ ਸ਼ਾਮਤ3 ਵਜੇ ਤੱਕ ਕੀਰਤਨ ਨਾਲ ਨਿਹਾਲ ਕਰਨਗੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸ਼ਹੀਦੀ ਸਭਾ ਦੌਰਾਨ ਚੰਗੀਆਂ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਦਾ ਸਨਮਾਨ



ਫਤਿਹਗੜ੍ਹ ਸਾਹਿਬ, 17 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਪੱਤਰਕਾਰ ਯੂਨੀਅਨ ਵੱਲੋਂ ਸ਼ਹੀਦੀ ਸਭਾ ਦੌਰਾਨ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਹਲਕਾ ਵਿਧਾਇਕ ਲਖਵੀਰ ਸਿੰਘ ਰਾਏ, ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਐਸਐਸਪੀ ਸੁਭਮ ਅਗਰਵਾਲ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਮਨਦੀਪ ਸਿੰਘ, ਐਸਡੀਐਮ ਸੂਬਾ ਸਿੰਘ, ਤਹਿਸੀਲਦਾਰ ਪਰਮਪ੍ਰੀਤ ਸਿੰਘ ਅਤੇ ਨਾਇਬ ਤਹਿਸੀਲਦਾਰ ਅੰਕਿਤ ਮਹਾਜਨ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿਚ ਪੰਜਾਬ ਅਤੇ ਚੰਡੀਗੜ੍ਹ ਜਨਰਲਿਸਟ ਯੂਨੀਅਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਜ਼ਿਲ੍ਹਾ ਪ੍ਰਧਾਨ ਰਣਬੀਰ ਕੁਮਾਰ ਜੱਜੀ ਅਤੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਸਹੋਤਾ ਨੇ ਦੱਸਿਆ ਕਿ ਯੂਨੀਅਨ ਵੱਲੋਂ ਵਧੀਆ ਕਾਰਗੁਜ਼ਾਰੀ ਬਦਲੇ ਇਨ੍ਹਾਂ ਅਧਿਕਾਰੀਆਂ ਦਾ ਸਨਮਾਨ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਪੱਤਰਕਾਰ ਭਾਈਚਾਰੇ ਵੱਲੋਂ ਮਹਿਮਾਨਾਂ ਨੂੰ ਸਨਮਾਨ ਪੱਤਰ ਅਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ, ਸਰਪ੍ਰਸਤ ਰਾਮ ਸਰਨ ਸੂਦ, ਗੁਰਪ੍ਰੀਤ ਸਿੰਘ ਮਹਿਕ, ਬਲਾਕ ਸਰਹਿੰਦ ਦੇ ਪ੍ਰਧਾਨ ਰੁਪਿੰਦਰ ਸ਼ਰਮਾ, ਬਲਾਕ ਖਮਾਣੋਂ ਦੇ ਪ੍ਰਧਾਨ ਰਾਜੀਵ ਤਿਵਾੜੀ, ਬਲਾਕ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਇੰਦਰਜੀਤ ਸਿੰਘ ਮੱਗੋ, ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਮਨਪ੍ਰੀਤ ਸਿੰਘ, ਬਲਾਕ ਖੇੜਾ ਦੇ ਪ੍ਰਧਾਨ ਰੂਪ ਨਰੇਸ਼, ਬਲਾਕ ਬਸੀ ਪਠਾਣਾਂ ਦੇ ਪ੍ਰਧਾਨ ਰਾਜ ਕਮਲ ਸ਼ਰਮਾ, ਬਲਾਕ ਅਮਲੋਹ ਦੇ ਪ੍ਰਧਾਨ ਰਿਸ਼ੂ ਡੱਲਾ, ਬਲਾਕ ਚਨਾਰਥਲ ਦੇ ਪ੍ਰਧਾਨ ਕਪਿਲ ਬਿੱਟੂ, ਪ੍ਰੈਸ ਕਲੱਬ ਬਸੀ ਪਠਾਣਾ ਦੇ ਪ੍ਰਧਾਨ ਗੁਰਸ਼ਰਨ ਸਿੰਘ ਰੁਪਾਲ, ਰਵਿੰਦਰ ਮੌਦਗਿੱਲ, ਕਰਨ ਸ਼ਰਮਾ, ਦੀਪਕ ਸੂਦ, ਨਿਰਭੈ ਸਿੰਘ, ਜਤਿੰਦਰ ਸਿੰਘ ਰਾਠੌਰ, ਸਵਰਨਜੀਤ ਸਿੰਘ ਸੇਠੀ, ਸ਼ਾਸਤਰੀ ਗੁਰੂ ਦੱਤ ਸ਼ਰਮਾ, ਨਾਹਰ ਸਿੰਘ ਰੰਗੀਲਾ, ਜਗਦੀਪ ਸਿੰਘ ਮਾਨਗੜ੍ਹ, ਪ੍ਰਵੀਨ ਬੱਤਰਾ, ਬਲਜਿੰਦਰ ਕਾਕਾ, ਸਤਨਾਮ ਮਾਜਰੀ, ਅਸ਼ੋਕ ਝਾਂਜੀ, ਕੁਲਦੀਪ ਸਿੰਘ ਸ਼ੁਤਰਾਣਾ, ਮਹਿਕ ਸ਼ਰਮਾ, ਰੰਜਨਾ ਸ਼ਾਹੀ, ਪਰਮਜੀਤ ਕੌਰ ਮੱਗੋ, ਕੁਸਮ ਲਤਾ, ਨਿਤੀਸ਼ ਗੌਤਮ, ਪਾਰਸ ਗੌਤਮ, ਰਾਹੁਲ ਗੁਪਤਾ, ਡਾ. ਅਨਿਲ ਲੁਟਾਵਾ, ਸਵਰਨ ਸਿੰਘ ਨਿਰਦੋਸ਼ੀ, ਮਨੀਸ਼ ਸ਼ਰਮਾ, ਡਾ. ਹਿਮਾਂਸ਼ੂ ਸੂਦ, ਸੰਦੀਪ ਕੁਮਾਰ ਖਮਾਣੋਂ, ਦਰਸ਼ਨ ਸਿੰਘ ਬੌਂਦਲੀ, ਭਰਭੂਰ ਸਿੰਘ, ਜਸਵਿੰਦਰ ਸਿੰਘ ਲਾਲੀ, ਮਨਪ੍ਰੀਤ ਸਿੰਘ ਗਿੱਲ, ਪਰਗਟ ਸਿੰਘ, ਜਸਵੰਤ ਸਿੰਘ ਗੋਲਡ, ਜੇ ਐਸ ਖੰਨਾ, ਮੁਖਤਿਆਰ ਸਿੰਘ, ਹਰਜਿੰਦਰ ਸਿੰਘ ਧੀਮਾਨ, ਰਣਧੀਰ ਸਿੰਘ ਬਾਗੜੀਆਂ, ਬਲਜਿੰਦਰ ਸਿੰਘ ਪਨਾਗ, ਦੀਦਾਰ ਗੁਰਨਾ, ਪ੍ਰਦੀਪ ਸਿੰਘ ਢਿੱਲੋਂ, ਭੁਪਿੰਦਰ ਸਿੰਘ ਢਿੱਲੋਂ, ਗੁਰਚਰਨ ਸਿੰਘ ਰੁੜਕੀ, ਹਰਵਿੰਦਰ ਸਿੰਘ ਪੰਡਰਾਲੀ, ਸੁਨੀਲ ਵਰਮਾ, ਰਾਜਨ ਭੱਲਾ, ਮਨੋਜ ਭੱਲਾ, ਭਰਪੂਰ ਸਿੰਘ, ਲਲਿਤ ਸ਼ਰਮਾ, ਰਿਸ਼ੂ ਗੌਤਮ, ਮੁਕੇਸ਼ ਘਈ, ਹਰਪ੍ਰੀਤ ਸਿੰਘ ਗੁੱਜਰਵਾਲ, ਸਾਹਿਬ ਮੜਕਣ, ਸ਼ਮਸ਼ੇਰ ਸਿੰਘ, ਪ੍ਰਦੀਪ ਸਿੰਘ ਢਿੱਲੋਂ, ਪਰਮਜੀਤ ਸਿੰਘ ਸਹੋਤਾ ਅਤੇ ਪਰਮੋਦ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

## ਟਿੱਪਰ ਅਤੇ ਟਰੈਕਟਰ ਟਰਾਲੀ 'ਚ ਟੱਕਰ, ਜਾਨੀ ਨੁਕਸਾਨ ਤੋਂ ਬਚਾਅ

ਦਸੂਹਾ, 17 ਜਨਵਰੀ (ਰਾਜਿੰਦਰ ਦਸੂਹਾ ): ਅੱਜ ਸਵੇਰੇ 8 ਵਜ ਕੇ 15 ਮਿੰਟ 'ਤੇ ਥਾਣਾ ਮੁੰਨਸ਼ੀ ਤੋਂ ਮਿਲੀ ਸੂਚਨਾ ਜਲੰਧਰ ਪਠਾਨਕੋਟ ਰੋਡ 'ਤੇ ਐਚਡੀਐਫਸੀ ਬੈਂਕ ਦਸੂਹਾ ਦੇ ਸਾਹਮਣੇ ਇੱਕ ਟਿੱਪਰ, ਜਿਸ ਦਾ ਨੰਬਰ ਪੀਬੀ 07 ਬੀਪੀ 6933 ਨੂੰ ਚਾਲਕ ਰਾਜ ਕੁਮਾਰ ਪੁੱਤਰ ਸੱਦਕ ਰਾਮ ਵਾਸੀ ਸਕਰਪੁਰ ਜ਼ਿਲ੍ਹਾ ਜਲੰਧਰ ਨੇ ਇੱਕ ਗੰਨਿਆਂ ਨਾਲ ਲੱਦੀ ਟਰੈਕਟਰ ਟਰਾਲੀ ਨੂੰ ਪਿੱਛੋਂ ਹਿੱਟ ਕੀਤਾ, ਜਿਸ ਨਾਲ ਟਰੈਕਟਰ ਰੇਲਿੰਗ ਨਾਲ ਜਾ ਟਕਰਾਇਆ। ਟਰੈਕਟਰ ਚਾਲਕ ਮੌਕੇ 'ਤੇ ਉਥੋਂ ਫਰਾਰ ਹੋ ਗਿਆ, ਇਸ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਟਿੱਪਰ ਅਤੇ ਟਰੈਕਟਰ ਦਾ ਨੁਕਸਾਨ ਹੋਇਆ। ਇਸ ਮੌਕੇ ਡਿਊਟੀ 'ਤੇ ਤੈਨਾਤ ਏਐਸਆਈ ਤਿਲਕ ਰਾਜ ਸੀ, ਉਹਨਾਂ ਨੇ ਇਸ ਮਾਮਲੇ ਨੂੰ ਟ੍ਰੈਫਿਕ ਪੁਲਿਸ ਦੇ ਹਵਾਲੇ ਕਰ ਦਿੱਤਾ ਤੇ ਟਰੈਫਿਕ ਨੂੰ ਚਾਲੂ ਕਰਵਾ ਦਿੱਤਾ ਗਿਆ

# ਬਟਾਲਾ ਕਾਲਜ ਆਫ਼ ਐਜੂਕੇਸ਼ਨ ਬੁੱਲੋਵਾਲ ਵਿਖੇ ਲੋਹੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



ਬਟਾਲਾ, 17 ਜਨਵਰੀ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਬਟਾਲਾ ਕਾਲਜ ਆਫ਼ ਐਜੂਕੇਸ਼ਨ, ਬੁੱਲੋਵਾਲ (ਨੇੜੇ ਅਲੀਵਾਲ) ਵਿਖੇ ਕਾਲਜ ਚੇਅਰਮੈਨ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਕਾਲਜ ਦੇ ਵਿਦਿਆਰਥੀਆਂ ਨੇ ਲੋਹੜੀ ਨਾਲ ਸਬੰਧਤ ਭਾਸ਼ਣ, ਕਵਿਤਾ, ਲੋਕ-ਗੀਤ, ਭੰਗੜਾ ਅਤੇ ਗਿੱਧਾ ਆਦਿ ਪੇਸ਼ ਕੀਤਾ। ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸਮੂਹ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਲੋਹੜੀ ਦੇ ਇਤਿਹਾਸ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਲੋਹੜੀ ਦਾ ਤਿਉਹਾਰ ਜਿੱਥੇ ਸਰਦ ਰੁੱਤ ਨਾਲ ਸਬੰਧਤ ਹੈ, ਉੱਥੇ ਨਾਲ ਹੀ ਇਸਦਾ ਸਬੰਧ ਦੁੱਲੇ ਭੱਟੀ ਨਾਲ ਵੀ ਜਾ ਜੁੜਦਾ ਹੈ। ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨ ਕਾਲ ਦੌਰਾਨ ਅਜਿਹਾ ਡਾਕੂ ਸੀ, ਜੋ ਅਮੀਰਾਂ ਨੂੰ ਲੁੱਟ ਕੇ ਗਰੀਬਾਂ ਵਿੱਚ ਵੰਡਦਾ ਸੀ । ਇਸਦੇ ਨਾਲ ਹੀ ਉਸਨੇ ਗਰੀਬ ਬ੍ਰਾਹਮਣ ਦੀ ਧੀ ਨੂੰ ਮੁਗਲਾਂ ਕੋਲੋਂ ਛੁਡਾ ਕੇ ਉਸਦੇ ਪਰਿਵਾਰ ਦੇ ਹਵਾਲੇ ਕਰਕੇ ਸਮਾਜਿਕ ਕੁਰੀਤੀ ਤੋਂ ਦੂਰ ਰਹਿਣ ਦੀ ਮਿਸਾਲ ਕਾਇਮ ਕੀਤੀ। ਇਸਦੇ ਨਾਲ ਹੀ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਨੇ ਭੁੱਗਾ ਬਾਲ ਕੇ ਲੋਹੜੀ ਮਨਾਈ। ਇਸ ਮੌਕੇ ਕਾਲਜ ਦੇ ਪ੍ਰਿੰ: ਡਾ. ਹਰਪ੍ਰੀਤ ਕੌਰ, ਕੋਆਰਡੀਨੇਟਰ ਧਿਆਨ ਸਿੰਘ, ਵਾਈਸ ਪ੍ਰਿੰਸੀਪਲ ਰਾਜਬੀਰ ਕੌਰ, ਪ੍ਰੋ: ਸੁਖਜੀਤ ਕੌਰ, ਪ੍ਰੋ: ਗੁਰਪਿੰਦਰ ਕੌਰ, ਪ੍ਰੋ: ਪਰਦੀਪ ਕੌਰ, ਪ੍ਰੋ: ਗੁਰਵਿੰਦਰ ਕੌਰ, ਪ੍ਰੋ: ਗੁਰਪ੍ਰੀਤ ਕੌਰ, ਪ੍ਰੋ: ਕ੍ਰਿਤਿਕਾ ਅਰੋੜਾ, ਪ੍ਰੋ: ਗੁਰਪ੍ਰੀਤ ਕੌਰ, ਪ੍ਰੋ: ਪ੍ਰਭਜੀਤ ਕੌਰ, ਮੈਡਮ ਪਰਮਜੀਤ ਕੌਰ ਅਤੇ ਮਿਸਟਰ ਅਮਨ ਸ਼ਰਮਾ ਆਦਿ ਹਾਜ਼ਰ ਸਨ।

# 12 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਤਿਹਾਸਿਕ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਵਿਧਾਇਕ ਜਸਵੀਰ ਰਾਜਾ ਗਿੱਲ ਨੇ ਕੀਤਾ



ਟਾਂਡਾ ਉੜਮੁੜ, 17 ਜਨਵਰੀ (ਅਰਜੁਨ ਜੈਨ): ਸੂਬਾ ਸਰਕਾਰ ਨੇ ਪੰਜਾਬ ਵਿੱਚ ਇਤਿਹਾਸਿਕ ਵਿਕਾਸ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਬੇਟ ਖੇਤਰ ਵਿੱਚ ਧੁੱਸੀ ਬੰਨ 'ਤੇ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਆਰੰਭਤਾ ਕਰਵਾਉਣ ਸਮੇਂ ਕੀਤਾ। ਇਸ ਮੌਕੇ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਪਿੰਡ ਗੰਦੋਵਾਲ ਤੋਂ ਵਾਂ ਤੱਕ 12 ਕਰੋੜ ਰੁਪਏ ਦੀ ਲਾਗਤ ਨਾਲ ਧੁਸੀ ਬੰਨ 'ਤੇ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ ਇਹ ਸਾਰਾ ਕਾਰਜ ਸੂਬਾ ਸਰਕਾਰ ਵੱਲੋਂ ਪੰਜਾਬ ਮੰਡੀ ਬੋਰਡ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਬਹੁਤ ਜਲਦ ਹੀ ਇਹ ਕਾਰਜ ਮੁਕੰਮਲ ਕਰਵਾ ਕੇ ਲੋਕਾਂ ਨੂੰ ਨਵੀਂ ਸਹੂਲਤ ਪ੍ਰਦਾਨ ਕੀਤੀ ਜਾਵੇਗੀ।ਇਸ ਮੌਕੇ ਉਹਨਾਂ ਦੱਸਿਆ ਕਿ ਇਸ ਇਤਿਹਾਸਿਕ ਕਾਰਜ ਦੇ ਹੋਣ ਨਾਲ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਪੂਰੀ ਹੋ ਜਾਵੇਗੀ ਅਤੇ ਵੰਡ ਵਾਲੀ ਸੜਕ ਦੇ ਦੋਨੋਂ ਪਾਸੇ ਇੰਟਰਲੋਕ ਟਾਈਲਾਂ ਵੀ ਲਗਾਈਆਂ ਜਾਣਗੀਆਂ।ਇਸ ਮੌਕੇ ਇਕੱਤਰ ਹੋਏ ਵੱਖ ਵੱਖ ਪਿੰਡਾਂ ਦੇ ਸਰਪੰਚਾਂ ਪੰਚਾਂ ਅਤੇ ਨੁਮਾਇੰਦਿਆਂ ਨੇ ਪੰਜਾਬ ਸਰਕਾਰ ਤੇ ਵਿਧਾਇਕ ਜਸਬੀਰ ਸਿੰਘ ਰਾਜਾ ਦਾ ਇਸ ਵੱਡੇ ਕਾਰਜ ਲਈ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ, ਪੰਚਾਇਤ ਸੰਮਤੀ ਮੈਂਬਰ ਲਖਵਿੰਦਰ ਸਿੰਘ ਸੇਠੀ, ਸੰਮਤੀ ਮੈਂਬਰ ਸਰਪੰਚ ਵਰਿੰਦਰ ਸਿੰਘ ਭੂਲਪੁਰ, ਸਰਪੰਚ ਚਰਨਜੀਤ ਸਿੰਘ ਨਿੱਕੂ, ਸਰਪੰਚ ਕੁਲਵਿੰਦਰ ਸਿੰਘ ਬੱਬਲ, ਸਰਪੰਚ ਮਲਕੀਤ ਸਿੰਘ ਸਲੇਮਪੁਰ, ਸਰਪੰਚ ਐਸ.ਪੀ ਸਿੰਘ ਟਾਹਲੀ , ਸਰਪੰਚ ਦੀਦਾਰ ਸਿੰਘ ਗੰਦੋਵਾਲ, ਅਮਰਜੀਤ ਸਿੰਘ, ਸਤਪਾਲ ਸਿੰਘ, ਗੁਰਬਖਸ਼ ਸਿੰਘ, ਲਖਵਿੰਦਰ ਸਿੰਘ, ਅਮਰੀਕ ਸਿੰਘ,ਵਿੱਦਿਆ ਸਿੰਘ, ਤਜਿੰਦਰ ਸਿੰਘ, ਤਰਸੇਮ ਸਿੰਘ, ਗੁਰਬਖਸ਼ ਸਿੰਘ, ਅਵਤਾਰ ਸਿੰਘ, ਪਰਮਿੰਦਰ ਸਿੰਘ, ਬਲਵੀਰ ਸਿੰਘ, ਸੰਦੀਪ ਸਿੰਘ, ਸੁਰਿੰਦਰ ਸਿੰਘ, ਐਸ.ਡੀ.ਓ ਅਮਰੀਕ ਸਿੰਘ ਆਦਿ ਵੀ ਹਾਜ਼ਰ ਸਨ।

## ਪ੍ਰਕਾਸ਼ ਸਿੰਘ ਵੜਵਾਲ ਰਾਏ ਸਿੱਖ ਭਲਾਈ ਬੋਰਡ ਦੇ ਚੇਅਰਮੈਨ ਨਿਯੁਕਤ

ਫਿਰੋਜ਼ਪੁਰ, 17 ਜਨਵਰੀ (ਤਿਵਾੜੀ) : ਪੰਜਾਬ ਸਰਕਾਰ ਵੱਲੋਂ ਗਠਿਤ ਕੀਤੇ ਗਏ ਰਾਏ ਸਿੱਖ ਭਲਾਈ ਬੋਰਡ ਦਾ ਫਿਰੋਜ਼ਪੁਰ ਤੇ ਵਾਸੀ ਪ੍ਰਕਾਸ਼ ਸਿੰਘ ਵੜਵਾਲ ਨੂੰ ਚੇਅਰਮੈਨ ਲਗਾਇਆ ਗਿਆ ਹੈ, ਜਿਸ 'ਤੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਨੇ ਪ੍ਰਕਾਸ਼ ਸਿੰਘ ਨੂੰ ਵਧਾਈ ਦਿੱਤੀ। ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਪ੍ਰਕਾਸ਼ ਸਿੰਘ ਨੂੰ ਵਧਾਈ ਦਿੰਦਿਆਂ ਉਹਨਾਂ ਆਸ ਪ੍ਰਗਟ ਕੀਤੀ ਕਿ ਪ੍ਰਕਾਸ਼ ਸਿੰਘ ਨੂੰ ਦਿੱਤੀ ਗਈ ਜ਼ਿੰਮੇਵਾਰੀ ਉਹ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ। ਨਵ ਨਿਯੁਕਤ ਚੇਅਰਮੈਨ ਪ੍ਰਕਾਸ਼ ਸਿੰਘ ਵੜਵਾਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਇਫਟੂ ਵਰਕਰਾਂ ਨੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ



ਨਵਾਂਸ਼ਹਿਰ, 17 ਜਨਵਰੀ (ਸੁਖਦੇਵ ਸਿੰਘ ਉੜਾਪੜ): ਇਫਟੂ ਦੇ ਪੰਜਾਬ ਕਮੇਟੀ ਦੇ ਸ਼ਨੀਵਾਰ ਅੰਦੋਲਨ ਦੇ ਨਾਂਅ ਤਹਿਤ ਦਿੱਤੇ ਗਏ ਸੱਦੇ ਉੱਤੇ ਭੱਠਾ ਵਰਕਰ ਯੂਨੀਅਨ (ਇਫਟੂ) ਵੱਲੋਂ ਪਿੰਡ ਪੱਲੀ ਝਿੱਕੀ ਦੇ ਇੱਟਾਂ ਦੇ ਭੱਠੇ ਉੱਤੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਇਫਟੂ ਵਰਕਰਾਂ ਨੇ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ,ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਜਗੀਰਾ ਬੈਂਸ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਦੇਸ਼ ਦੇ ਮਜ਼ਦੂਰ ਵਰਗ ਉੱਤੇ ਬਹੁਤ ਹੀ ਮਾਰੂ ਹਮਲਾ ਹੈ।ਇਹ ਮਜ਼ਦੂਰ ਜਮਾਤ ਕੋਲੋਂ ਉਸਦੇ ਬੁਨਿਆਦੀ ਅਧਿਕਾਰ ਖੋਹ ਲੈਂਦੇ ਹਨ। ਜੋ ਅਧਿਕਾਰ ਮਜ਼ਦੂਰਾਂ ਨੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ। ਇਹ ਮਜ਼ਦੂਰ ਜਮਾਤ ਕੋਲੋਂ ਉਸਦਾ ਯੂਨੀਅਨ ਬਣਾਉਣ ਦਾ ਅਧਿਕਾਰ, ਹੜਤਾਲ ਕਾਰਨ ਦਾ ਅਧਿਕਾਰ ਖੋਂਹਦੇ ਹਨ, ਰੁਜ਼ਗਾਰ ਸੁਰੱਖਿਆ ਨੂੰ ਖਤਮ ਕਰਦੇ ਹਨ, ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਦੇ ਹਨ, ਮਜ਼ਦੂਰਾਂ ਦੀ ਸੁਰੱਖਿਆ ਪ੍ਰਤੀ ਮਾਲਕਾਂ ਦੀ ਜਵਾਬਦੇਹੀ ਨੂੰ ਖ਼ਤਮ ਕਰਦੇ ਹਨ। ਉਹਨਾਂ ਕਿਹਾ ਕਿ ਇਹ ਕੋਡ ਸਕੀਮ ਵਰਕਰਾਂ, ਗਿਗ ਵਰਕਰਾਂ, ਕੱਚੇ ਵਰਕਰਾਂ, ਆਊਟਸੋਰਸ ਵਰਕਰਾਂ ਦੇ ਹਿੱਤਾਂ ਉੱਤੇ ਵੀ ਘਾਤਕ ਹਮਲਾ ਹਨ ਜਿਹਨਾਂ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ । ਆਗੂਆਂ ਨੇ ਕਿਹਾ ਕਿ ਸਰਕਾਰ ਇਹ ਕੂੜ ਪ੍ਰਚਾਰ ਕਰ ਰਹੀ ਹੈ ਕਿ ਇਹ ਲੇਬਰ ਕੋਡ ਮਜ਼ਦੂਰ ਪੱਖੀ ਹਨ । ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਾਰੇ ਪੰਜਾਬ ਵਿੱਚ ਇਸ ਸ਼ਨੀਵਾਰ ਅੰਦੋਲਨ ਨੂੰ ਸ਼ੁਰੂ ਕਰਨ । ਇਸ ਮੌਕੇ ਧੀਰ ਸਿੰਘ, ਹਿੰਮਤ ਸਿੰਘ, ਬਿੱਟੂ, ਅਰਵਿੰਦ ਕੁਮਾਰ, ਜੈ ਭਗਵਾਨ, ਨਿੱਕੂ, ਸ਼ਿਵਾਨੀ, ਮਧੂ, ਸੋਮੀ, ਰਾਣੀ ਵੀ ਮੌਜੂਦ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰਾਂ ਨਾਲ ਮੀਟਿੰਗ



ਹੁਸ਼ਿਆਰਪੁਰ, 17 ਜਨਵਰੀ (ਚ.ਨ.ਸ.): ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਨੇ ਅੱਜ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ । ਇਸ ਮੌਕੇ ਉਨ੍ਹਾਂ ਨੇ ਨਾਲਸਾ ਨਾਲ ਸਬੰਧਤ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਦਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਕਿ ਉਹ 'ਕੰਪਨਸੇਸ਼ਨ ਟੂ ਵਿਕਟਮ ਯੋਜਨਾ' ਬਾਰੇ ਜਾਗਰੂਕਤਾ ਫੈਲਾਉਣ ਤਾਂ ਜੋ ਸੜਕ ਹਾਦਸਿਆਂ ਵਿੱਚ ਮਾਰੇ ਗਏ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਸਮੇਂ ਸਿਰ 2 ਲੱਖ ਰੁਪਏ ਦਾ ਮੁਆਵਜ਼ਾ ਮਿਲ ਸਕੇ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਜੁੜੀਆਂ ਐਨ.ਜੀ.ਓਜ਼ ਨੂੰ ਹਦਾਇਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਹ ਵਿੱਦਿਅਕ ਸੰਸਥਾਵਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੀ ਰੋਕਥਾਮ ਅਤੇ ਡਰਾਈਵਿੰਗ ਲਾਇਸੰਸ ਬਣਾਉਣ ਬਾਰੇ ਵੀ ਜਾਗਰੂਕ ਕਰਨ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ 14 ਮਾਰਚ ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਕੇਸ ਦਰਜ ਕਰਕੇ ਇਸ ਰਾਸ਼ਟਰੀ ਲੋਕ ਅਦਾਲਤ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਇਸ ਨਾਲ ਸਮਾਂ ਅਤੇ ਪੈਸੇ ਦੋਵਾਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫ਼ੈਸਲੇ ਨੂੰ ਸਿਵਲ ਡਿਕਰੀ ਦੀ ਮਾਨਤਾ ਪ੍ਰਾਪਤ ਹੈ। ਇਸ ਮੌਕੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅਕਤੂਬਰ 2025 ਤੋਂ ਦਸੰਬਰ 2025 ਤੱਕ ਦੇ ਦੌਰਾਨ 414 ਲੋਕਾਂ ਨੂੰ ਕਾਨੂੰਨੀ ਸਹਾਇਤਾ ਅਤੇ 132 ਲੋਕਾਂ ਨੂੰ ਕਾਨੂੰਨੀ ਸਲਾਹ ਪ੍ਰਦਾਨ ਕੀਤੀ ਗਈ।

ਇਸ ਤੋਂ ਇਲਾਵਾ ਅਥਾਰਟੀ ਵੱਲੋਂ 876 ਸੈਮੀਨਾਰ ਕਰਵਾਏ ਗਏ, 42 ਕੇਸਾਂ ਦਾ ਹੱਲ ਵਿਚੋਲਗੀ ਅਤੇ ਸੁਲ੍ਹਾ ਕੇਂਦਰ ਵਿੱਚ ਕੀਤਾ ਗਿਆ ਅਤੇ 12 ਕੇਸਾਂ ਦਾ ਫ਼ੈਸਲਾ ਕੇਂਦਰੀ ਜੇਲ੍ਹ ਵਿੱਚ ਕੈਂਪ ਕੋਰਟ ਰਾਹੀਂ ਮੌਕੇ 'ਤੇ ਹੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੰਪਨਸੇਸ਼ਨ ਟੂ ਵਿਕਟਮ ਯੋਜਨਾ ਦੇ ਤਹਿਤ 3 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਅਤੇ 1,50,000 ਰੁਪਏ ਦੇ ਐਵਾਰਡ ਪਾਸ ਕੀਤੇ ਗਏ।

ਇਸ ਮੌਕੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਵਿੰਦਰ ਸ਼ੀਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਸੀ.ਜੇ.ਐਮ ਅਜੇ ਪਾਲ ਸਿੰਘ, ਜ਼ਿਲ੍ਹਾ ਅਟਾਰਨੀ ਵਰਿੰਦਰ ਕੁਮਾਰ, ਸਹਾਇਕ ਲੋਕ ਸੰਪਰਕ ਅਧਿਕਾਰੀ ਲੋਕੇਸ਼ ਕੁਮਾਰ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਉਪ ਪ੍ਰਧਾਨ ਵਿਕਰਮ ਸਿੰਘ, ਐਸ.ਐਚ.ਓ ਸਿਟੀ ਗੁਰਸਾਹਿਬ ਸਿੰਘ, ਆਗਿਆ ਪਾਲ ਸਿੰਘ ਸਾਹਨੀ, ਕਿਰਨਪ੍ਰੀਤ ਕੌਰ ਧਾਮੀ, ਦਰਸ਼ਨ ਕੌਸ਼ਲ, ਲੈਫਟੀਨੈਂਟ ਜਨਰਲ (ਸੇਵਾਮੁਕਤ) ਜਸਬੀਰ ਸਿੰਘ ਢਿੱਲੋਂ ਵੀ ਮੌਜੂਦ ਸਨ।

# ਡੀ.ਸੀ ਵੱਲੋਂ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਸਮੀਖਿਆ ਮੀਟਿੰਗ



ਲੁਧਿਆਣਾ, 17 ਜਨਵਰੀ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ੁੱਕਰਵਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਖੇਡ ਮੈਦਾਨ ਵਿਖੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਦਿਹਾੜੇ ਨੂੰ ਪੂਰੇ ਉਤਸ਼ਾਹ, ਆਪਸੀ ਮਿਲਵਰਤਨ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇ ਅਤੇ ਸਾਰੇ ਵਿਭਾਗ ਆਪੋ ਆਪਣੇ ਪੱਧਰ ਉੱਤੇ ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ 26 ਜਨਵਰੀ ਨੂੰ ਪੀ.ਏ.ਯੂ ਦੇ ਖੇਡ ਮੈਦਾਨ ਵਿਖੇ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਤਿਰੰਗੇ ਨੂੰ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਦੇ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਅਤੇ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਤਿਆਰ ਕੀਤੀਆਂ ਜਾਣਗੀਆਂ, ਜਿਸ ਲਈ ਸਬੰਧਤ ਵਿਭਾਗ ਲੋੜੀਂਦੀ ਤਿਆਰੀ ਨੂੰ ਯਕੀਨੀ ਬਣਾਉਣ। ਹਿਮਾਂਸ਼ੂ ਜੈਨ ਨੇ ਵੱਖ ਵੱਖ ਕਾਰਜਾਂ ਲਈ ਗਠਿਤ ਕਮੇਟੀਆਂ ਨੂੰ ਕੰਮਾਂ ਬਾਰੇ ਵਿਸਥਾਰ ਵਿੱਚ ਜਾਣੂੰ ਕਰਵਾਇਆ ਅਤੇ ਸਮਾਗਮ ਦੌਰਾਨ ਹਰ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸੱਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਹੋਵੇਗੀ, ਜਿਸ ਵਿੱਚ ਦੇਸ਼ਭਗਤੀ 'ਤੇ ਆਧਾਰਿਤ ਵੰਨਗੀਆਂ ਦੇ ਨਾਲ ਨਾਲ ਲੋਕ ਨਾਚਾਂ ਦੀਆਂ ਟੀਮਾਂ ਦੀ ਚੋਣ ਕੀਤੀ ਜਾਵੇਗੀ। ਸਮਾਗਮ ਸਥਾਨ ਉੱਤੇ 19 ਜਨਵਰੀ ਤੋਂ ਰਿਹਰਸਲਾਂ ਸ਼ੁਰੂ ਹੋਣਗੀਆਂ ਅਤੇ 23 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ, ਮੰਡੀ ਬੋਰਡ, ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਨਿਗਮ, ਖੇਡ ਵਿਭਾਗ, ਬਾਗਬਾਨੀ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਕੇਸ਼ ਕੁਮਾਰ, ਸਹਾਇਕ ਕਮਿਸ਼ਨਰ (ਜਨਰਲ) ਪਾਇਲ ਗੋਇਲ, ਉਪ ਮੰਡਲ ਮੈਜਿਸਟਰੇਟ (ਲੁਧਿਆਣਾ ਪੂਰਬੀ) ਜਸਲੀਨ ਕੌਰ ਭੁੱਲਰ, ਉਪ ਮੰਡਲ ਮੈਜਿਸਟਰੇਟ (ਲੁਧਿਆਣਾ ਪੱਛਮੀ) ਡਾ. ਪੂਨਮਪ੍ਰੀਤ ਕੌਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਨਗਰ ਨਿਗਮ ਵੱਲੋਂ ਵੱਡੀ ਕਾਰਵਾਈ ਗੈਰ-ਕਾਨੂੰਨੀ ਦੁਕਾਨਾਂ ਕੀਤੀਆਂ ਸੀਲ

ਲੁਧਿਆਣਾ,17 ਜਨਵਰੀ (ਵਿਸ਼ਾਲ ਸ਼ਰਮਾ): ਨਗਰ ਨਿਗਮ ਵੱਲੋਂ ਅਜ ਵੱਡੀ ਕਾਰਵਾਈ ਕੀਤੀ ਗਈ ਗੈਰ-ਕਾਨੂੰਨੀ ਤੌਰ 'ਤੇ ਬਣਾਈਆਂ ਗਈਆਂ ਦੁਕਾਨਾਂ ਸੀਲ ਕਰ ਮਾਲਕ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਨਗਰ ਨਿਗਮ ਨੇ ਹੈਬੋਵਾਲ ਜੋਸ਼ੀ ਨਗਰ ਵਿੱਚ ਖੁੱਲ੍ਹੀਆਂ ਦੁਕਾਨਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ, ਲੁਧਿਆਣਾ ਨਗਰ



ਨਿਗਮ ਦੀ ਅਧਿਕਾਰਤ ਸੀਲ ਤੋੜ ਕੇ ਅੱਜ ਉਨ੍ਹਾਂ ਨੂੰ ਦੁਬਾਰਾ ਸੀਲ ਕਰ ਦਿੱਤਾ ਗਿਆ।ਭਗਵੰਤ ਸਿੰਘ ਮਾਨ ਦੀ ਸਰਕਾਰ ਗੈਰ-ਕਾਨੂੰਨੀ ਗਤੀਵਿਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ।ਇਸੇ ਕ੍ਰਮ ਵਿੱਚ ਨਗਰ ਨਿਗਮ ਲੁਧਿਆਣਾ ਨੇ ਸ਼ਹਿਰ ਵਿੱਚ ਬਣੀਆਂ ਗੈਰ-ਕਾਨੂੰਨੀ ਇਮਾਰਤਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਗਈ।ਨਗਰ ਨਿਗਮ ਨੇ ਇੱਕ ਵਾਰ ਫਿਰ ਉਨ੍ਹਾਂ ਦੁਕਾਨਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ ਜੋ ਸਰਕਾਰੀ ਸੀਲ ਤੋੜਨ ਤੋਂ ਬਾਅਦ ਖੋਲ੍ਹੀਆਂ ਗਈਆਂ ਸਨ। ਦੱਸਿਆ ਜਾ ਰਿਹਾ ਹੈ ਕਿ ਨਗਰ ਨਿਗਮ ਨੇ ਦੁਕਾਨਾਂ ਨੂੰ ਦੁਬਾਰਾ ਸੀਲ ਕਰ ਦਿੱਤਾ ਹੈ। ਜਿਹਨਾਂ ਚਾਰ ਦੁਕਾਨਾਂ ਨੂੰ ਲੁਧਿਆਣਾ ਨਗਰ ਨਿਗਮ ਨੇ ਚਾਰ ਹਫ਼ਤੇ ਪਹਿਲਾਂ ਸੀਲ ਕਰ ਦਿੱਤਾ ਸੀ, ਪਰ ਇਸ ਦੇ ਬਾਵਜੂਦ, ਇਮਾਰਤ ਮਾਲਕ ਨੇ ਸੀਲ ਤੋੜ ਕੇ ਦੁਕਾਨਾਂ ਦੁਬਾਰਾ ਖੋਲ੍ਹ ਦਿੱਤੀਆਂ, ਜਿਸ ਬਾਰੇ ਜਾਣਕਾਰੀ ਨਿਗਮ ਅਧਿਕਾਰਆਂ ਨੂੰ ਮਿਲੀ ਸੀ। ਇਸ ਤੋਂ ਬਾਅਦ, ਨਗਰ ਨਿਗਮ ਨੇ ਦੁਕਾਨਾਂ ਨੂੰ ਦੁਬਾਰਾ ਸੀਲ ਕਰ ਦਿੱਤਾ ਹੈ।ਇਸ ਤੋਂ ਇਲਾਵਾ ਜਾਇਦਾਦ ਮਾਲਕ ਵਿਰੁੱਧ ਐਫਆਈਆਰ ਦਰਜ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।ਦੱਸਿਆ ਜਾ ਰਿਹਾ ਹੈ ਕਿ ਕੁਝ ਸਮੇਂ ਤੋਂ ਇਨ੍ਹਾਂ ਦੁਕਾਨਾਂ ਨੂੰ ਕਿਰਾਏ 'ਤੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪਤਾ ਲੱਗਾ ਹੈ ਕਿ ਇਨ੍ਹਾਂ ਦੁਕਾਨਾਂ ਦੀ ਉਸਾਰੀ ਲਈ ਨਗਰ ਨਿਗਮ ਵੱਲੋਂ ਕੋਈ ਇਮਾਰਤੀ ਯੋਜਨਾ ਪਾਸ ਨਹੀਂ ਕੀਤੀ ਗਈ ਸੀ।

# ਹਿਮਾਂਸ਼ੂ ਜੈਨ ਦੀ ਅਗਵਾਈ 'ਚ ਉਦਯੋਗਿਕ ਸੁਰੱਖਿਆ ਲਈ ਸਮੀਖਿਆ ਮੀਟਿੰਗ

ਲੁਧਿਆਣਾ, 17 ਜਨਵਰੀ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ, ਲੁਧਿਆਣਾ ਹਿਮਾਂਸ਼ੂ ਜੈਨ ਆਈ.ਏ.ਐਸ ਦੀ ਪ੍ਰਧਾਨਗੀ ਹੇਠ ਅੱਜ ਇੱਕ ਉਦਯੋਗਿਕ ਸੁਰੱਖਿਆ ਸਮੀਖਿਆ ਮੀਟਿੰਗ ਦਾ ਆਯੋਜਨ ਹੋਇਆ, ਜਿਸਦਾ ਉਦੇਸ਼ ਉਦਯੋਗਿਕ ਸੁਰੱਖਿਆ ਤਿਆਰੀ ਨੂੰ ਮਜ਼ਬੂਤ ਕਰਨਾ, ਉਦਯੋਗਿਕ ਹਾਦਸਿਆਂ ਨੂੰ ਰੋਕਣਾ ਅਤੇ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਅਤੇ ਉਦਯੋਗਿਕ ਇਕਾਈਆਂ ਵਿਚਕਾਰ ਤਾਲਮੇਲ ਨਾਲ ਐਮਰਜੈਂਸੀ ਪ੍ਰਤੀਕਿਰਿਆ ਵਿਧੀਆਂ ਨੂੰ ਵਧਾਉਣਾ ਸ਼ਾਮਲ ਸੀ।ਮੀਟਿੰਗ ਦੌਰਾਨ ਉਦਯੋਗਿਕ ਸੁਰੱਖਿਆ ਲਈ ਵਿਆਪਕ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ.ਓ.ਪੀਜ਼) ਤਿਆਰ ਕਰਨ ਲਈ ਇੱਕ ਜ਼ਿਲ੍ਹਾ ਉਦਯੋਗਿਕ ਸੁਰੱਖਿਆ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ ਵਿੱਚ ਨੇੜਲੀਆਂ ਸਿਹਤ ਸਹੂਲਤਾਂ ਦੀ ਮੈਪਿੰਗ, ਫਾਇਰ ਬ੍ਰਿਗੇਡ ਸੇਵਾਵਾਂ ਦੀ ਉਪਲੱਬਧਤਾ, ਉਦਯੋਗਾਂ ਦੁਆਰਾ ਛੱਡੀਆਂ ਜਾਣ ਵਾਲੀਆਂ ਸੰਭਾਵੀ ਖਤਰਨਾਕ ਗੈਸਾਂ ਦੀ ਪਛਾਣ ਅਤੇ ਪ੍ਰਭਾਵਸ਼ਾਲੀ ਤਾਲਮੇਲ ਅਤੇ ਤੇਜ਼ ਐਮਰਜੈਂਸੀ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣ ਲਈ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਸ਼ਾਮਲ ਹੋਵੇਗੀ। ਜ਼ਿਲ੍ਹੇ



ਵਿੱਚ ਕੰਮ ਕਰਨ ਵਾਲੀਆਂ ਸਾਰੀਆਂ ਪੋਕਲੇਨ, ਜੇ.ਸੀ.ਬੀ ਮਸ਼ੀਨਾਂ ਨੂੰ ਜੀ.ਪੀ.ਐਸ ਸਿਸਟਮ ਨਾਲ ਲੈਸ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਖੁਦਾਈ ਗਤੀਵਿਧੀਆਂ ਦੌਰਾਨ ਅਸਲ-ਸਮੇਂ ਦੀ ਨਿਗਰਾਨੀ ਨੂੰ ਸਮਰੱਥ ਬਣਾਇਆ ਜਾ ਸਕੇ ਅਤੇ ਸੁਰੱਖਿਆ ਵਧਾਈ ਜਾ ਸਕੇ।ਥਿੰਕ ਗੈਸ ਦੁਆਰਾ ਜੀ.ਪੀ.ਐਸ. ਉਪਕਰਣ ਮੁਫਤ ਸਥਾਪਿਤ ਕੀਤੇ ਜਾਣਗੇ।ਸਾਰੇ ਉਦਯੋਗਾਂ ਨੂੰ ਅਗਲੇ ਇੱਕ ਮਹੀਨੇ ਦੌਰਾਨ ਆਪਣੇ ਉਦਯੋਗ ਵਿੱਚ ਜਾਗਰੂਕਤਾ-ਕਮ-ਮੌਕ ਡ੍ਰਿਲ ਅਭਿਆਸ ਦਾ ਆਯੋਜਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਅਭਿਆਸ ਜ਼ਮੀਨੀ ਤਿਆਰੀ, ਐਮਰਜੈਂਸੀ ਪ੍ਰਤੀਕਿਰਿਆ ਸਮਰੱਥਾਵਾਂ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਦਾ ਮੁਲਾਂਕਣ ਕਰਨਗੇ।

ਐਮਰਜੈਂਸੀ ਦੀ ਸਥਿਤੀ ਵਿੱਚ ਲੋਕਾਂ ਅਤੇ ਸਬੰਧਤ ਵਿਭਾਗ ਤੁਰੰਤ ਸਹਾਇਤਾ ਅਤੇ ਤਾਲਮੇਲ ਲਈ ਗੇਲ ਦੇ ਟੋਲ-ਫ੍ਰੀ ਐਮਰਜੈਂਸੀ ਨੰਬਰ 15101 'ਤੇ ਸੰਪਰਕ ਕਰ ਸਕਦੇ ਹਨ।ਡਿਪਟੀ ਕਮਿਸ਼ਨਰ ਜੈਨ ਵੱਲੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਉਦਯੋਗਿਕ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਾਰੇ ਸਬੰਧਤ ਵਿਭਾਗਾਂ ਅਤੇ ਉਦਯੋਗਾਂ ਨੂੰ ਲਏ ਗਏ ਫੈਸਲਿਆਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਲੁਧਿਆਣਾ ਵਿੱਚ ਜਨਤਕ ਸੁਰੱਖਿਆ ਦੇ ਹਿੱਤ ਵਿੱਚ ਇਹਨਾਂ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਨਿਯਮਤ ਨਿਗਰਾਨੀ ਅਤੇ ਪੈਰਵਾਈ ਕੀਤੀ ਜਾਵੇਗੀ।

# ਨਸ਼ਿਆਂ ਵਿਰੁੱਧ ਵੱਡੀ ਰੈਲੀ, ਵਿਧਾਇਕ ਗਿਆਸਪੁਰਾ ਨੇ ਕੀਤੀ ਅਗਵਾਈ

ਲੁਧਿਆਣਾ, 17 ਜਨਵਰੀ (ਵਿਸ਼ਾਲ ਸ਼ਰਮਾ): ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਅਤੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਦੋਰਾਹਾ ਵਿੱਚ ਇੱਕ ਵੱਡੀ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਦੀ ਅਗਵਾਈ



ਪਾਇਲ ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕੀਤੀ। ਰੈਲੀ ਵਿੱਚ ਵੱਡੀ ਸੰਖਿਆ ਵਿੱਚ ਲੋਕਾਂ, ਨੌਜਵਾਨਾਂ ਅਤੇ ਔਰਤਾਂ ਨੇ ਹਿੱਸਾ ਲਿਆ, ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਸਾਰਾ ਸਮਾਜ ਨਸ਼ਿਆਂ ਵਿਰੁੱਧ ਇੱਕਜੁੱਟ ਹੈ। ਰੈਲੀ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਖ਼ਤਰੇ ਬਾਰੇ ਜਾਗਰੂਕ ਕਰਨਾ ਅਤੇ ਸਮਾਜ ਵਿੱਚ ਨਸ਼ਾ ਮੁਕਤ ਵਾਤਾਵਰਨ ਬਣਾਉਣਾ ਸੀ। ਇਸ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰਾਂ ਅਤੇ ਸਮਾਜ ਵਿੱਚ ਨਸ਼ਿਆਂ ਦੀ ਸੁਰੰਗ ਰੋਕਣ ਵਿੱਚ ਭੂਮਿਕਾ ਨਿਭਾਉਣ। ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਇਸ ਮੌਕੇ ਤੇ ਕਿਹਾ ਕਿ ਨਸ਼ਾ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਲਈ ਸਭ ਤੋਂ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹ ਤੋਂ ਉਖਾੜਨਾ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦਿਖਾਉਣਾ ਸਰਕਾਰ ਦੀ ਪਹਿਲਕਦਮੀ ਹੈ। ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਸਖ਼ਤ ਕਦਮ ਚੁੱਕ ਰਹੀ ਹੈ। ਉਨ੍ਹਾਂ ਨੇ ਪਿਛਲੀਆਂ ਸਰਕਾਰਾਂ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਨਸ਼ਿਆਂ ਵਿਰੁੱਧ ਕੋਈ ਮਜ਼ਬੂਤ ਕਾਰਵਾਈ ਨਹੀਂ ਕੀਤੀ ਗਈ ਸੀ, ਜਿਸ ਕਾਰਨ ਪੰਜਾਬ ਦੇ ਇਹ ਹਾਲਾਤ ਬਣ ਗਏ ਸਨ।ਹੁਣ ਭਗਵੰਤ ਸਿੰਘ ਮਾਨ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਰਾਹੀਂ ਨੌਜਵਾਨਾਂ ਨੂੰ ਸੂਚਿਤ ਕਰਕੇ ਨਸ਼ਿਆਂ ਦੇ ਵਧਦੇ ਪ੍ਰਭਾਵ ਨੂੰ ਰੋਕਿਆ ਜਾ ਰਿਹਾ ਹੈ। ਵਿਧਾਇਕ ਨੇ ਰੈਲੀ ਦੌਰਾਨ ਲੋਕਾਂ ਨੂੰ ਨਸ਼ਿਆਂ ਵਿਰੁੱਧ ਇੱਕਜੁੱਟ ਹੋਣ ਅਤੇ ਸਮਾਜ ਵਿੱਚ ਸਹੀ ਦਿਸ਼ਾ ਦਿਖਾਉਣ ਦੀ ਅਪੀਲ ਕੀਤੀ ਗਈ।ਵਿਧਾਇਕ ਗਿਆਸਪੁਰਾ ਨੇ ਆਖਿਆ ਕਿ ਨਸ਼ਾ ਮੁਕਤ ਪੰਜਾਬ ਦੀ ਲੜਾਈ ਵਿੱਚ ਹਰ ਵਿਅਕਤੀ, ਖ਼ਾਸ ਕਰਕੇ ਨੌਜਵਾਨ, ਆਪਣੀ ਭੂਮਿਕਾ ਨਿਭਾਏ। ਇਸ ਰੈਲੀ ਨੇ ਲੋਕਾਂ ਵਿੱਚ ਨਸ਼ਿਆਂ ਵਿਰੁੱਧ ਸੂਚਨਾ ਅਤੇ ਜਾਗਰੂਕਤਾ ਦੇ ਨਾਲ-ਨਾਲ ਸਮਾਜਿਕ ਏਕਤਾ ਦਾ ਵੀ ਸੁਨੇਹਾ ਭੇਜਿਆ। ਸਰਕਾਰ ਅਤੇ ਲੋਕਾਂ ਦੇ ਸਹਿਯੋਗ ਨਾਲ ਹੀ ਪੰਜਾਬ ਨੂੰ ਨਸ਼ਾ ਮੁਕਤ ਅਤੇ ਖੁਸ਼ਹਾਲ ਬਣਾਇਆ ਜਾ ਸਕਦਾ ਹੈ।

# ਗੁਰੂ ਨਾਨਕ ਸਟੇਡੀਅਮ 'ਚ ਨੌਜਵਾਨ ਵੇਟਲਿਫਟਰਾਂ ਲਈ ਇੱਕ ਨਵੀਂ ਸ਼ੁਰੂਆਤ

ਲੁਧਿਆਣਾ, 17 ਜਨਵਰੀ (ਵਿਸ਼ਾਲ ਸ਼ਰਮਾ): ਜ਼ਿਲ੍ਹੇ ਲਈ ਇੱਕ ਮਾਣਮੱਤੀ ਅਤੇ ਪ੍ਰੇਰਨਾਦਾਇਕ ਪਹਿਲਕਦਮੀ ਤਹਿਤ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਨਵੇਂ ਸਥਾਪਿਤ ਵੇਟਲਿਫਟਿੰਗ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ।ਇਹ ਉਦਘਾਟਨ ਜ਼ਿਲ੍ਹਾ ਪ੍ਰਸ਼ਾਸਨ ਦੀ ਖੇਡਾਂ, ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਐਥਲੀਟਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਕੇਂਦਰ ਨੂੰ ਇੱਕ ਸਮਰਪਿਤ ਜਗ੍ਹਾ ਪ੍ਰਦਾਨ ਕਰਨ ਲਈ ਵਿਕਸਤ ਕੀਤਾ ਗਿਆ ਹੈ, ਜਿੱਥੇ ਚਾਹਵਾਨ ਵੇਟਲਿਫਟਰਾਂ ਨੂੰ ਇੱਕ ਸੁਰੱਖਿਅਤ, ਢਾਂਚਾਗਤ ਅਤੇ ਪ੍ਰੇਰਨਾਦਾਇਕ ਵਾਤਾਵਰਣ ਵਿੱਚ ਸਿਖਲਾਈ ਦਿੱਤੀ ਜਾ ਸਕਦੀ ਹੈ। ਇਸਦਾ ਉਦੇਸ਼ ਸਹੀ ਮਾਰਗਦਰਸ਼ਨ, ਅਨੁਸ਼ਾਸਨ ਅਤੇ ਇਕਸਾਰ ਸਿਖਲਾਈ ਦੁਆਰਾ ਨੌਜਵਾਨ ਪ੍ਰਤਿਭਾ ਦਾ ਸਮਰਥਨ ਕਰਨਾ ਹੈ, ਜਿਸ ਨਾਲ ਐਥਲੀਟਾਂ ਨੂੰ ਜ਼ਮੀਨੀ ਪੱਧਰ ਤੋਂ ਉੱਚ ਪ੍ਰਤੀਯੋਗੀ ਪਲੇਟਫਾਰਮਾਂ ਤੱਕ ਤਰੱਕੀ ਕਰਨ ਦੇ ਯੋਗ ਬਣਾਇਆ ਜਾ ਸਕਦਾ ਹੈ।ਬਹੁਤ ਸਾਰੇ ਸਿਖਿਆਰਥੀਆਂ ਲਈ, ਇਹ ਸਹੂਲਤ ਸਿਰਫ਼ ਇੱਕ ਸਿਖਲਾਈ ਸਥਾਨ ਨਹੀਂ ਹੈ, ਸਗੋਂ ਉਨ੍ਹਾਂ ਦੇ ਜ਼ਨੂੰਨ ਨੂੰ ਪ੍ਰਾਪਤੀ ਵਿੱਚ ਬਦਲਣ ਦਾ ਮੌਕਾ ਹੈ। ਐਥਲੀਟਾਂ ਅਤੇ ਕੋਚਾਂ ਨਾਲ ਆਪਣੀ ਗੱਲਬਾਤ ਦੌਰਾਨ,



ਡਿਪਟੀ ਕਮਿਸ਼ਨਰ ਜੈਨ ਨੇ ਨੌਜਵਾਨ ਖਿਡਾਰੀਆਂ ਦੇ ਸਮਰਪਣ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਇੱਕ ਸਫਲ ਖੇਡ ਕਰੀਅਰ ਬਣਾਉਣ ਵਿੱਚ ਸਰੀਰਕ ਤੰਦਰੁਸਤੀ, ਅਨੁਸ਼ਾਸਨ ਅਤੇ ਖੇਡ ਭਾਵਨਾ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ, ਧਿਆਨ ਕੇਂਦਰਿਤ ਰੱਖਣ, ਲਗਨ ਨਾਲ ਸਿਖਲਾਈ ਦੇਣ ਅਤੇ ਆਪਣੀਆਂ ਯੋਗਤਾਵਾਂ ਵਿੱਚ ਵਿਸ਼ਵਾਸ ਰੱਖਣ ਲਈ ਉਤਸ਼ਾਹਿਤ ਕੀਤਾ। ਇਸ ਸਮਾਗਮ ਵਿੱਚ ਅੰਬਰ ਬੰਦੋਪਾਧਿਆਏ (ਸੀ ਜੀ ਓ), ਜ਼ਿਲ੍ਹਾ ਖੇਡ ਅਫ਼ਸਰ ਕੁਲਦੀਪ ਚੁੱਘ, ਆਦਿਤਿਆ ਕੁਮਾਰ ਯਾਦਵ (ਗਵਰਨੈਂਸ ਐਸੋਸੀਏਟ) ਦੇ ਨਾਲ-ਨਾਲ ਕੋਚ ਅਤੇ ਉਤਸ਼ਾਹੀ ਸਿਖਿਆਰਥੀ ਸ਼ਾਮਲ ਹੋਏ। ਐਥਲੀਟਾਂ ਦੁਆਰਾ ਦਿਖਾਈ ਗਈ ਊਰਜਾ ਅਤੇ ਵਚਨਬੱਧਤਾ ਨੇ ਜ਼ਿਲ੍ਹੇ ਭਰ ਵਿੱਚ ਤਾਕਤ ਵਾਲੀਆਂ ਖੇਡਾਂ ਵਿੱਚ ਵੱਧ ਰਹੀ ਦਿਲਚਸਪੀ ਨੂੰ ਦਰਸਾਇਆ ਅਤੇ ਇਸ ਮੌਕੇ ਦੇ ਜੀਵੰਤ ਮਾਹੌਲ ਨੂੰ ਵਧਾ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਲਈ ਅਰਥਪੂਰਨ ਮੌਕੇ ਪੈਦਾ ਕਰਨ ਲਈ ਵਚਨਬੱਧ ਹੈ। ਇਸ ਵੇਟਲਿਫਟਿੰਗ ਸਿਖਲਾਈ ਕੇਂਦਰ ਦਾ ਉਦਘਾਟਨ ਇੱਕ ਸਿਹਤਮੰਦ, ਮਜ਼ਬੂਤ ਅਤੇ ਵਧੇਰੇ ਆਤਮਵਿਸ਼ਵਾਸੀ ਖੇਡ ਭਾਈਚਾਰੇ ਦੇ ਨਿਰਮਾਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਹਰ ਪਰਿਵਾਰ ਨੂੰ ਆਪਣੇ ਘਰ ਧੀ ਦੀ ਲੋਹੜੀ ਮਨਾਉਣੀ ਚਾਹੀਦੀ ਹੈ-ਮੱਕੜ

ਲੁਧਿਆਣਾ, 17 ਜਨਵਰੀ (ਰਵਿੰਦਰ ਸਿੰਘ ਨਿੱਝਰ): ਲੋਹੜੀ ਦੇ ਤਿਉਹਾਰ ਮੌਕੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਧੀਆਂ ਦੀ ਲੋਹੜੀ ਮਨਾਈ ਜਾਂਦੀ ਹੈ ਜੋ ਕਿ ਬਹੁਤ ਸ਼ਲਾਘਾਯੋਗ ਕੰਮ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵਕ ਸੁਰਿੰਦਰ ਸਿੰਘ ਮੱਕੜ ਨੇ ਕਿਹਾ ਕਿ ਲੜਕੀਆਂ ਨਿੱਤ ਨਵੀਆਂ ਬੁਲੰਦੀਆਂ ਨੂੰ ਛੂਹ ਰਹੀਆਂ ਹਨ । ਖੇਡਾਂ, ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਵੀ ਵੱਡੀਆਂ ਪੁਲਾਘਾ ਪੁੱਟ ਰਹੀਆਂ ਹਨ। ਉਹਨਾਂ ਕਿਹਾ ਕਿ ਲੜਕੀਆਂ ਅਨੇਕਾਂ ਹੀ ਖੇਤਰਾਂ ਵਿੱਚ ਲੜਕੀਆਂ ਤੋਂ ਲੜਕਿਆਂ ਤੋਂ ਅੱਗੇ ਨਿਕਲ ਰਹੀਆਂ ਹਨ। ਉਹਨਾਂ ਕਿਹਾ ਕਿ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਲੜਕੀਆਂ ਦੀ ਲੋਹੜੀ ਮਨਾਉਣਾ ਬਹੁਤ ਸ਼ਲਾਘਾਯੋਗ ਕਾਰਜ ਹੈ ਅਤੇ ਇਸ ਸਬੰਧੀ ਹੋਰ ਵੀ ਜਾਗ੍ਰਤੀ ਪੈਦਾ ਕਰਨਾ ਸਮੇਂ ਦੀ ਲੋੜ ਹੈ।ਸਾਡੇ ਸਾਰਿਆਂ ਦਾ ਫਰਜ ਬਣਦਾ ਹੈ ਕਿ ਲੜਕੇ ਅਤੇ ਲੜਕੀ ਵਿੱਚ ਕੋਈ ਫਰਕ ਨਾ ਸਮਝੀਏ ਅਤੇ ਹਰ ਪਰਿਵਾਰ ਪੁੱਤਰਾਂ ਦੀ ਤਰ੍ਹਾਂ ਧੀਆਂ ਦੀ ਲੋਹੜੀ ਵੀ ਮਨਾਵੇ, ਕਿਉਂਕਿ ਲੋੜੀ ਧੀਆਂ ਦੀ ਲੋਹੜੀ ਮਨਾਉਣ ਲਈ



ਸਮਾਗਮ ਕਰਨ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਆਪਣੇ ਘਰਾਂ ਵਿੱਚ ਵੀ ਧੀਆਂ ਦੀ ਲੋਹੜੀ ਜ਼ਰੂਰ ਮਨਾਈਏ।

# ਮਜੀਠੀਆ ਦੀ ਜੇਲ੍ਹ 'ਚ ਸੁਰੱਖਿਆ ਨਾ ਹੋਣੀ ਸਰਕਾਰ ਦੇ ਮੱਥੇ 'ਤੇ ਕਲੰਕ- ਭਿੰਦਾ

ਲੁਧਿਆਣਾ, 17 ਜਨਵਰੀ (ਰਵਿੰਦਰ ਸਿੰਘ ਨਿੱਝਰ): ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜਾਨੋਂ ਮਾਰਨ ਦੀਆਂ ਸਾਜ਼ਿਸ਼ਾਂ ਦੇ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਮਜੀਠੀਆ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੰਗ ਪੱਤਰ ਦੇਣਾ ਆਪ ਸਰਕਾਰ ਦੀ ਲਾਅ ਐਂਡ ਆਰਡਰ ਦੀ ਸਥਿਤੀ ਤੇ ਸਵਾਲੀਆ ਨਿਸ਼ਾਨ ਅਤੇ ਮੱਥੇ 'ਤੇ ਕਲੰਕ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਗੱਲਬਾਤ ਦੌਰਾਨ ਕੀਤਾ।



ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਰਿਹਾਇਸ਼ੀ ਇਲਾਕਿਆਂ ਦੇ ਵਿੱਚ ਤਾਂ ਕਾਨੂੰਨ ਵਿਵਸਥਾ ਪੂਰੀ ਤਰਾਂ ਚਰ-ਮਰਾਈ ਹੋਈ ਨਜ਼ਰ ਆ ਹੀ ਰਹੀ ਹੈ, ਜਦਕਿ ਜੇਲ੍ਹਾਂ ਦੇ ਵਿੱਚ ਵੀ ਲੋਕ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਨਾਭਾ ਜੇਲ੍ਹ ਦੇ ਵਿੱਚ ਬੰਦ ਕੀਤੇ ਗਏ ਬਿਕਰਮ ਮਜੀਠੀਆ ਵਰਗੇ ਵੱਡੇ ਲੀਡਰ ਕੋਲੋਂ ਆਪ ਸਰਕਾਰ ਆਪਣੇ ਆਪ ਨੂੰ ਖਤਰਾ ਮਹਿਸੂਸ ਕਰਦੀ ਹੈ, ਕਿਉਂਕਿ ਜਿੱਥੇ ਉਹ ਅਕਾਲੀ ਦਲ ਦੇ ਨਿਧੱੜਕ ਜਰਨੈਲ ਵਜੋਂ ਜਾਣੇ ਜਾਂਦੇ ਹਨ।

ਉੱਥੇ ਹੀ ਆਏ ਦਿਨ ਆਪ ਦੀਆਂ ਪੋਲਾਂ ਖੋਲ੍ਹਣ ਵਿੱਚ ਵੀ ਮੋਹਰੀ ਰੋਲ ਨਿਭਾਉਂਦੇ ਆਏ ਹਨ। ਜਿਸ ਤੋਂ ਡਰੀ ਹੋਈ ਆਪ ਸਰਕਾਰ ਨੇ ਪਹਿਲਾਂ ਉਹਨਾਂ ਨੂੰ ਬਿਨਾਂ ਵਜ੍ਹਾ ਤੋਂ ਜੇਲ੍ਹ ਦੇ ਵਿੱਚ ਬੰਦ ਕਰ ਦਿੱਤਾ ਤੇ ਹੁਣ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਹੋ ਰਹੀ ਚੜ੍ਹਦੀ ਕਲਾ ਤੋਂ ਘਬਰਾਈ ਆਪ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੇ ਤਹਿਤ ਮਜੀਠੀਆ ਦੀ ਸੁਰੱਖਿਆ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਭੁਪਿੰਦਰ ਭਿੰਦਾ ਨੇ ਕਿਹਾ ਕਿ ਪਹਿਲਾਂ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਿੱਚ ਕਟੌਤੀ ਕਰਕੇ ਮਾਨ ਸਰਕਾਰ ਨੇ ਇੱਕ ਪਰਿਵਾਰ ਦਾ ਪੁੱਤ ਖੋਹਿਆ ਸੀ। ਪ੍ਰੰਤੂ ਮਜੀਠੀਆ ਵਰਗੇ ਜਰਨੈਲ ਦੇ ਨਾਲ ਪੂਰਾ ਪੰਜਾਬ ਖੜ੍ਹਾ ਹੈ ਜੋ ਕਿ ਸਰਕਾਰ ਵੱਲੋਂ ਉਹਨਾਂ ਦੀ ਸੁਰੱਖਿਆ ਨਾਲ ਕੀਤੇ ਜਾ ਰਹੇ ਖਿਲਵਾੜ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

# ਸੰਤ ਜਗੇੜਾ ਵੱਲੋਂ ਕਿਸੇ ਹੋਰ ਡੇਰੇ ਦੇ ਸੰਤ ਨੂੰ ਸਖਤ ਸਜ਼ਾ ਦੇਣ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ

ਲੁਧਿਆਣਾ, 17 ਜਨਵਰੀ (ਰਵਿੰਦਰ ਸਿੰਘ ਨਿੱਝਰ): ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ: ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਬਠਿੰਡਾ ਨੇੜੇ ਪੈਂਦੇ ਇੱਕ ਡੇਰੇ ਦੇ ਮੁਖੀ ਨੂੰ ਸਖਤ ਸਜ਼ਾ ਦਿੱਤੀ ਜਾਵੇ। ਸੰਤ ਜਗੇੜਾ ਨੇ ਲਿਖਿਆ ਹੈ ਕਿ ਬੇਨਤੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੁਗਲ ਰਾਜ ਵਿੱਚ ਮੱਸਾ ਰੰਗੜ ਨੇ ਕੰਜਰੀਆਂ ਨਚਾਕੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ, ਇਸਦੀ ਸਜਾ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਨੇ ਦਿੱਤੀ ਸੀ। ਹੁਣ ਇੱਕ ਹੋਰ ਮੱਸਾ ਰੰਗੜ ਜ਼ਿਲ੍ਹਾ ਬਠਿੰਡਾ ਵਿਖੇ ਪੈਦਾ ਹੋ ਗਿਆ, ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕੁਰਸੀ ਲਾਕੇ ਘੋਰ ਬੇਅਦਬੀ ਕੀਤੀ ਹੈ। ਸੰਗਤਾਂ ਵਿਚ ਭਾਰੀ ਰੋਸ ਹੈ ਇਸ ਮਸੰਦ ਨੇ ਕੁਰਸੀ ਲਾਈ ਹੈ। ਇਸ ਮਸੰਦ ਨੂੰ ਦੇਖ ਕੇ ਹੋਰ ਕੋਈ ਕੁਰਸੀ ਲਾਵੇਗਾ। ਇਹ ਰਾਹ ਬਣੇਗਾ ਫਿਰ ਇਸ ਨੂੰ ਰੋਕਣ ਲਈ ਸੰਘਰਸ਼ ਕਰਨਾ ਪੈਣਾ ਹੈ। ਸੰਗਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰਵਾਈ ਨੂੰ ਉਡੀਕ ਰਹੀਆਂ ਹਨ ਇਸ ਕਰਕੇ



ਆਪ ਜੀ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਕਾਰਵਾਈ ਕੀਤੀ ਜਾਵੇ। ਸੰਤ ਜਗੇੜਾ ਨੇ ਲਿਖਿਆ ਹੈ ਕਿ 28 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ ਮੀਟਿੰਗ ਵਿੱਚ ਵੀ ਇਹ ਮਸਲਾ ਨਹੀਂ ਵਿਚਾਰਿਆ ਗਿਆ। ਸੰਤ ਜਗੇੜਾ ਨੇ ਲਿਖਿਆ ਹੈ ਕਿ ਕੀ ਉਹ ਡੇਰਾ ਮੁਖੀ ਐਨਾ ਤਾਕਤਵਰ ਹੈ ਕਿ ਉਸ ਦੇ ਖ਼ਿਲਾਫ਼ ਕਾਰਵਾਈ ਹੋਣ ਵਿੱਚ ਦੇਰ ਹੋ ਰਹੀ ਹੈ।


## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

Nayi Asha. Naya Vishwas.

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਾਵਾਲਾ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

**ਅਚੱਲ ਸੰਪਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ. ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ ਆਰਬੀਆਈ ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇਥੇ ਬਾਅਦ ਵਿੱਚ ''ਐਸਐਮਐਚਐਫਸੀ'' ਵੱਜੋਂ ਸੰਦਰਭਿਤ) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (ਨਾਮ ਨਿਮਨ ਦਰਸਾਏ) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ ਆਮ ਕਰਕੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ ''ਐਸਐਮਐਚਐਫਸੀ'' ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1. | Lan :- 609139211681248<br>1. ਮੁਰਲੀ ਕ੍ਰਿਸ਼ਨ ਢਾਲੀਆ ਪੁੱਤਰ ਮੋਤੀ ਰਾਮ ਢਾਲੀਆ<br>2. ਸੁਨਿਤਾ ਢਾਲੀਆ ਪਤਨੀ ਮੁਰਲੀ ਕ੍ਰਿਸ਼ਨ ਢਾਲੀਆ | ਜਾਇਦਾਦ ਮਕਾਨ ਨੰਬਰ 44-ਬੀ (487/3) ਚਾਹਲ ਕੁਆਰਟਰ ਰਾਘੋ ਮਾਜਰਾ, ਪਟਿਆਲਾ, ਤਹਿਸੀਲ ਅਤੇ ਜ਼ਿਲ੍ਹਾ, ਪਟਿਆਲਾ ਵਿਖੇ ਸਥਿਤ ਹੈ। ਖੇਤਰਫਲ 95 ਵਰਗ ਗਜ਼ ਹੈ।ਹੱਦਬੰਦੀ- ਪੂਰਬ: ਮਾਲਕ ਦਾ ਮਕਾਨ, ਪੱਛਮ: ਗਿਆਨ ਸਿੰਘ ਦਾ ਮਕਾਨ, ਉੱਤਰ- ਸੜਕ, ਦੱਖਣ - ਪ੍ਰੇਮ ਸਿੰਘ ਦਾ ਮਕਾਨ। | 22.09.2025<br>Rs. 33,58,777.42<br>(ਰੁਪਏ ਤੇਤੀ ਲੱਖ ਅਠਵੰਜਾ ਹਜ਼ਾਰ ਸੱਤ ਸੌ ਸਤੱਤਰ ਅਤੇ ਬਿਆਲੀ ਪੈਸੇ ਕੇਵਲ) 17.09.2025 ਦੇ ਅਨੁਸਾਰ | 15.01.2026 |

ਸਥਾਨ: ਪਟਿਆਲਾ, ਪੰਜਾਬ
ਮਿਤੀ : 15.01.2026

ਸਹੀ/-
ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.



## ਇੰਡੀਅਨ ਬੈਂਕ Indian Bank — ਇਲਾਹਾਬਾਦ ALLAHABAD

ਜ਼ੋਨਲ ਦਫਤਰ : ਐਸ.ਸੀ.ਐਫ. 88, ਅਰਬਨ ਅਸਟੇਟ, ਫੇਜ਼ 1, ਦੁੱਗਰੀ, ਲੁਧਿਆਣਾ-141013
PHONE: 0161-5232120, 5232100
E-Mail: zoludhiana@indianbank.bank.in

**ਈ-ਨਿਲਾਮੀ ਵਿਕਰੀ ਸੂਚਨਾ**

**ਅੰਤਿਕਾ 4 -ਏ [ਨਿਯਮ 8 (6) ਦੀ ਵਿਵਸਥਾ ਦੇਖੋ] ਅਚੱਲ ਸੰਪਤੀਆਂ ਲਈ ਵਿਕਰੀ ਸੂਚਨਾ**

ਈ-ਨਿਲਾਮੀ ਮਿਤੀ ਅਤੇ ਸਮਾਂ : 05.02.2026 (ਈ-ਨਿਲਾਮੀ ਵਿਧੀ ਰਾਹੀਂ), ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ
ਬਿਆਨਾ ਰਕਮ ਦੀ ਆਖਰੀ ਮਿਤੀ :- 04.02.2026
ਸੂਚੀਬੱਧ ਸੰਪੱਤੀ/ਆਂ ਅਤੇ ਸੰਬਧਤ ਦਸਤਾਵੇਜ਼ਾਂ ਦੀ ਜਾਂਚ ਦੀ ਮਿਤੀ ਅਤੇ ਸਮਾਂ/ਨਵੀਨਤਮ ਮਿਤੀ ਆਦਿ :
ਲੜੀ ਨੰ. 01 ਦੇ ਲਈ: 30.01.2026 ਤੋਂ 31.01.2026 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ
ਲੜੀ ਨੰ. 02 ਦੇ ਲਈ: 28.01.2026 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ ਸ਼ਾਖਾ ਵਿਖੇ

**ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇਛੁੱਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਸੰਕੇਤਕ ਕਬਜ਼ਾ ਇੰਡੀਅਨ ਬੈਂਕ , ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਈ-ਨਿਲਾਮੀ ਵਿਧੀ ਦੁਆਰਾ ''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਜੋ ਵੀ ਉਥੇ ਹੈ'' 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ ਹੈ। ਭਾਰਹੀਣ ਬੈਂਕ ਖਾਤਾ ਨੰਬਰ ਅਤੇ ਖਾਤੇ ਦਾ ਨਾਮ : 6345584911, ਜਮ੍ਹਾਂ ਬਿਆਨਾ ਰਕਮ ਖਾਤੇ ਦੇ ਨਾਮ 'ਤੇ ਆਈਐਫਐਸਸੀ ਕੋਡ : ਆਈਡੀਆਈਬੀ0000029

| ਲ. ਨੰ. | ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ਮੌਜੂਦਾ ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ ਨੰਬਰ |
|---|---|---|---|---|---|
| 1. | ਸ਼ਾਖਾ : ਗਿੱਲ ਰੋਡ, ਲੁਧਿਆਣਾ Mob. No. 9799886505<br>1. ਸ਼੍ਰੀ ਵਿਜੇ ਕੁਮਾਰ ਪੁੱਤਰ ਜਮੁਨਾ ਪ੍ਰਸਾਦ (ਕਰਜ਼ਦਾਰ) ਪਤਾ 1- ਮਕਾਨ ਨੰਬਰ ਬੀ-31/37351, ਪ੍ਰੇਮ ਵਿਹਾਰ ਗਲੀ ਨੰਬਰ 8 ਟਿੱਬਾ ਰੋਡ, ਬਸਤੀ ਜੋਧੇਵਾਲ ਲੁਧਿਆਣਾ ਪੰਜਾਬ-141007, ਮੋਬਾਈਲ ਨੰਬਰ 9872923740, 2. ਸ਼੍ਰੀਮਤੀ ਵਿਜੇ ਲਕਸ਼ਮੀ ਚਤੁਰਵੇਦੀ ਪਤਨੀ ਵਿਜੇ ਕੁਮਾਰ (ਸਹਿ-ਕਰਜ਼ਦਾਰ ਅਤੇ ਗਿਰਵੀਕਾਰ), ਪਤਾ 1- ਮਕਾਨ ਨੰਬਰ ਬੀ-31/37351, ਪ੍ਰੇਮ ਵਿਹਾਰ ਗਲੀ ਨੰਬਰ 8, ਟਿੱਬਾ ਰੋਡ, ਬਸਤੀ ਜੋਧੇਵਾਲ ਲੁਧਿਆਣਾ, ਪੰਜਾਬ-141007 | 100 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਸਰਾ ਨੰਬਰ 14//10/1, 11,12/1, 19/2, 20, 21/1, 21//1/1, 22//1/2 ਖਾਤਾ ਨੰਬਰ 429/434,430/435 ਵਿੱਚ ਸਾਲ 2006-7 ਲਈ ਜਮਾਂਬੰਦੀ ਅਨੁਸਾਰ ਸ਼ਾਮਲ, ਜੋ ਕਿ ਪਿੰਡ ਕੁਲੀਵਾਲ, ਐਚ.ਬੀ. ਨੰ. 178 ਮੁਹੱਲਾ ਪ੍ਰੇਮ ਵਿਹਾਰ, ਦਰਵਾਜ਼ਾ ਨੰਬਰ ਪਲਾਟ ਨੰਬਰ 31-2222/W/37351, ਬਲਾਕ ਨੰਬਰ 31-2222/W/37351 ਗਲੀ ਨੰਬਰ 8, ਪਿੰਨਕੋਡ-141007, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ, ਵਸੀਕਾ ਨੰਬਰ 8192 ਮਿਤੀ 25/07/2017 ਅਨੁਸਾਰ, ਸ਼੍ਰੀਮਤੀ ਵਿਜੇ ਲਕਸ਼ਮੀ ਚਤੁਰਵੇਦੀ ਪਤਨੀ ਵਿਜੇ ਕੁਮਾਰ ਦੇ ਨਾਮ 'ਤੇ ਦਰਜ ਹੈ। ਅਤੇ ਵਿਕਰੀ ਡੀਡ ਅਨੁਸਾਰ ਹੱਦਬੰਦੀ ਪੂਰਬ:- ਗੁਆਂਢ 20'-0", ਪੱਛਮ: ਰਸਤਾ 20'-0", ਉੱਤਰ- ਵਿਨੋਦ ਕੁਮਾਰ 45'-0', ਦੱਖਣ- ਰਾਜਿੰਦਰ ਕੁਮਾਰ 45'-0"। (ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ) | Rs. 30,97,180/- (ਤੀਹ ਲੱਖ ਸਤਾਨਵੇਂ ਹਜ਼ਾਰ ਇੱਕ ਸੌ ਅੱਸੀ ਰੁਪਏ ਕੇਵਲ) 12.01.2026 ਨੂੰ ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ। | Rs. 23,67,000/-<br>Rs. 2,36,700/- | Rs. 20,000/-<br>IDIBL13030418558 |
| 2. | ਸ਼ਾਖਾ : ਪੱਖੋਵਾਲ ਰੋਡ, ਲੁਧਿਆਣਾ Mob. No. 7007163846<br>1.ਸ਼੍ਰੀਮਤੀ ਲਲਿਤਾ ਰਾਣੀ ਸਪੁੱਤਰ ਦਵਿੰਦਰ ਕੁਮਾਰ (ਕਰਜ਼ਦਾਰ/ਗਿਰਵੀਕਾਰ) ਪਤਾ 1.ਮਕਾਨ ਨੰ 442, ਜਗੌਂਦਾ 3, ਮੁਜ਼ੱਫਰਨਗਰ, ਉੱਤਰ ਪ੍ਰਦੇਸ਼ ਪਿੰਨ-251003, ਪਤਾ 2. ਮਕਾਨ ਨੰਬਰ 210 ਪਿੰਡ-ਕੁਲੀਆਂਵਾਲ, ਅਬਾਦੀ ਗੁਰੂ ਨਾਨਕ ਅਸਟੇਟ, ਪ੍ਰੇਮ ਵਿਹਾਰ, ਠਾਕੁਰ ਬਿਲਡਿੰਗ ਮਟੀਰੀਅਲ ਨੇੜੇ, ਲੁਧਿਆਣਾ-141008, 2. ਸ੍ਰੀ ਦਵਿੰਦਰ ਕੁਮਾਰ ਪੁੱਤਰ ਪਾਲ ਚੰਦ (ਕਰਜ਼ਦਾਰ) ਪਤਾ 1:- ਮਕਾਨ ਨੰ. 5130 ਬੀ, ਵਾਰਡ ਨੰ. 40 ਧਰਮ ਪੁਰਾ ਲੁਧਿਆਣਾ-11008, ਪਤਾ 2:- ਮਕਾਨ ਨੰ. 210 ਪਿੰਡ ਕੁਲੀਏਵਾਲ, ਅਬਾਦੀ ਗੁਰੂ ਨਾਨਕ ਅਸਟੇਟ ਪ੍ਰੇਮ ਵਿਹਾਰ, ਲੁਧਿਆਣਾ-141006 | ਪਲਾਟ ਨੰਬਰ 210, ਜਿਸਦਾ ਮਾਪ 107-1/2 ਵਰਗ ਗਜ਼ ਵਾਲੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ 8//1, 9, 10, 11, 12, 13/1, 21, 18, 9//16, 25 ਖਾਤਾ ਨੰਬਰ 503/508, 582/594, 583/596, 597 ਵਿੱਚ ਸ਼ਾਮਲ, ਸਾਲ 2006-07 ਲਈ ਜਮਾਂਬੰਦੀ ਅਨੁਸਾਰ ਪਿੰਡ ਕੁਲੀਏਵਾਲ, ਹੱਦਬਸਤ ਨੰਬਰ 178, (ਆਬਾਦੀ ਗੁਰੂ ਅਸਟੇਟ, ਪ੍ਰੇਮ ਵਿਹਾਰ) ਤਹਿਸੀਲ ਨਾਨਕ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਇਸ ਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: - ਪੂਰਬ: ਪਲਾਟ ਨੰਬਰ 211 44'-0", ਪੱਛਮ: ਪਲਾਟ ਨੰਬਰ 209, 44'-0", ਉੱਤਰ: ਗੁਆਂਢ 22,-0", ਦੱਖਣ: ਗਲੀ ਚੌੜੀ 20' 22'-0"। (ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ) | Rs. 34,59,862/- (ਚੌਂਤੀ ਲੱਖ ਉਨਾਹਠ ਹਜ਼ਾਰ ਅੱਠ ਸੌ ਬਾਹਠ ਰੁਪਏ ਕੇਵਲ) 07.01.2026 ਨੂੰ ਹੋਰ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ। | Rs. 27,50,000/-<br>Rs. 2,75,000/- | Rs. 10,000/-<br>IDIBLH30431441136 |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ ਅਤੇ ਜ਼ਾਮਨਾਂ ਨੂੰ 15 ਦਿਨਾਂ ਦਾ ਸੂਚਨਾ ਵੀ ਹੈ।**

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ ਪੀਐਨਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https: /baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ ਪੀਐਨਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291 220220, ਈਮੇਲ ਆਈਡੀ:- supportbaanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ। ਪੀਐਨਬੀਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟਰੇਸ਼ਨ ਸਥਿਤੀ ਅਤੇ ਈਐਮਡੀ ਸਥਿਤੀ ਲਈ। ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ https:/baanknet.com 'ਤੇ ਜਾਓ ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ।
ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ : 17.01.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ


# ਕੀ ਹਲਕਾ ਆਤਮ ਨਗਰ ਦੀ ਨੁਹਾਰ ਬਦਲਣ ਲਈ ਵਾਗਡੋਰ ਸੋਖੀ ਦੇ ਹੱਥ ਦੇਣ ਦੀ ਲੋੜ

ਲੁਧਿਆਣਾ, 17 ਜਨਵਰੀ (ਰਵਿੰਦਰ ਸਿੰਘ ਨਿੱਝਰ): ਬੇਸ਼ੱਕ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ 2027 ਦੇ



ਵਿੱਚ ਸਮਾਂ ਹਾਲੇ ਬਾਕੀ ਹੈ। ਪ੍ਰੰਤੂ ਅਗਰ ਵਿਧਾਨ ਸਭਾ ਹਲਕਾ ਆਤਮ ਨਗਰ ਦੀ ਗੱਲ ਕਰੀਏ ਤਾਂ ਇਹ ਹਲਕੇ ਤੋਂ ਹੁਣ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ 'ਚ ਸ਼ੁਮਾਰ ਜਗਬੀਰ ਸਿੰਘ ਸੋਖੀ ਦੇ ਚਰਚੇ ਜ਼ੋਰਾਂ 'ਤੇ ਹਨ। ਹਲਕਾ ਵਾਸੀਆਂ ਸੁਖਵਿੰਦਰ ਸਿੰਘ ਸੂਰਜ ਨਗਰ, ਡਾ ਕਮਲਜੀਤ ਸਿੰਘ, ਗੁਰਪ੍ਰੀਤ ਕੌਰ, ਸੁਖਵੰਤ ਕੌਰ, ਸੁਖਵਿੰਦਰ ਕੌਰ, ਭੁਪਿੰਦਰ ਕੌਰ, ਗੁਰਵਿੰਦਰ ਸਿੰਘ, ਦਵਿੰਦਰ ਸਿੰਘ, ਇੰਦਰਜੀਤ ਸਿੰਘ ਰੂਬੀ, ਗੁਰਪ੍ਰੀਤ ਸਿੰਘ, ਬੀਬੀ ਕੰਚਨ, ਨਰਿੰਦਰ ਸਿੰਘ, ਅਮਰ ਪ੍ਰਿਤਪਾਲ ਸਿੰਘ, ਸ਼ਮਸ਼ੇਰ ਸਿੰਘ, ਬਲਕਾਰ ਸਿੰਘ, ਕੁਲਦੀਪ ਸਿੰਘ ਖਾਲਸਾ, ਦਵਿੰਦਰ ਸਿੰਘ ਡਿਪਟੀ, ਪ੍ਰਵੀਨ ਭਾਰਤੀ, ਅਸ਼ੋਕ ਭਾਰਤੀ, ਪਵਨ ਭਾਰਤੀ, ਕਮਲਪ੍ਰੀਤ ਸਿੰਘ ਨਰੂਲਾ, ਅਮਰਦੀਪ ਸਿੰਘ, ਮਨਜੀਤ ਸਿੰਘ ਰੰਗੀ, ਸੰਤੋਖ ਸਿੰਘ ਭਾਰਤ ਮੋਟਰ, ਪਵਿੱਤਰ ਸਿੰਘ ਪ੍ਰਧਾਨ, ਤਰਸੇਮ ਸਿੰਘ ਲੋਟੇ, ਅਵਤਾਰ ਸਿੰਘ, ਜਗਤਾਰ ਸਿੰਘ ਅਤੇ ਇਲਾਕੇ ਦੇ ਹੋਰ ਪਤਵੰਤੇ ਵਿਅਕਤੀਆਂ ਦੀ ਮੰਨੀ ਜਾਵੇ ਤਾਂ ਹਲਕੇ ਵਿਚ ਇਸ ਗੱਲ ਦੀ ਚਰਚਾ ਵੀ ਹੈ ਕਿ ਹਲਕਾ ਆਤਮ ਨਗਰ ਦੀ ਨੁਹਾਰ ਬਦਲਣ ਲਈ ਹਲਕੇ ਦੀ ਵਾਗਡੋਰ ਸੋਖੀ ਦੇ ਹੱਥ ਦੇਣ ਦੀ ਲੋੜ ਹੈ। ਜਿਨ੍ਹਾਂ ਦਾ ਮੰਨਣਾ ਹੈ ਕਿ ਹੁਣੇ ਤੋਂ ਦਾਅਵੇਦਾਰੀ ਜਿਤਾਉਣ ਵਾਲੇ ਬਾਕੀ ਆਗੂ ਦਲ ਬਦਲੂ ਅਤੇ ਮਤਲਬ ਪ੍ਰਸਤ ਆਗੂਆਂ ਦੇ ਵਿੱਚੋਂ ਹਨ। ਜਦਕਿ ਸੋਖੀ ਲੰਬੇ ਸਮੇਂ ਤੋਂ ਨਿਰਸਵਾਰਥ ਭਾਵਨਾ ਦੇ ਨਾਲ ਪਾਰਟੀ ਅਤੇ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਜਿਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਦੇ ਵਿੱਚ ਜਿਤਾ ਕੇ ਹਲਕੇ ਦਾ ਸੰਪੂਰਨ ਵਿਕਾਸ ਕਰਵਾਇਆ ਜਾ ਸਕਦਾ ਹੈ।ਇਸ ਬਾਰੇ ਜਦੋਂ ਸੋਖੀ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਟਿਕਟ ਦੇਣੀ ਪਾਰਟੀ ਦੇ ਹੱਥ ਅਤੇ ਜਿਤਾਉਣਾ ਹਲਕੇ ਦੀ ਸੰਗਤ ਦੇ ਹੱਥ ਵਿੱਚ ਹੈ। ਮੇਰਾ ਕੰਮ ਤਾਂ ਲੋਕ ਸੇਵਾ ਕਰਨਾ ਹੈ। ਜਿਸਦੇ ਲਈ ਮੈਂ ਕਦੇ ਵੀ ਪਿੱਛੇ ਨਹੀਂ ਹਟਾਂਗਾ।

# ਚਾਰ ਸਾਲਾਂ ਵਿੱਚ ਆਮ ਆਦਮੀ ਪਾਰਟੀ ਨੇ ਰਿਕਾਰਡ ਤੋੜ ਲੋਕ ਪੱਖੀ ਫੈਸਲੇ ਕੀਤੇ ਬਿੱਟਾ, ਮਣੀ



ਲੁਧਿਆਣਾ, 17 ਜਨਵਰੀ (ਰਵਿੰਦਰ ਸਿੰਘ ਨਿੱਝਰ): ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਤੇ ਸਾਬਕਾ ਕੌਂਸਲ ਕੁਲਦੀਪ ਸਿੰਘ ਬਿੱਟਾ ਅਤੇ ਵਾਰਡ ਨੰਬਰ 41 ਦੇ ਸੇਵਾਦਾਰ ਮਨੀ ਭਗਤ ਨੇ ਆਖਿਆ ਹੈ ਕਿ ਆਮ ਆਦਮੀ ਪਾਰਟੀ ਨੇ ਆਪਣੇ ਚਾਰ ਸਾਲਾਂ ਦੇ ਰਾਜ ਦੌਰਾਨ ਅਨੇਕਾਂ ਲੋਕ ਪੱਖੀ ਫੈਸਲੇ ਕੀਤੇ ਹਨ । ਕਈ ਫੈਸਲੇ ਤਾਂ ਅਜਿਹੇ ਹਨ ਕਿ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੇ ਜਾਣਗੇ। ਉਹਨਾਂ ਆਖਿਆ ਕਿ ਸਾਬਕਾ ਵਿਧਾਇਕਾਂ ਨੂੰ ਕਈ ਕਈ ਪੈਨਸ਼ਨਾਂ ਦੀ ਜਗ੍ਹਾ 'ਤੇ ਸਿਰਫ ਇੱਕ ਪੈਨਸ਼ਨ ਦੇਣੀ, ਮਿਆਦ ਪੁੱਗਣ ਵਾਲੇ ਟੋਲ ਪਲਾਜ਼ਾ ਨੂੰ ਹੋਰ ਮੁਹਲਤ ਦੇਣ ਦੀ ਬਜਾਏ ਤੁਰੰਤ ਬੰਦ ਕਰ ਦੇਣਾ, ਆਮ ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਦੇਣੀ ਅਤੇ ਹੋਰ ਅਨੇਕਾਂ ਅਜਿਹੇ ਫੈਸਲੇ ਆਪ ਸਰਕਾਰ ਨੇ ਕੀਤੇ ਹਨ ਜਿਹੜੇ ਕਿ ਰਿਕਾਰਡ ਤੋੜ ਫੈਸਲੇ ਆਖੇ ਜਾ ਸਕਦੇ ਹਨ। ਉਹਨਾਂ ਕਿਹਾ ਕਿ ਵਿਰੋਧੀ ਪਾਰਟੀਆਂ ਆਪ ਦੇ ਵਿਰੁੱਧ ਜਿੰਨਾ ਮਰਜ਼ੀ ਰੌਲਾ ਪਾ ਲੈਣ, ਪ੍ਰੰਤੂ ਪੰਜਾਬ ਦੇ ਲੋਕ ਅੱਜ ਵੀ ਆਪਦੇ ਹੱਕ ਵਿੱਚ ਹਨ ਅਤੇ 2027 ਦੇ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਨੂੰ ਮੁੜ ਵੱਡੇ ਫਰਕ ਨਾਲ ਜਿਤਾ ਕੇ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੀਆਂ।

# ਮਜ਼ਦੂਰਾਂ ਨੂੰ ਕੇਂਦਰ ਦੀ ਨਵੀਂ ਯੋਜਨਾ ਦੇ ਨੁਕਸਾਨ ਬਾਰੇ ਕੀਤਾ ਜਾਗਰੂਕ

## ਮਨਰੇਗਾ ਨੂੰ ਬਚਾਉਣ ਲਈ ਇਕੱਠੇ ਹੋਣ ਮਜ਼ਦੂਰ : ਅਸ਼ੋਕ ਚੌਧਰੀ




ਦੀਨਾਨਗਰ, 17 ਜਨਵਰੀ (ਡਾ ਰਮੇਸ਼ ਸਰੰਗਲ) : ਕੇਂਦਰ ਸਰਕਾਰ ਵੱਲੋਂ ਮਨਰੇਗਾ ਵਿੱਚ ਬਦਲਾਅ ਲਿਆਉਣ ਦੀ ਆੜ ਹੇਠ ਲਏ ਗਏ ਮਜ਼ਦੂਰ ਵਿਰੋਧੀ ਫ਼ੈਸਲੇ ਦਾ ਹੁਣ ਪਿੰਡਾਂ ਵਿੱਚ ਵੀ ਭਾਰੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਇਸਦੀ ਤਾਜ਼ਾ ਉਦਾਹਰਣ ਪਿੰਡ ਝੜੋਲੀ ਵਿੱਚ ਦੇਖਣ ਨੂੰ ਮਿਲੀ, ਜਿੱਥੇ ਵੱਡੀ ਗਿਣਤੀ ਲੋਕਾਂ ਨੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਆਪਣੇ ਦੁੱਖੜੇ ਫਰੋਲੇ ਅਤੇ ਕਿਹਾ ਕਿ ਜੇਕਰ ਪੁਰਾਣੀ ਮਨਰੇਗਾ ਸਕੀਮ ਬਹਾਲ ਨਾ ਹੋਈ ਤਾਂ ਉਹ ਲੋਕ ਕੰਮ ਨਾ ਮਿਲਣ ਕਾਰਨ ਦੋ ਡੰਗ ਦੀ ਰੋਟੀ ਤੋਂ ਵੀ ਔਖੇ ਹੋ ਜਾਣਗੇ। ਲੋਕਾਂ ਨੇ ਕਾਂਗਰਸ ਪਾਰਟੀ ਵੱਲੋਂ ਮਨਰੇਗਾ ਸਕੀਮ ਨੂੰ ਬਚਾਉਣ ਲਈ ਸ਼ੁਰੂ ਕੀਤੇ ਗਏ ਸੰਘਰਸ਼ ਦਾ ਸਮਰਥਨ ਕੀਤਾ ਅਤੇ ਕਾਂਗਰਸ ਨਾਲ ਮਿਲ ਕੇ ਹਰ ਤਰ੍ਹਾਂ ਦੀ ਲੜਾਈ ਲੜਨ ਦੀ ਹਾਮੀ ਭਰੀ।

ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਮਜ਼ਦੂਰਾਂ ਦੇ ਨਾਲ ਖੜ੍ਹੀ ਹੈ ਅਤੇ ਮਨਰੇਗਾ ਦੇ ਬੰਦ ਹੋਣ ਨਾਲ ਮਜ਼ਦੂਰਾਂ ਦੇ ਹੋਣ ਵਾਲੇ ਨੁਕਸਾਨ ਬਾਰੇ ਤਮਾਮ ਲੋਕਾਂ ਨੂੰ ਜਾਣੂ ਅਤੇ ਜਾਗਰੂਕ ਕਰਨ ਲਈ ਹੀ ਉਹ ਪਿੰਡਾਂ ਅੰਦਰ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਨੇ ਪਿੰਡ ਨਾਨੋਨੰਗਲ, ਕੋਟਭੱਲਾ, ਚੇਚੀਆਂ ਛੋੜੀਆਂ ਅਤੇ ਚੌਂਤਾ ਵਿੱਚ ਵੀ 'ਮਨਰੇਗਾ ਬਚਾਓ ਸੰਗਰਾਮ' ਤਹਿਤ ਮੀਟਿੰਗਾਂ ਕੀਤੀਆਂ ਹਨ। ਜਿੱਥੇ ਵੱਡੀ ਗਿਣਤੀ ਲੋਕਾਂ ਨੂੰ ਇਹ ਦੱਸਿਆ ਗਿਆ ਹੈ ਕਿ ਜੇਕਰ ਮਨਰੇਗਾ ਸਕੀਮ ਮੁਕੰਮਲ ਤੌਰ 'ਤੇ ਬੰਦ ਹੋ ਗਈ ਤਾਂ ਮਜ਼ਦੂਰ ਵਰਗ ਦਾ ਆਰਥਿਕ ਪੱਖੋਂ ਮੰਦਾ ਹਾਲ ਹੋਵੇਗਾ। ਅਸ਼ੋਕ ਚੌਧਰੀ ਨੇ ਝੜੋਲੀ ਦੇ ਲੋਕਾਂ ਨਾਲ ਵਾਰਤਾ ਕਰਦਿਆਂ ਦੱਸਿਆ ਕਿ ਮਨਰੇਗਾ ਵਿੱਚ 90 ਫ਼ੀਸਦੀ ਯੋਗਦਾਨ ਕੇਂਦਰ ਸਰਕਾਰ ਪਾਉਂਦੀ ਸੀ ਜਦਕਿ 10 ਫ਼ੀਸਦੀ ਹਿੱਸਾ ਪੰਜਾਬ ਸਰਕਾਰ ਨੂੰ ਪਾਉਣਾ ਪੈਂਦਾ ਸੀ ਪਰ ਕੇਂਦਰ ਦੀ ਨਵੀਂ ਯੋਜਨਾ 'ਵਿਕਸਿਤ ਭਾਰਤ ਜੈ ਰਾਮ ਜੀ' ਮੁਤਾਬਕ ਕੇਂਦਰ ਹੁਣ 60 ਫ਼ੀਸਦੀ ਯੋਗਦਾਨ ਹੀ ਦੇਵੇਗਾ ਅਤੇ 40 ਫ਼ੀਸਦੀ ਗਰਾਂਟ ਸੂਬਾ ਸਰਕਾਰ ਨੂੰ ਦੇਣੀ ਪਵੇਗੀ, ਜੋ ਪੰਜਾਬ ਸਰਕਾਰ ਲਈ ਬਹੁਤ ਔਖਾ ਹੈ, ਕਿਉਂਕਿ ਸਾਡਾ ਸੂਬਾ ਤਾਂ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠਾਂ ਦੱਬਿਆ ਪਿਆ ਹੈ। ਅਸ਼ੋਕ ਚੌਧਰੀ ਨੇ ਕਿਹਾ ਕਿ ਅਸਲੀਅਤ ਵਿੱਚ ਕੇਂਦਰ ਸਰਕਾਰ ਸੂਬਿਆਂ ਦੇ ਸਿਰ 'ਤੇ ਅਜਿਹਾ ਵਾਧੂ ਬੋਝ ਪਾ ਕੇ ਮਨਰੇਗਾ ਸਕੀਮ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕਰਨਾ ਚਾਹੁੰਦੀ ਹੈ, ਜਿਸਦਾ ਅਸੀਂ ਕੜਾ ਵਿਰੋਧ ਜਤਾ ਰਹੇ ਹਾਂ। ਉਨ੍ਹਾਂ ਕਿਹਾ ਕਿ ਵੱਖ-ਵੱਖ ਮੀਟਿੰਗਾਂ ਜ਼ਰੀਏ ਮਜ਼ਦੂਰਾਂ ਨੂੰ ਲਾਮਬੰਧ ਕੀਤਾ ਗਿਆ ਹੈ ਅਤੇ ਇਹ ਸਮਝਾਇਆ ਗਿਆ ਹੈ ਕਿ ਜੇਕਰ ਕਿਸਾਨਾਂ ਦਾ ਸੰਘਰਸ਼ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾ ਸਕਦਾ ਹੈ ਤਾਂ ਮਜ਼ਦੂਰਾਂ ਦਾ ਏਕਾ ਵੀ ਕੇਂਦਰ ਦੀ ਨਵੀਂ ਯੋਜਨਾ ਨੂੰ ਅਮਲ ਵਿੱਚ ਲਿਆਉਣ ਤੋਂ ਰੋਕ ਸਕਦਾ ਹੈ। ਉਨ੍ਹਾਂ ਕਿਹਾ ਕਿ ਤਮਾਮ ਮਜ਼ਦੂਰਾਂ ਨੂੰ ਕਾਂਗਰਸ ਪਾਰਟੀ ਵੱਲੋਂ ਆਰੰਭੇ 'ਮਨਰੇਗਾ ਬਚਾਓ ਸੰਗਰਾਮ' ਵਿੱਚ ਸ਼ਾਮਲ ਹੋ ਕੇ ਸੰਘਰਸ਼ ਨੂੰ ਤਿੱਖਾ ਕਰਨ ਦੀ ਲੋੜ ਹੈ।

ਇਸ ਮੌਕੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਪ੍ਰਸ਼ੋਤਮ ਸਿੰਘ ਪੱਪਾ, ਦਿੱਗਵਿਜੇ ਸਿੰਘ, ਦੇਸ ਰਾਜ ਜੰਡੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦਰਸ਼ਨ ਸਿੰਘ ਰੰਧਾਵਾ, ਘਨਸ਼ਾਮ, ਮਹਿੰਦਰ ਝੜੋਲੀ , ਰਘੁਬੀਰ ਬੀਰਾ ਝੜੋਲੀ, ਰਘਵੀਰ ਸਿੰਘ ਕਲੀਚਪੁਰ, ਰਾਮਧਨ ਪੱਚੋਵਾਲ ਅਤੇ ਰਾਕੇਸ਼ ਕੁਮਾਰ ਰਸੂਲਪੁਰ ਤੋਂ ਇਲਾਵਾ ਵੱਡੀ ਗਿਣਤੀ 'ਚ ਮਜ਼ਦੂਰ ਵਰਗ ਦੇ ਲੋਕ ਹਾਜ਼ਰ ਸਨ।

# ਪਨਸਪ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਸੀਨੀਅਰ ਵਾਈਸ ਪ੍ਰਧਾਨ ਚੁਣੇ





ਬਾਬਾ ਬਕਾਲਾ ਸਾਹਿਬ, 17 ਜਨਵਰੀ (ਬਲਰਾਜ ਸਿੰਘ ਰਾਜਾ) : ਪਨਸਪ ਮੁਲਾਜ਼ਮ ਯੂਨੀਅਨ (ਰਜਿ)ਪੰਜਾਬ ਦੇ ਸਮੂਹ ਜ਼ਿਲ੍ਹਿਆਂ ਦੇ ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਪੰਜਾਬ ਦਾ ਪੁਨਰ ਗਠਨ ਕਰਦਿਆਂ ਨਵੀਂ ਕਮੇਟੀ ਗਠਿਤ ਕੀਤੀ ਗਈ, ਜਿਸ ਵਿਚ ਸਤਿੰਦਰਪਾਲ ਸਿੰਘ ਬਰਾੜ ਨੂੰ ਸਰਬਸੰਮਤੀ ਨਾਲ ਪ੍ਰਧਾਨ, ਡਾ ਸ਼ਿਵਦੇਵ ਸਿੰਘ ਨੂੰ ਸੀਨੀਅਰ ਵਾਈਸ ਪ੍ਰਧਾਨ ਅਤੇ ਦੀਪਕ ਕੁਮਾਰ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਪੰਜਾਬ ਭਰ ਤੋਂ ਵੱਡੀ ਗਿਣਤੀ ਵਿਚ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਯੂਨੀਅਨ ਦੀ ਮੌਜੂਦਾ ਸਥਿਤੀ , ਮੁਲਾਜ਼ਮਾਂ ਨਾਲ ਸਬੰਧਿਤ ਮਸਲਿਆ, ਹੱਕਾਂ ਦੀ ਰਾਖੀ ਅਤੇ ਭਵਿੱਖ ਦੀ ਕਾਰਜ ਯੋਗਤਾ 'ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਨਵੇਂ ਚੁਣੇ ਪ੍ਰਧਾਨ ਸਤਿੰਦਰਪਾਲ ਸਿੰਘ ਬਰਾੜ ਅਤੇ ਸੀਨੀਅਰ ਵਾਈਸ ਪ੍ਰਧਾਨ ਡਾ ਸ਼ਿਵਦੇਵ ਸਿੰਘ ਨੇ ਭਰੋਸਾ ਦਿਵਾਇਆ ਉਹ ਆਪਣੇ ਤਜਰਬੇ ਮੁਤਾਬਕ ਇਮਾਨਦਾਰੀ ਅਤੇ ਸੰਘਰਸ਼ਸ਼ੀਲ ਸੋਚ ਨਾਲ ਮੁਲਾਜ਼ਮ ਵਰਗ ਦੇ ਹੱਕਾਂ ਦੀ ਪੂਰੀ ਤਰਾਂ ਰੱਖਿਆ ਕਰਨਗੇ। ਨਵੀਂ ਬਣੀ ਕਮੇਟੀ ਨੇ ਐਲਾਨ ਕੀਤਾ ਕਿ ਉਹ ਆਉਣ ਵਾਲੇ ਸਮੇਂ ਵਿਚ ਪਨਸਪ ਮੁਲਾਜ਼ਮਾਂ ਦੀਆ ਜਾਇਜ਼ ਮੰਗਾਂ ਨੂੰ ਮਨਵਾਉਣ ਅਤੇ ਮੁਲਾਜ਼ਮ ਹਿੱਤਾਂ ਲਈ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

# ਬੈਂਕ ਆਫ਼ ਬੜੌਦਾ ਦੀ ਦਿਲਕੁਸ਼ਾ ਮਾਰਕੀਟ ਜਲੰਧਰ ਸ਼ਾਖਾ ਦਾ ਉਦਘਾਟਨ




ਜਲੰਧਰ, 17 ਜਨਵਰੀ ,(ਚ.ਨ.ਸ.) : ਅੱਜ ਬੈਂਕ ਆਫ਼ ਬੜੌਦਾ ਵੱਲੋਂ ਆਪਣੀ ਦਿਲਕੁਸ਼ਾ ਮਾਰਕੀਟ ਸ਼ਾਖਾ (ਫਿਜ਼ੀਟਲ ਸ਼ਾਖਾ), ਜਲੰਧਰ ਦਾ ਉਦਘਾਟਨ ਕੀਤਾ ਗਿਆ। ਇਸ ਸ਼ਾਖਾ ਦਾ ਉਦਘਾਟਨ ਬੈਂਕ ਆਫ਼ ਬੜੌਦਾ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਲਲਿਤ ਤਿਆਗੀ ਅਤੇ ਲੁਧਿਆਣਾ ਅੰਚਲ ਦੇ ਮਹਾਪ੍ਰਬੰਧਕ ਅਤੇ ਅੰਚਲ ਪ੍ਰਮੁੱਖ ਸ਼੍ਰੀ ਹਰਦੀਪ ਸਿੰਘ ਦੇ ਕਰ-ਕਮਲਾਂ ਦੁਆਰਾ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਸ਼੍ਰੀ ਲਲਿਤ ਤਿਆਗੀ ਨੇ ਕਿਹਾ ਕਿ ਦਿਲਕੁਸ਼ਾ ਮਾਰਕੀਟ ਸ਼ਾਖਾ (ਫਿਜ਼ੀਟਲ ਸ਼ਾਖਾ) ਦਾ ਉਦਘਾਟਨ ਇੱਕ ਮਹੱਤਵਪੂਰਨ ਮੌਕਾ ਹੈ, ਜੋ ਜਲੰਧਰ ਵਿੱਚ ਬੈਂਕ ਦੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਦਾ ਹੈ। ਉਨ੍ਹਾਂ ਨੇ ਦੱਸਿਆ ਕਿ ਬੈਂਕ ਆਪਣੇ ਗਾਹਕਾਂ ਨੂੰ ਆਧੁਨਿਕ ਬੈਂਕਿੰਗ ਸੁਵਿਧਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਸ਼ਾਖਾ ਗਾਹਕਾਂ ਨੂੰ ਵੱਖ-ਵੱਖ ਬੈਂਕਿੰਗ ਸੇਵਾਵਾਂ ਪ੍ਰਦਾਨ ਕਰੇਗੀ, ਜਿਨ੍ਹਾਂ ਵਿੱਚ ਡਿਜ਼ੀਟਲ ਬੈਂਕਿੰਗ, ਭੁਗਤਾਨ ਹੱਲ (ਪੇਮੈਂਟ ਸੋਲਿਊਸ਼ਨਜ਼) ਅਤੇ ਨਿੱਜੀ ਬੈਂਕਿੰਗ ਸੇਵਾਵਾਂ ਸ਼ਾਮਲ ਹਨ। ਇਸ ਸ਼ਾਖਾ ਦੇ ਮਾਧਿਅਮ ਨਾਲ ਬੈਂਕ ਗਾਹਕਾਂ ਨੂੰ ਹੋਰ ਬਿਹਤਰ ਡਿਜ਼ੀਟਲ ਬੈਂਕਿੰਗ ਅਨੁਭਵ ਪ੍ਰਦਾਨ ਕਰੇਗਾ।

ਇਸ ਮੌਕੇ 'ਤੇ ਬੈਂਕ ਆਫ਼ ਬੜੌਦਾ ਦੇ ਲੁਧਿਆਣਾ ਅੰਚਲ ਦੇ ਮਹਾਪ੍ਰਬੰਧਕ ਸ਼੍ਰੀ ਹਰਦੀਪ ਸਿੰਘ ਨੇ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੈਂਕ ਨਾਲ ਜੁੜ ਕੇ ਬੈਂਕ ਨੂੰ ਵੱਧ ਤੋਂ ਵੱਧ ਸੇਵਾ ਦੇ ਮੌਕੇ ਪ੍ਰਦਾਨ ਕਰਨ।

ਇਸ ਸਮਾਰੋਹ ਵਿੱਚ ਉਪ ਮਹਾਪ੍ਰਬੰਧਕ (ਕਾਰੋਬਾਰ ਵਿਕਾਸ) ਸ਼੍ਰੀ ਰਮਣ ਕੁਮਾਰ, ਉਪ ਮਹਾਪ੍ਰਬੰਧਕ (ਅਨੁਕੂਲਤਾ ਅਤੇ ਭਰੋਸਾ) ਸ਼੍ਰੀ ਜੀ.ਪੀ. ਵਰਮਾ, ਖੇਤਰੀ ਪ੍ਰਮੁੱਖ ਜਲੰਧਰ ਖੇਤਰ ਸ਼੍ਰੀ ਜਿਤੇਂਦਰ ਕੁਮਾਰ ਸਿੰਘ, ਉਪ ਖੇਤਰੀ ਪ੍ਰਮੁੱਖ ਸ਼੍ਰੀ ਰਾਜੇਸ਼, ਸ਼ਾਖਾ ਪ੍ਰਮੁੱਖ ਸ਼੍ਰੀ ਅਕਸ਼ੈ ਕੁਮਾਰ, ਇਲਾਕੇ ਦੇ ਸਨਮਾਨਿਤ ਗਾਹਕਗਣ ਅਤੇ ਬੈਂਕ ਦੇ ਸਟਾਫ਼ ਮੈਂਬਰ ਹਾਜ਼ਰ ਰਹੇ।

# ਮਾਯਭਾਰਤ ਕੇਂਦਰ ਮੋਗਾ ਵੱਲੋਂ ਬਲਾਕ ਪੱਧਰੀ ਸਪੋਰਟਸ ਟੂਰਨਾਮੈਂਟ ਸੰਪੰਨ




ਕੋਟ ਈਸੇ ਖਾਂ, 17 ਜਨਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ) : ਮਾਯਭਾਰਤ ਕੇਂਦਰ ਮੋਗਾ ਵੱਲੋਂ ਪਿੰਡ ਖੋਸਾ ਰਣਧੀਰ ਵਿਖੇ ਬਲਾਕ ਪੱਧਰੀ ਸਪੋਰਟਸ ਟੂਰਨਾਮੈਂਟ ਸਫਲਤਾਪੂਰਵਕ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੂਥ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਯਭਾਰਤ ਕੇਂਦਰ ਵੱਲੋਂ ਮੋਗਾ ਜ਼ਿਲ੍ਹੇ ਅੰਦਰ ਹੁਣ ਤੱਕ ਤਿੰਨ ਬਲਾਕ ਪੱਧਰੀ ਟੂਰਨਾਮੈਂਟ ਕਰਵਾਏ ਜਾ ਚੁੱਕੇ ਹਨ, ਜਿਨ੍ਹਾਂ ਦਾ ਮਕਸਦ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਉਣਾ ਅਤੇ ਤੰਦਰੁਸਤ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਟੂਰਨਾਮੈਂਟ ਦੌਰਾਨ ਕੱਬਡੀ (ਨੈਸ਼ਨਲ ਸਟਾਈਲ), ਰੱਸਾਕਸ਼ੀ, ਲੰਮੀ ਛਾਲ ਅਤੇ 400 ਮੀਟਰ ਦੌੜ ਦੇ ਮੁਕਾਬਲੇ ਲੜਕੇ ਅਤੇ ਲੜਕੀਆਂ ਦੋਹਾਂ ਵਰਗਾਂ ਦੇ ਕਰਵਾਏ ਗਏ। ਇਹ ਮੋਗਾ ਜ਼ਿਲ੍ਹੇ ਦਾ ਤੀਜਾ ਬਲਾਕ ਪੱਧਰੀ ਟੂਰਨਾਮੈਂਟ ਸੀ। ਕੱਬਡੀ ਨੈਸ਼ਨਲ ਸਟਾਈਲ ਵਿੱਚ ਪਿੰਡ ਘਲੋਟੀ ਸਪੋਰਟਸ ਕਲੱਬ ਦੀ ਟੀਮ ਜੇਤੂ ਰਹੀ।

400 ਮੀਟਰ ਦੌੜ ਦੇ ਲੜਕੇ ਵਰਗ ਵਿੱਚ ਸਰਬ ਸਿੰਘ, ਮਨਮੀਤ ਸਿੰਘ ਅਤੇ ਅਰਸ਼ਦੀਪ ਸਿੰਘ ਜੇਤੂ ਰਹੇ, ਜਦਕਿ ਲੜਕੀਆਂ ਦੇ ਵਰਗ ਵਿੱਚ ਸਾਕਸ਼ੀ, ਸੁਮਨਪ੍ਰੀਤ ਕੌਰ ਅਤੇ ਸੋਨਮ ਨੇ ਮੋਹਰੀ ਭੂਮਿਕਾ ਨਿਭਾਈ।

ਲੰਮੀ ਛਾਲ ਦੇ ਲੜਕੇ ਵਰਗ ਵਿੱਚ ਆਸ਼ੂ, ਜਸ਼ਨਦੀਪ ਅਤੇ ਮਨਜੋਤ ਜੇਤੂ ਰਹੇ, ਜਦਕਿ ਲੜਕੀਆਂ ਦੇ ਵਰਗ ਵਿੱਚ ਸ਼ੈਫੀ, ਸ਼ਗਨਪ੍ਰੀਤ ਅਤੇ ਸਿਮਰਨਜੀਤ ਕੌਰ ਨੇ ਸਥਾਨ ਪ੍ਰਾਪਤ ਕੀਤੇ।

ਰੱਸਾਕਸ਼ੀ ਮੁਕਾਬਲੇ ਵਿੱਚ ਸ਼ਹੀਦ ਭਗਤ ਸਿੰਘ ਯੂਥ ਐਂਡ ਵੈਲਫੇਅਰ ਕਲੱਬ ਦੌਲੇਵਾਲਾ ਮਾਇਰ ਦੀ ਟੀਮ ਜੇਤੂ ਰਹੀ।

ਪ੍ਰੋਗਰਾਮ ਦੌਰਾਨ ਪਿੰਡ ਦੇ ਸਰਪੰਚ ਰਮਨਦੀਪ ਸਿੰਘ, ਸਕੂਲ ਦੀ ਪ੍ਰਿੰਸੀਪਲ ਰਮਨਦੀਪ ਕੌਰ ਅਤੇ ਸਪੋਰਟਸ ਕਲੱਬ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕੋਚ ਦੀ ਜਿਮੇਵਾਰੀ ਕੁਲਜੀਤ ਮਨੇਸ ਨੇ ਨਿਭਾਈ।ਸਮਾਗਮ ਦੇ ਅੰਤ ਵਿੱਚ ਜੇਤੂ ਖਿਡਾਰੀਆਂ ਨੂੰ ਟਰਾਫੀਆਂ, ਮੈਡਲ ਅਤੇ ਸਰਟੀਫਿਕੇਟ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ।

# ਖ਼ਾਲਸਾ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਸਾਈਕਲਿੰਗ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕੀਤਾ

## ਪਲਕਪ੍ਰੀਤ ਨੇ ਨੈਸ਼ਨਲ 'ਚ ਸੋਨ ਤਮਗ਼ਾ ਜਿੱਤ ਕੇ ਸਕੂਲ ਦਾ ਮਾਣ ਵਧਾਇਆ : ਪ੍ਰਿੰ: ਗਿੱਲ




ਅੰਮ੍ਰਿਤਸਰ, 17 ਜਨਵਰੀ , (ਬਬਲੂ ਮਹਾਜਨ) : ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਦੀ ਵਿਦਿਆਰਥਣ ਨੇ '40ਵੀਂ ਸਬ ਜੂਨੀਅਰ ਨੈਸ਼ਨਲ' ਦੇ ਸਾਈਕਲਿੰਗ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਇਸ ਖੁਸ਼ੀ ਦੇ ਮੌਕੇ 'ਤੇ ਸਕੂਲ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਨੇ ਉਕਤ ਵਿਦਿਆਰਥਣ ਪਲਕਪ੍ਰੀਤ ਕੌਰ ਨੂੰ ਵਧਾਈ ਦਿੱਤੀ ਅਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਮੁਕਾਬਲਾ ਰੁਦਰਪੁਰ (ਉੱਤਰਾਖੰਡ) ਵਿਖੇ ਕਰਵਾਇਆ ਗਿਆ, ਜਿਸ ਦੌਰਾਨ ਵਿਦਿਆਰਥਣ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪਲਕਪ੍ਰੀਤ ਕੌਰ ਨੇ 500 ਮੀਟਰ ਟਾਈਮ ਟਰਾਇਲ ਅਤੇ ਟੀਮ ਸਪਰਿੰਟ ਤੀਜਾ ਸਥਾਨ ਪ੍ਰਾਪਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਪਲਕਪ੍ਰੀਤ ਨੇ ਨੈਸ਼ਨਲ 'ਚ ਸੋਨ ਤਗਮਾ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਪ੍ਰਿੰ: ਸ: ਗਿੱਲ ਨੇ ਵਿਦਿਆਰਥਣ ਦੀ ਇਸ ਸ਼ਾਨਦਾਰ ਉਪਲਬੱਧੀ 'ਤੇ ਕੋਚ ਸ੍ਰੀ ਰਾਜੇਸ਼ ਕੌਸ਼ਿਕ ਅਤੇ ਡੀ. ਪੀ. ਈ. ਗੁਰਪ੍ਰੀਤ ਸਿੰਘ ਵੱਲੋਂ ਕਰਵਾਏ ਅਭਿਆਸ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਕਲਾਸਰੂਮਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸਬੰਧੀ ਵਰਕਸ਼ਾਪ



ਮੰਡੀ ਗੋਬਿੰਦਗੜ੍ਹ, 17 ਜਨਵਰੀ, (ਅੰਮ੍ਰਿਤਪਾਲ ਸਿੰਘ) : ਦੇਸ਼ ਭਗਤ ਗਲੋਬਲ ਸਕੂਲ (ਡੀਬੀਜੀਐਸ) ਵੱਲੋਂ ਕਲਾਸਰੂਮਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ 'ਤੇ ਸੀਬੀਐਸਈ ਸਮਰੱਥਾ ਨਿਰਮਾਣ ਵਰਕਸ਼ਾਪ ਕਰਵਾਈ ਜੋ ਸਿੱਖਿਆ ਵਿੱਚ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਇਸ ਵਰਕਸ਼ਾਪ ਵਿੱਚ ਸਿੱਖਿਆ ਅਤੇ ਸਿੱਖਣ ਵਿੱਚ ਏਆਈ ਦੀ ਪਰਿਵਰਤਨਸ਼ੀਲ ਭੂਮਿਕਾ ਦੀ ਪੜਚੋਲ ਕਰਨ ਲਈ ਉਤਸੁਕ ਅਧਿਆਪਕਾਂ ਨੇ ਉਤਸ਼ਾਹੀ ਭਾਗੀਦਾਰੀ ਵਿਖਾਈ।

ਇਸ ਸੈਸ਼ਨ ਦੀ ਅਗਵਾਈ ਪ੍ਰਸਿੱਧ ਸਿੱਖਿਅਕ ਸੋਨੀਆ ਵਿਕਟਰ ਅਤੇ ਨੈਪੋਲੀਅਨ ਨੈਲਸਨ ਨੇ ਕੀਤੀ, ਜਿਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਬੁਨਿਆਦੀ ਸਿਧਾਂਤਾਂ ਅਤੇ ਸਿੱਖਿਆ ਵਿੱਚ ਇਸਦੇ ਵਿਹਾਰਕ ਉਪਯੋਗਾਂ ਬਾਰੇ ਕੀਮਤੀ ਸੂਝ ਸਾਂਝੀ ਕੀਤੀ।

ਇਸ ਦੌਰਾਨ ਇੰਟਰੈਕਟਿਵ ਸੈਸ਼ਨ ਵਿੱਚ ਗੂਗਲ ਟੀਚੇਬਲ ਮਸ਼ੀਨ, ਮੈਜਿਕ ਟੂਲਸ, ਆਟੋਡਰਾ, ਕਹੂਟ, ਅਡੋਬ ਫਾਇਰਫਲਾਈ, ਗਾਮਾ, ਖਾਨ ਅਕੈਡਮੀ, ਕੈਨਵਾ ਅਤੇ ਲੂਮੇਨ5 ਵਰਗੇ ਏਆਈ ਟੂਲਸ ਨਾਲ ਵਿਹਾਰਕ ਅਨੁਭਵ ਸ਼ਾਮਲ ਸੀ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਅਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਡੀ.ਬੀ.ਜੀ.ਐਸ. ਦੀ ਸੰਪੂਰਨ ਵਿਕਾਸ ਅਤੇ ਸਿੱਖਿਅਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ ਪ੍ਰਤੀ ਦ੍ਰਿੜ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਪ੍ਰਿੰਸੀਪਲ ਇੰਦੂ ਸ਼ਰਮਾ ਨੇ ਡੀਬੀਜੀਐਸ ਟੀਮ ਦੇ ਨਾਲ ਇਸ ਸੂਝਵਾਨ ਅਤੇ ਅਗਾਂਹਵਧੂ ਵਰਕਸ਼ਾਪ ਦੇ ਸਫਲਤਾਪੂਰਵਕ ਆਯੋਜਨ ਲਈ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਅਧਿਆਪਕਾਂ ਨੂੰ ਕਲਾਸਰੂਮ ਸਿੱਖਿਆ ਵਿੱਚ ਏਆਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਲਈ ਵਿਹਾਰਕ ਗਿਆਨ ਨਾਲ ਲੈਸ ਕਰਨਾ ਸੀ।

# ਮੁੱਖ ਮੰਤਰੀ ਭਲਕੇ ਰੱਖਣਗੇ ਬਿਕਰਾਊਰ ਕਾਲਜ ਦਾ ਨੀਂਹ ਪੱਥਰ : ਧਾਲੀਵਾਲ

## ਧਾਲੀਵਾਲ ਨੇ ਲਿਆ ਪ੍ਰਬੰਧਾ ਦਾ ਜਾਇਜ਼ਾ

ਅੰਮ੍ਰਿਤਸਰ, 17 ਜਨਵਰੀ , (ਬਬਲੂ ਮਹਾਜਨ) : ਮੁੱਖ ਮੰਤਰੀ ਪੰਜਾਬ 19 ਜਨਵਰੀ ਨੂੰ ਭਾਰਤ ਪਾਕਿਸਤਾਨ ਸਰਹੱਦ ਨਾਲ ਲੱਗਦੇ ਇਸ ਸਰਹੱਦੀ ਖੇਤਰ ਦੇ ਪਿੰਡ ਬਿਕਰਾਊਰ ਵਿਖੇ 15 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਾਲਜ ਦਾ ਨੀਂਹ ਪੱਥਰ ਰੱਖਣ ਲਈ ਆ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਜਨਾਲਾ ਹਲਕੇ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮੌਕੇ ਹੋਣ ਵਾਲੇ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਕਰਦਿਆਂ ਦੱਸਿਆ ਕਿ ਇਸ ਇਲਾਕੇ ਦੀ ਆਜ਼ਾਦੀ ਤੋਂ ਬਾਅਦ ਚੱਲੀ ਆਉਂਦੀ ਵੱਡੀ ਮੰਗ ਕਿ ਇਸ ਇਲਾਕੇ ਵਿੱਚ ਕਾਲਜ ਖੋਲਿਆ ਜਾਵੇ, ਜੋ ਇਸ ਇਲਾਕੇ ਦੀ ਤਕਦੀਰ ਬਦਲੇ, ਨੂੰ ਹੁਣ ਲੱਗਭੱਗ 80 ਸਾਲ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਪੂਰਾ ਕਰਨ ਜਾ ਰਹੀ ਹੈ। ਉਹਨਾਂ ਕਿਹਾ ਕਿ ਅਜਨਾਲਾ ਅਤੇ ਅੰਮ੍ਰਿਤਸਰ ਤੋਂ ਦੂਰ ਇਸ ਇਲਾਕੇ ਦੇ ਵਿੱਚ ਰਹਿੰਦੀ ਰਾਅ ਸਿੱਖ ਬਰਾਦਰੀ ਜੋ ਕਿ ਬੜੇ ਕਿਰਤੀ ਲੋਕ ਹਨ ਦੇ ਬੱਚੇ ਇਸ ਕਾਲਜ ਦੇ ਬਣਨ ਨਾਲ ਪੜ੍ਹ ਕੇ ਦੁਨੀਆਂ ਦੇ ਨਾਲ ਰਲਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਚੋਣਾਂ ਤੋਂ ਪਹਿਲਾਂ ਇਹਨਾਂ ਲੋਕਾਂ ਨਾਲ ਵਾਅਦਾ ਕੀਤਾ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ 15 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਕਾਲਜ ਦੀ ਸ਼ੁਰੂਆਤ ਲਈ ਸਾਰੀ ਪ੍ਰਕਿਰਿਆ ਪੂਰੀ ਕੀਤੀ ਜਾ ਚੁੱਕੀ ਹੈ ਅਤੇ ਹੁਣ 19 ਜਨਵਰੀ ਨੂੰ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਕਾਲਜ ਦਾ ਨੀਂਹ ਪੱਥਰ ਰੱਖਣਗੇ। ਉਹਨਾਂ ਕਿਹਾ ਕਿ ਇਸ ਮੌਕੇ ਇੱਕ ਵੱਡਾ ਜਨ ਸਮੂਹ ਅਜਨਾਲਾ ਹਲਕੇ ਵਿੱਚ ਇਕੱਠਾ ਹੋਵੇਗਾ, ਜਿਸ ਨੂੰ ਮੁੱਖ ਮੰਤਰੀ ਪੰਜਾਬ ਸਮੇਤ ਹੋਰ ਸ਼ਖਸ਼ੀਅਤਾਂ ਸੰਬੋਧਨ ਕਰਨਗੀਆਂ।

ਇਸ ਤੋਂ ਪਹਿਲਾਂ ਉਹਨਾਂ ਨੇ ਬ੍ਰਹਮ ਗਿਆਨੀ ਬਾਬਾ ਗਮਚੁੱਕ ਦੇ ਸਥਾਨ ਉੱਤੇ ਜਾ ਕੇ ਇਸ ਕਾਰਜ ਦੀ ਸਫਲਤਾ ਲਈ ਅਰਦਾਸ ਕੀਤੀ ਅਤੇ ਸਾਰੇ ਇਲਾਕਾ ਵਾਸੀਆਂ ਨੂੰ ਇਸ ਸਮਾਗਮ ਵਿੱਚ ਹਾਜ਼ਰ ਹੋਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਮੈਂ ਬਿਕਰਾਊਰ ਪੰਚਾਇਤ ਦਾ ਖਾਸ ਤੌਰ 'ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਕਾਲਜ ਬਣਾਉਣ ਲਈ 15 ਏਕੜ ਜ਼ਮੀਨ ਬਿਲਕੁਲ ਮੁਫਤ ਸਰਕਾਰ ਨੂੰ ਦਿੱਤੀ। ਉਹਨਾਂ ਕਿਹਾ ਕਿ ਇਹ ਕਾਲਜ ਖੁੱਲ੍ਹਣ ਦੇ ਨਾਲ ਇਸ ਇਲਾਕੇ ਦੇ ਬੱਚਿਆਂ ਦੀ ਤਕਦੀਰ ਬਦਲੇਗੀ ਅਤੇ ਚੰਗੇ ਭਵਿੱਖ ਦੇ ਰਾਹ ਸਾਡੇ ਬੱਚੇ ਪੈਣਗੇ।

# ਸੀ.ਬੀ.ਸੀ. ਹਮੀਰਪੁਰ ਵੱਲੋਂ ਊਨਾ ਆਈ.ਟੀ.ਆਈ. ਵਿਖੇ ਦੋ ਦਿਨਾਂ ਫੋਟੋ ਪ੍ਰਦਰਸ਼ਨੀ




ਊਨਾ, 17 ਜਨਵਰੀ, (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਅਧੀਨ ਕੇਂਦਰੀ ਸੰਚਾਰ ਬਿਊਰੋ (ਸੀਬੀਸੀ), ਹਮੀਰਪੁਰ ਦੁਆਰਾ ਭਾਰਤ ਸਰਕਾਰ ਦੀਆਂ ਜਨਤਕ ਭਲਾਈ ਯੋਜਨਾਵਾਂ 'ਤੇ ਆਪਣੇ ਏਕੀਕ੍ਰਿਤ ਸੰਚਾਰ ਅਤੇ ਆਊਟਰੀਚ ਪ੍ਰੋਗਰਾਮ ਦੇ ਹਿੱਸੇ ਵਜੋਂ ਆਯੋਜਿਤ ਦੋ ਦਿਨਾਂ ਫੋਟੋ ਪ੍ਰਦਰਸ਼ਨੀ ਅੱਜ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈਟੀਆਈ), ਊਨਾ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਵਿਖੇ ਸਫਲਤਾਪੂਰਵਕ ਸਮਾਪਤ ਹੋਈ। ਇਹ ਫੋਟੋ ਪ੍ਰਦਰਸ਼ਨੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਈਟੀਆਈ ਊਨਾ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ।

ਇਸ ਤੋਂ ਇਲਾਵਾ, ਵਿਭਾਗੀ ਕਲਾਕਾਰਾਂ ਦੁਆਰਾ ਗੀਤਾਂ ਅਤੇ ਨੁੱਕੜ ਨਾਟਕਾਂ ਰਾਹੀਂ ਆਈਟੀਆਈ ਦੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੇ ਇੱਕ ਪ੍ਰਦਰਸ਼ਨੀ ਰਾਹੀਂ ਵੱਖ-ਵੱਖ ਯੋਜਨਾਵਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਕੀਤੀ। ਪ੍ਰੋਗਰਾਮ ਦੌਰਾਨ ਉਪਰੋਕਤ ਵਿਸ਼ਿਆਂ 'ਤੇ ਆਧਾਰਿਤ ਇੱਕ ਕੁਇਜ਼ ਮੁਕਾਬਲਾ ਵੀ ਆਯੋਜਿਤ ਕੀਤਾ ਗਿਆ।

ਇਸ ਮੌਕੇ, ਆਈਟੀਆਈ ਊਨਾ ਦੇ ਪ੍ਰਿੰਸੀਪਲ, ਸ਼੍ਰੀ ਅੰਸ਼ੁਲ ਧੀਮਾਨ, ਆਈਟੀਆਈ ਅਧਿਆਪਕ ਮੌਜੂਦ ਸਨ। ਪ੍ਰੋਗਰਾਮ ਦੇ ਅੰਤ ਵਿੱਚ, ਕੇਂਦਰੀ ਸੰਚਾਰ ਬਿਊਰੋ, ਹਮੀਰਪੁਰ ਨੇ ਸਵੱਛਤਾ ਪਖਵਾੜਾ ਦੇ ਤਹਿਤ ਆਈਟੀਆਈ ਕੈਂਪਸ ਵਿੱਚ ਮੌਜੂਦ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸਵੱਛਤਾ ਦੀ ਸਹੁੰ ਚੁਕਾਈ ਅਤੇ ਆਈਟੀਆਈ ਕੈਂਪਸ ਅਤੇ ਆਲੇ-ਦੁਆਲੇ ਸਵੈ-ਇੱਛਾ ਨਾਲ ਕੰਮ ਵੀ ਕੀਤਾ।

# ਬੰਦੀ ਸਿੰਘਾਂ ਦੀ ਰਿਹਾਈ 'ਤੇ ਸਰਕਾਰਾਂ ਦੀ ਟਾਲਮਟੋਲ ਨਿੰਦਣਯੋਗ : ਬਾਬਾ ਕੁਲਵੰਤ ਸਿੰਘ

## ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ, ਸਿੱਖਾਂ ਨਾਲ ਦੋਗਲੀ ਨੀਤੀ ਕਬੂਲ ਨਹੀਂ



ਅੰਮ੍ਰਿਤਸਰ, 17 ਜਨਵਰੀ, (ਬਬਲੂ ਮਹਾਜਨ ):ਸ੍ਰੀ ਦਸਮੇਸ਼ ਪ੍ਰਚਾਰ ਸੇਵਾ ਟਰੱਸਟ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਰਕਾਰਾਂ ਟਾਲਮਟੋਲ ਦੀ ਨੀਤੀ ਅਪਣਾ ਰਹੀਆਂ ਹਨ, ਜੋ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਕਾਨੂੰਨੀ ਤੌਰ 'ਤੇ ਰਿਹਾਈ ਦੇ ਹੱਕਦਾਰ ਹਨ, ਪਰ ਫਿਰ ਵੀ ਉਨ੍ਹਾਂ ਨੂੰ ਬੇਵਜ੍ਹਾ ਕੈਦ ਵਿੱਚ ਰੱਖਿਆ ਜਾ ਰਿਹਾ ਹੈ।

ਬਾਬਾ ਕੁਲਵੰਤ ਸਿੰਘ ਨੇ ਕਿਹਾ ਕਿ ਦੂਜੇ ਪਾਸੇ ਬਲਾਤਕਾਰੀ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇ ਕੇ ਰਿਹਾਈ ਦੇ ਫਾਇਦੇ ਦਿੱਤੇ ਜਾ ਰਹੇ ਹਨ, ਜੋ ਸਿੱਖ ਕੌਮ ਨਾਲ ਸਪਸ਼ਟ ਦੋਗਲੀ ਨੀਤੀ ਦਾ ਪ੍ਰਗਟਾਵਾ ਹੈ। ਉਨ੍ਹਾਂ ਦੱਸਿਆ ਕਿ ਇਹ ਰਵੱਈਆ ਸੰਵਿਧਾਨ ਦੇ ਬਰਾਬਰੀ ਦੇ ਅਸੂਲਾਂ ਦੇ ਖ਼ਿਲਾਫ਼ ਹੈ ਅਤੇ ਲੋਕਤੰਤਰ 'ਤੇ ਸਵਾਲ ਖੜ੍ਹੇ ਕਰਦਾ ਹੈ।

ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਲਈ ਠੋਸ ਕਦਮ ਚੁੱਕੇ ਜਾਣ ਅਤੇ ਸਾਰਿਆਂ ਨਾਲ ਇਕਸਾਰ ਨਿਆਂ ਕੀਤਾ ਜਾਵੇ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਨੇ ਅਣਦੇਖੀ ਜਾਰੀ ਰੱਖੀ ਤਾਂ ਸਿੱਖ ਸੰਗਠਨ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਮਜਬੂਰ ਹੋਣਗੇ।

# ਅਮਰੀਕਾ 'ਚ ਇੰਟਰਨੈਸ਼ਨਲ ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਨੂੰ ਸਟੇਟ ਐਵਾਰਡ ਨਾਲ ਕੀਤਾ ਸਨਮਾਨਿਤ



ਅੰਮਿਤਸਰ, 17 ਜਨਵਰੀ , (ਬਬਲੂ ਮਹਾਜਨ):ਇੰਟਰਨੈਸ਼ਨਲ ਪੇਪਰ ਆਰਟਿਸਟ ਗੁਰਪ੍ਰੀਤ ਸਿੰਘ ਨੇ ਅੰਮ੍ਰਿਤਸਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਹਾਲ ਹੀ ਵਿੱਚ ਅਮਰੀਕਾ ਦੌਰੇ 'ਤੇ ਰਹੇ, ਜਿੱਥੇ ਉਨ੍ਹਾਂ ਨੂੰ ਨਿਊਯਾਰਕ ਸਮੇਤ ਵੱਖ-ਵੱਖ ਸ਼ਹਿਰਾਂ ਵਿੱਚ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਮੁੱਖ ਮਕਸਦ ਸਿੱਖ ਇਤਿਹਾਸ, ਗੁਰਬਾਣੀ ਸ਼ਬਦਾਂ ਅਤੇ ਸਿੱਖ ਕਲਾ ਨੂੰ ਵਿਸ਼ਵ ਪੱਧਰ 'ਤੇ ਪ੍ਰਮੋਟ ਕਰਨਾ ਸੀ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਅਮਰੀਕਾ ਦੀ ਸਥਾਨਕ ਸਰਕਾਰ ਨੂੰ ਉਨ੍ਹਾਂ ਦੀ ਕਲਾ ਅਤੇ ਯੋਗਦਾਨ ਬਾਰੇ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਨਿਊਯਾਰਕ ਸਟੇਟ ਦੀ ਅਸੈਂਬਲੀ ਵੱਲੋਂ ਪ੍ਰੈਜ਼ੀਡੈਂਟ ਮਿਸਟਰ ਸਕੂਟਰੀ, ਅਸੈਂਬਲੀ ਸਪੀਕਰ ਕੋਫਲਿਨ ਅਤੇ ਪੂਰੀ ਅਸੈਂਬਲੀ ਦੀ ਹਾਜ਼ਰੀ ਵਿੱਚ ਇੱਕ ਸਲਿਊਟ ਦੇ ਤੌਰ 'ਤੇ ਦਿੱਤਾ ਗਿਆ। ਅਵਾਰਡ ਪੱਤਰ ਵਿੱਚ ਸਪੱਸ਼ਟ ਤੌਰ 'ਤੇ ਦਰਜ ਸੀ ਕਿ ਗੁਰਪ੍ਰੀਤ ਸਿੰਘ ਕਲਾ ਦੇ ਜ਼ਰੀਏ ਕਲਚਰ, ਇਤਿਹਾਸ ਅਤੇ ਆਰਟ ਨੂੰ ਦੁਨੀਆਂ ਭਰ ਵਿੱਚ ਪ੍ਰਸਾਰਿਤ ਕਰ ਰਹੇ ਹਨ। ਉਨ੍ਹਾਂ ਯਾਦ ਦਿਲਾਇਆ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਕੈਨੇਡਾ ਦੀ ਪਾਰਲੀਮੈਂਟ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਤੇ ਆਸਟਰੇਲੀਆ ਦੀ ਪਾਰਲੀਮੈਂਟ ਵਿੱਚ ਵੀ ਸਨਮਾਨ ਮਿਲ ਚੁੱਕਾ ਹੈ। ਹੁਣ ਅਮਰੀਕਾ ਤੋਂ ਮਿਲਿਆ ਇਹ ਮਾਣ ਸਿਰਫ਼ ਉਨ੍ਹਾਂ ਲਈ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀਆਂ ਅਤੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ। ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਇਹ ਸਾਰੇ ਸਨਮਾਨ ਸਿੱਖ ਪੰਥ ਨੂੰ ਸਮਰਪਿਤ ਕਰਦੇ ਹਨ ਅਤੇ ਗੁਰੂ ਰਾਮਦਾਸ ਪਾਤਸ਼ਾਹ ਦਾ ਸ਼ੁਕਰਾਨਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਉਹ ਪਿਛਲੇ ਲਗਭਗ 25 ਸਾਲਾਂ ਤੋਂ ਪੇਪਰ ਆਰਟ ਨਾਲ ਜੁੜੇ ਹੋਏ ਹਨ ਅਤੇ ਦਸਾਂ ਪਾਤਸ਼ਾਹੀਆਂ ਦੇ ਜਨਮ ਅਸਥਾਨਾਂ, ਪੰਜ ਤਖ਼ਤ ਸਾਹਿਬਾਨਾਂ ਦੇ ਮਾਡਲ ਤਿਆਰ ਕਰ ਚੁੱਕੇ ਹਨ। ਹੁਣ ਤੱਕ ਉਨ੍ਹਾਂ ਨੂੰ 17 ਵਰਲਡ ਰਿਕਾਰਡ ਅਤੇ 7 ਨੈਸ਼ਨਲ ਰਿਕਾਰਡ ਮਿਲ ਚੁੱਕੇ ਹਨ, ਜਦਕਿ 15 ਦੇ ਕਰੀਬ ਦੇਸ਼ਾਂ ਦੇ ਅਜਾਇਬ ਘਰਾਂ ਵਿੱਚ ਉਨ੍ਹਾਂ ਦੇ ਮਾਡਲ ਸ਼ਸ਼ੋਭਿਤ ਹਨ।

# ਖ਼ਾਲਸਾ ਕਾਲਜ ਵਿਖੇ 'ਗੁਰੂ ਗੋਬਿੰਦ ਸਿੰਘ ਸਾਹਿਬ : ਜੀਵਨ, ਦ੍ਰਿਸ਼ਟੀ ਅਤੇ ਫਲਸਫਾ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ




ਅੰਮ੍ਰਿਤਸਰ, 17 ਜਨਵਰੀ, (ਬਬਲੂ ਮਹਾਜਨ) : ਖਾਲਸਾ ਕਾਲਜ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ : ਜੀਵਨ,ਦ੍ਰਿਸ਼ਟੀ ਤੇ ਫਲਸਫਾ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਇਸ ਮੌਕੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਸ. ਗੁਨਵੀਰ ਸਿੰਘ ਨੇ ਸ. ਹਰਿੰਦਰ ਸਿੰਘ ਦੇ ਗੁਰਮਤਿ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ 'ਚ ਪਾਏ ਯੋਗਦਾਨ ਦੀ ਮਹੱਤਤਾ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਕਾਲਜ ਦੇ ਵਿਰਾਸਤੀ ਇਤਿਹਾਸ ਤੋਂ ਜਾਣੂ ਕਰਵਾਉਂਦਿਆ ਉਨ੍ਹਾਂ ਨੇ ਕਾਲਜ ਦੇ ਵਿਕਸਿਤ ਪੱਖਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।

ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੀ ਅਗਵਾਈ ਅਤੇ ਪੰਜਾਬੀ ਅਧਿਐਨ ਵਿਭਾਗ ਮੁਖੀ ਡਾ. ਪਰਮਿੰਦਰ ਸਿੰਘ ਦੇ ਸਹਿਯੋਗ ਨਾਲ ਕਰਵਾਏ ਗਏ ਉਕਤ ਸਮਾਗਮ ਦਾ ਆਰੰਭ ਕਾਲਜ ਦੇ ਸੰਗੀਤ ਅਤੇ ਗੁਰਮਤਿ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਪਰਮਾਤਮਾ ਦਾ ਓਟ ਆਸਰਾ ਲੈਂਦਿਆਂ ਸ਼ਬਦ ਗਾਇਨ ਨਾਲ ਕੀਤਾ ਗਿਆ। ਪ੍ਰਿੰ: ਡਾ. ਰੰਧਾਵਾ ਵੱਲੋਂ ਆਈਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਇਸ ਸਮਾਗਮ 'ਚ ਮੁੱਖ ਬੁਲਾਰੇ ਵਜੋਂ ਨਾਮਵਰ ਸਿੱਖ ਚਿੰਤਕ ਅਤੇ ਸੀਨੀਅਰ ਫੈਲੋ ਸਿੱਖ ਰਿਸਰਚ ਇੰਸਟੀਚਿਊਟ ਯੂ.ਐਸ.ਏ. ਸ: ਹਰਿੰਦਰ ਸਿੰਘ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਸ. ਹਰਿੰਦਰ ਸਿੰਘ ਦੇ ਸਿੱਖ ਇਤਿਹਾਸ 'ਚ ਪਾਏ ਯੋਗਦਾਨ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸ. ਹਰਿੰਦਰ ਸਿੰਘ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸਾਹਿਤ ਨਾਲ ਜੁੜੇ ਵਿਚਾਰਾਂ ਨੂੰ ਪ੍ਰਸਾਰਣ ਵਿਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਹੁਣ ਤਕ ਉਹ ਗੁਰਬਾਣੀ ਨਾਲ ਜੁੜੇ ਵੱਖ-ਵੱਖ ਵਿਸ਼ਿਆਂ ਬਾਰੇ ਕਈ ਪ੍ਰੋਜੈਕਟਾਂ ਤੇ ਕੰਮ ਕਰ ਰਹੇ ਹਨ। ਅੱਜ ਦੇ ਸਮਾਗਮ ਦੇ ਵਿਸ਼ੇ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅੱਜ ਦਾ ਵਿਸ਼ਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਦ੍ਰਿਸ਼ਟੀ ਅਤੇ ਫਲਸਫੇ ਨਾਲ ਸੰਬੰਧਿਤ ਹੈ। ਗੁਰੂ ਗੋਬਿੰਦ ਸਿੰਘ ਦੀ ਦਾ ਸਮੁੱਚਾ ਜੀਵਨ ਸਮੁੱਚੀ ਮਾਨਵਤਾ ਦੀ ਭਲਾਈ ਅਤੇ ਕਲਿਆਣ ਨੂੰ ਸਮਰਪਿਤ ਹੈ ਜਿਸਦੀ ਹੋਰ ਕੋਈ ਉਦਾਹਰਣ ਕਿਤੇ ਨਹੀਂ ਮਿਲਦੀ। ਉਨ੍ਹਾਂ ਨੇ ਕਿਹਾ ਕਿ ਅਜਿਹਾ ਜੀਵਨ ਸਾਡੇ ਲਈ ਪ੍ਰੇਰਨਾ ਸ੍ਰੋਤ ਬਣਦਾ ਹੈ ਜਿਸ ਵਿਚ ਨਿੱਜੀ ਸੁਆਰਥ ਨੂੰ ਤਿਆਗ ਕੇ ਸਮੁੱਚੀ ਮਾਨਵਤਾ ਦੀ ਲਈ ਕਾਰਜ ਕੀਤੇ।

ਇਸ ਉਪਰੰਤ ਮੁੱਖ ਬੁਲਾਰੇ ਸ. ਹਰਿੰਦਰ ਸਿੰਘ ਅਤੇ ਮੈਡਮ ਇੰਦੂ ਅਰੋੜਾ ਨੇ ਆਪਸੀ ਵਿਚਾਰ ਚਰਚਾ ਦੇ ਸੈਸ਼ਨ ਰਾਹੀਂ ਸ. ਹਰਿੰਦਰ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਦੇ ਜੀਵਨ, ਉਨ੍ਹਾਂ ਦੀਆਂ ਰਚਨਾਵਾਂ ਅਤੇ ਫਲਸਫੇ ਸੰਬੰਧੀ ਗਹਿਰ-ਗੰਭੀਰ ਵਿਚਾਰ ਚਰਚਾ ਕੀਤੀ ਗਈ । ਸ. ਹਰਿੰਦਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਹੁਣ ਤਕ ਉਹ ਗੁਰਬਾਣੀ ਨਾਲ ਜੁੜੇ ਕਈ ਵਿਸ਼ਿਆਂ 'ਤੇ ਵਿਚਾਰ ਗੋਸ਼ਟੀ ਕਰ ਚੁੱਕੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਗੁਰਬਾਣੀ ਨਾਲ ਜੁੜੇ ਕਈ ਪ੍ਰੋਜੈਕਟ ਚਲਾ ਰਹੇ ਹਨ। ਆਪਣੀ ਪੁਸਤਕ 'ਗੁਰੂ ਗੋਬਿੰਦ ਸਿੰਘ ਸਾਹਿਬ' ਬਾਰੇ ਖੁੱਲ ਕੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਜੀਵਨ ਦੇ ਵੱਖ-ਵੱਖ ਅਹਿਮ ਪਹਿਲੂਆਂ ਨਾਲ ਜੁੜੀ ਹੋਈ ਹੈ। ਇਸ ਦਾ ਨਿਵੇਕਲਾਪਨ ਇਹ ਹੈ ਕਿ ਇਸ ਵਿਚੋਂ ਵਿਹਾਰਕ ਜੀਵਨ ਨਾਲ ਜੁੜੀਆਂ ਸਮੱਸਿਆਵਾਂ ਦੇ ਹੱਲ ਤਕ ਪਹੁੰਚਿਆ ਜਾ ਸਕਦਾ ਹੈ।

ਇਸ ਉਪਰੰਤ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ. ਹਰਿੰਦਰ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਜੀਵਨ ਅਤੇ ਫਲਸਫੇ ਸੰਬੰਧੀ ਪ੍ਰਸ਼ਨ ਪੁੱਛੇ ਜਿਨ੍ਹਾਂ ਦਾ ਉੱਤਰ ਉਨ੍ਹਾਂ ਨੇ ਬੜੇ ਤਸੱਲੀਬਖ਼ਸ਼ ਢੰਗ ਨਾਲ ਦਿੱਤੇ। ਮੰਚ ਸੰਚਾਲਨ ਦੀ ਭੂਮਿਕਾ ਡਾ. ਕੁਲਦੀਪ ਸਿੰਘ ਢਿੱਲੋਂ ਦੁਆਰਾ ਬਖ਼ੂਬੀ ਨਿਭਾਈ ਗਈ । ਸਮਾਗਮ ਦੇ ਅੰਤ ਵਿਚ ਪੰਜਾਬੀ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਵੱਖ-ਵੱਖ ਵਿਭਾਗਾਂ ਵਿਚੋਂ ਆਏ ਅਧਿਆਪਕ ਸਾਹਿਬਾਨ,ਵਿਦਿਆਰਥੀ ਅਤੇ ਆਈਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

ਸਮਾਗਮ ਵਿਚ ਕਾਲਜ ਦੇ ਡੀਨ ਅਕਾਦਮਿਕ ਮਾਮਲੇ ਡਾ. ਤਮਿੰਦਰ ਸਿੰਘ ਭਾਟੀਆ ਰਜਿਸਟਰਾਰ ਡਾ. ਦਵਿੰਦਰ ਸਿੰਘ, ਨਾਮਵਰ ਵਿਦਵਾਨ ਬਲਵੰਤ ਸਿੰਘ ਢਿੱਲੋਂ, ਪ੍ਰਸਿੱਧ ਇਤਿਹਾਸਕਾਰ ਰਾਜ ਕੁਮਾਰ ਹੰਸ,ਡਾ. ਹਰਦੇਵ ਸਿੰਘ, ਡਾ. ਸੁਖਪਾਲ ਸਿੰਘ, ਮੈਡਮ ਸਾਨੀਆ ਅਰੋੜਾ, ਮੈਡਮ ਸੁਪਨਿੰਦਰ ਕੌਰ, ਮੈਡਮ ਅੰਜੂ, ਡਾ. ਹੀਰਾ ਸਿੰਘ, ਡਾ. ਮਿੰਨੀ ਸਲਵਾਨ, ਡਾ.ਜਸਬੀਰ ਸਿੰਘ, ਡਾ.ਪਰਮਿੰਦਰਜੀਤ ਕੌਰ, ਡਾ. ਗੁਰਿੰਦਰ ਕੌਰ, ਡਾ. ਅਮਾਨਤ ਮਸੀਹ, ਪ੍ਰੋ . ਹਰਵਿੰਦਰ ਕੌਰ, ਪ੍ਰੋ. ਅੰਮ੍ਰਿਤਪਾਲ ਕੌਰ, ਡਾ. ਮਨੀਸ਼ ਕੁਮਾਰ, ਡਾ. ਅਮਨਦੀਪ ਕੌਰ, ਡਾ. ਨਵਜੋਤ ਕੌਰ, ਡਾ. ਸੰਦੀਪ ਕੌਰ, ਡਾ. ਦਯਾ ਸਿੰਘ, ਡਾ. ਮੇਜਰ ਸਿੰਘ, ਡਾ. ਰੁਪਿੰਦਰ ਕੌਰ, ਡਾ. ਪ੍ਰਭਜੀਤ ਸਿੰਘ, ਪ੍ਰੋ. ਬਲਗੇਰ ਸਿੰਘ, ਪ੍ਰੋ. ਰਵਿੰਦਰ, ਪ੍ਰੋ. ਵਰਿੰਦਰ ਸਿੰਘ, ਡਾ. ਸੰਦੀਪ ਕੌਰ, ਡਾ. ਪ੍ਰਭਜੀਤ ਕੌਰ, ਪ੍ਰੋ. ਸਤਨਾਮ ਸਿੰਘ ਹਾਜ਼ਰ ਸਨ।

# ਆਈ.ਸੀ.ਸੀ.ਆਰ. ਦੇ ਖੇਤਰੀ ਨਿਦੇਸ਼ਕ ਵੱਲੋਂ ਨੈਸ਼ਨਲ ਇੰਸਟੀਟਿਊਟ ਆਫ਼ ਆਯੁਰਵੇਦ, ਪੰਚਕੂਲਾ ਦਾ ਦੌਰਾ



ਪੰਚਕੂਲਾ, 17 ਜਨਵਰੀ, (ਅੰਮ੍ਰਿਤਪਾਲ ਸਿੰਘ) : ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ (ICCR) ਦੇ ਖੇਤਰੀ ਨਿਦੇਸ਼ਕ ਕੇ. ਅੱਯੰਨਾਰ ਨੇ ਨੈਸ਼ਨਲ ਇੰਸਟੀਟਿਊਟ ਆਫ਼ ਆਯੁਰਵੇਦ, ਪੰਚਕੂਲਾ ਦਾ ਦੌਰਾ ਕੀਤਾ। ਆਈਸੀਸੀਆਰ ਦੇ ਖੇਤਰੀ ਨਿਦੇਸ਼ਕ ਦਾ ਐਨਆਈਏ ਪਹੁੰਚਣ 'ਤੇ, ਡਿਪਟੀ ਮੈਡੀਕਲ ਸੁਪਰਡੈਂਟ (ਡੀਐਮਐਸ) ਡਾ. ਗੌਰਵ ਗਰਗ ਨੇ ਸੁਆਗਤ ਕੀਤਾ। ਉਨ੍ਹਾਂ ਨੇ ਆਯੁਰਵੇਦ ਇਲਾਜ, ਵਿਦਿਅਕ, ਖੋਜ ਅਤੇ ਡਾਕਟਰੀ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਦੌਰੇ ਦੌਰਾਨ, ਖੇਤਰੀ ਨਿਦੇਸ਼ਕ ਨੇ ਪੰਚਕਰਮਾ ਮੈਡੀਕਲ ਯੂਨਿਟ, ਓਪੀਡੀ ਅਤੇ ਆਈਪੀਡੀ ਸੇਵਾਵਾਂ ਦਾ ਨਿਰੀਖਣ ਕੀਤਾ, ਅਤੇ ਮਰੀਜ਼ਾਂ ਨੂੰ ਦਿੱਤੇ ਜਾ ਰਹੇ ਆਯੁਰਵੇਦਿਕ ਇਲਾਜ ਦੇ ਤਰੀਕਿਆਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨੇ ਆਯੁਰਵੇਦ ਇਲਾਜ ਦੀ ਵਿਗਿਆਨਿਕ ਪਹੁੰਚ, ਮਰੀਜ਼ਾਂ ਦੀ ਦੇਖਭਾਲ ਅਤੇ ਇਲਾਜ ਦੀ ਸ਼ਲਾਘਾ ਕੀਤੀ।

ਸੰਸਥਾ ਦੇ ਡੀਨ-ਇਨਚਾਰਜ ਪ੍ਰੋਫੈਸਰ ਸਤੀਸ਼ ਗੰਧਰਵ ਨੇ ਆਈਸੀਸੀਆਰ ਦੇ ਖੇਤਰੀ ਨਿਦੇਸ਼ਕ ਨੂੰ ਦੱਸਿਆ ਕਿ ਵਿਦਿਆਰਥੀ ਆਧੁਨਿਕ ਡਾਕਟਰੀ ਅਭਿਆਸਾਂ ਦੀ ਪੜ੍ਹਾਈ ਕਰਨ ਦੇ ਨਾਲ ਇਲਾਜ ਕਰਨਾ ਵੀ ਸਿੱਖ ਰਹੇ ਹਨ। ਉਨ੍ਹਾਂ ਨੇ ਅਕਾਦਮਿਕ ਬਲਾਕ, ਕਲਾਸਰੂਮ, ਲਾਇਬ੍ਰੇਰੀ, ਹੋਸਟਲ, ਇੰਟਰਨੈਸ਼ਨਲ ਹੋਸਟਲ ਦੇ ਨਾਲ ਆਪ੍ਰੇਸ਼ਨ ਥੀਏਟਰ ਦਾ ਵੀ ਨਿਰੀਖਣ ਕੀਤਾ, ਅਤੇ ਲਾਇਬ੍ਰੇਰੀ ਵਿੱਚ ਆਧੁਨਿਕ ਮੈਡੀਕਲ ਅਭਿਆਸਾਂ ਨਾਲ ਜੁੜੀਆਂ ਕਿਤਾਬਾਂ ਦੇ ਸੰਗ੍ਰਹਿ ਦੀ ਵੀ ਪ੍ਰਸ਼ੰਸਾ ਕੀਤੀ।

ਪ੍ਰੋਫੈਸਰ ਸਤੀਸ਼ ਗੰਧਰਵ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਆਯੁਸ਼ ਮੰਤਰਾਲੇ ਦੀ ਅਗਵਾਈ ਹੇਠ, ਰਾਸ਼ਟਰੀ ਆਯੁਰਵੇਦ ਸੰਸਥਾਨ, ਪੰਚਕੂਲਾ, ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੰਜੀਵ ਸ਼ਰਮਾ ਦੀ ਅਗਵਾਈ ਹੇਠ, ਆਯੁਰਵੇਦ ਚਿਕਿਤਸਾ ਪ੍ਰਣਾਲੀ, ਸਿੱਖਿਆ ਅਤੇ ਨਵੀਨਤਾ ਦੇ ਪ੍ਰਚਾਰ-ਪ੍ਰਸਾਰ ਵਿੱਚ ਯੋਗਦਾਨ ਪਾ ਰਿਹਾ ਹੈ।

ਇਸ ਮੌਕੇ 'ਤੇ, ਚੀਫ਼ ਵਾਰਡਨ ਹੋਸਟਲ ਪ੍ਰੋਫੈਸਰ ਪ੍ਰਹਿਲਾਦ ਰਘੂ, ਡਾ. ਅਨੂਪ ਐਮ ਅਤੇ ਡਾ. ਸ਼ੀਨਸ਼ਾ ਵੀ ਮੌਜੂਦ ਸਨ।

# ਬੋਰੀਅਤ ਦੀ ਬੋਰੀਅਤ

ਸੁਣਨਾ-ਕਰਨਾ ਨਹੀਂ, ਇਸ ਦੇ ਅਰਥ ਹਨ: ਹੋਰਨਾਂ ਦਾ ਧਿਆਨ ਰੱਖਣਾ, ਸਨੇਹਪੂਰਨ ਵਰਤਾਓ ਕਰਨਾ ਅਤੇ ਸਹਿਯੋਗ ਦੇਣਾ। ਇਹ ਸ਼ਾਂਤ ਹੁੰਦੇ ਹਨ, ਗੁੱਸੇ ਨੂੰ ਕਾਬੂ ਵਿਚ ਰੱਖਦੇ ਹਨ, ਇਹ ਬੁੱਢਿਆਂ ਵਾਲੀਆਂ ਸ਼ਿਕਾਇਤਾਂ ਨਹੀਂ ਕਰਦੇ, ਬਜ਼ੁਰਗਾਂ ਵਾਲੀ ਪ੍ਰੇਰਨਾ ਦਿੰਦੇ ਹਨ। ਜੇਕਰ ਪਿਤਾ, ਪਿਤਾ ਵਾਲੇ ਅਤੇ ਮਾਂ, ਮਾਂ ਵਾਲੇ ਕਰਤੱਵ ਨਿਭਾਏ ਤਾਂ ਇਹ ਉਨ੍ਹਾਂ ਦੇ ਆਤਮਕ ਪੱਖੋਂ ਤੰਦਰੁਸਤ ਹੋਣ ਦਾ ਪ੍ਰਮਾਣ ਹੁੰਦਾ ਹੈ। ਜੇ ਮਨੁੱਖ ਵਿਚ ਇਹ ਚਾਰ ਪੱਖ ਤੰਦਰੁਸਤ ਹੋਣ ਤਾਂ ਉਹ ਸਾਰੇ ਰਿਸ਼ਤਿਆਂ, ਕਰਤਵਾਂ, ਕਾਰਜਾਂ ਆਦਿ ਨੂੰ ਸਫ਼ਲਤਾ ਨਾਲ ਨਿਭਾਉਂਦਾ ਹੈ। ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਇਹ ਸੰਕਟ ਵੀ ਗੁਜ਼ਰ ਜਾਵੇਗਾ। ਅਜਿਹਾ ਵਿਅਕਤੀ ਬੋਰੀਅਤ ਦਾ ਸ਼ਿਕਾਰ ਨਹੀਂ ਹੁੰਦਾ।

ਬਹੁਤ ਚੁਸਤ ਲੋਕਾਂ ਨੂੰ ਸੰਸਾਰ ਸੁਸਤ ਲੱਗਦਾ ਹੈ, ਪਰ ਇਹ ਅੱਕ ਜਲਦੀ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਜਿੰਨੀ ਉਤੇਜਨਾ ਦੀ ਲੋੜ ਹੁੰਦੀ ਹੈ, ਉਹ ਪ੍ਰਾਪਤ ਨਹੀਂ ਹੁੰਦੀ। ਇਸ ਪੱਖੋਂ ਅੱਕਿਆ ਹੋਇਆ ਵਿਅਕਤੀ ਦੱਸ ਨਹੀਂ ਸਕਦਾ ਕਿ ਉਸ ਦੀ ਸਮੱਸਿਆ ਕੀ ਹੈ। ਇਨ੍ਹਾਂ ਦੇ ਜੀਵਨ ਵਿਚ ਕਾਹਲ ਹੁੰਦੀ ਹੈ, ਇਹ ਭੱਜੇ ਫਿਰਦੇ ਹਨ। ਜੇ ਮਨੁੱਖ ਆਪਣੇ ਕੰਮ ਵੱਲ ਢੁਕਵਾਂ ਧਿਆਨ ਦੇਵੇ ਤਾਂ ਉਸ ਨੂੰ ਅਕੇਵਾਂ ਨਹੀਂ ਹੁੰਦਾ। ਮਹਿਲਾਵਾਂ, ਪੁਜਾਰੀ, ਭਾਈ, ਮਾਲੀ ਆਦਿ ਇਸ ਲਈ ਲੰਮਾ ਜੀਵਨ ਜਿਊਂਦੇ ਹਨ ਕਿਉਂਕਿ ਇਹ ਹੋਰਾਂ ਦੇ ਮੁਕਾਬਲੇ ਸੁਰੱਖਿਅਤ ਵਾਤਾਵਰਨ ਵਿਚ ਅਤੇ ਨੇਮਬੱਧ ਜੀਵਨ ਜਿਊਂਦੇ ਹਨ। ਸਮਾਜ ਵਿਚ ਮਹੱਤਵਪੂਰਨ ਪੁਰਸ਼ ਹੁੰਦੇ ਹਨ, ਪਰ ਵਧੇਰੇ ਗੱਲਾਂ ਅਕਸਰ ਮਹਿਲਾਵਾਂ ਬਾਰੇ ਕੀਤੀਆਂ ਜਾਂਦੀਆਂ ਹਨ। ਉਮਰ ਦਾ ਸਾਡੇ ਸਮੁੱਚੇ ਵਿਹਾਰ 'ਤੇ ਗੂੜ੍ਹਾ ਪ੍ਰਭਾਵ ਪੈਂਦਾ ਹੈ। ਜਵਾਨੀ ਵਿਚ ਰਾਤਾਂ ਚੰਗੀਆਂ ਲੱਗਦੀਆਂ ਹਨ, ਬੁਢਾਪੇ ਵਿਚ ਸਵੇਰਾ। ਇਸਤਰੀਆਂ ਹੋਰਾਂ ਵੱਲੋਂ ਆਪਣੇ ਬਾਰੇ ਗੱਲਾਂ ਕੀਤੀਆਂ ਜਾਣੀਆਂ ਪਸੰਦ ਨਹੀਂ ਕਰਦੀਆਂ, ਪਰ ਉਹ ਆਪਣੇ ਕੀਤੇ-ਕਹੇ ਦੀ ਪ੍ਰਸੰਸਾ ਸੁਣਨ ਦੀਆਂ ਚਾਹਵਾਨ ਹੁੰਦੀਆਂ ਹਨ। ਜਿਸ ਦੀ ਪ੍ਰਸੰਸਾ ਹੁੰਦੀ ਰਹੇ ਉਹ ਬੋਰੀਅਤ ਤੋਂ ਬਚਿਆ ਰਹਿੰਦਾ ਹੈ। ਕੁਝ ਰਿਸ਼ਤੇ, ਰਿਸ਼ਤੇ ਹੋਣ ਕਾਰਨ ਚੁੱਪ ਰਹਿੰਦੇ ਹਨ, ਕੁਝ ਲੋਕ ਚੁੱਪ ਹੁੰਦੇ ਹਨ ਇਸ ਲਈ ਉਨ੍ਹਾਂ ਨਾਲ ਰਿਸ਼ਤੇ ਨਿਭਦੇ ਹਨ। ਰਿਸ਼ਤੇ ਨਿਭਾਉਣ ਵਾਲਾ ਵਿਅਕਤੀ ਚੜ੍ਹਦੀਕਲਾ ਵਿਚ ਰਹਿੰਦਾ ਹੈ। ਲੰਗਰ ਵਰਤਾਉਣ ਵਾਲਿਆਂ ਵਿਚ ਆਪ ਰੱਜੇ ਹੋਣ ਕਾਰਨ, ਹੋਰਾਂ ਨੂੰ ਰਜਾਉਣ ਵਿਚ ਦਿਲਚਸਪੀ ਹੁੰਦੀ ਹੈ। ਵਪਾਰ ਪੁਰਸ਼ਾਂ ਨੂੰ ਅੱਕਣ-ਥੱਕਣ ਨਹੀਂ ਦਿੰਦਾ। ਘਰੇਲੂ ਰੁਝੇਵੇਂ ਇਸਤਰੀਆਂ ਨੂੰ ਉਦਾਸ-ਉਪਰਾਮ ਨਹੀਂ ਹੋਣ ਦਿੰਦੇ। ਦੋਧੀਆਂ ਅਤੇ ਅਖ਼ਬਾਰਾਂ ਵੰਡਣ ਵਾਲਿਆਂ ਨੂੰ ਬਿਮਾਰ ਹੋਣ ਲਈ ਦਿਨ ਨਹੀਂ ਲੱਭਦਾ। ਅਖ਼ਬਾਰਾਂ ਰਾਜਸੀ ਬੰਦਿਆਂ ਨੂੰ ਰੁਝਾਈ ਤੇ ਭਜਾਈ ਰੱਖਦੀਆਂ ਹਨ। ਜ਼ਿੰਮੇਵਾਰੀਆਂ, ਕੰਮ ਅਤੇ ਰੁਝੇਵੇਂ ਬੋਰੀਅਤ ਦਾ ਇਲਾਜ ਹੀ ਨਹੀਂ ਹੁੰਦੇ, ਇਹ ਬੋਰੀਅਤ ਉਪਜਣ ਹੀ ਨਹੀਂ ਦਿੰਦੇ। ਲੌਕਡਾਊਨ ਦੌਰਾਨ ਸਭ ਤੋਂ ਵਧੇਰੇ ਹਾਲ-ਦੁਹਾਈ ਸ਼ਰਾਬੀਆਂ ਨੇ ਪਾਈ ਹੈ ਅਤੇ ਸਭ ਤੋਂ ਵਧੇਰੇ ਭੁੱਖ, ਦੁੱਖ ਅਤੇ ਨਿਰਾਸਤਾ ਮਜ਼ਦੂਰ ਵਰਗ ਨੇ ਹੰਢਾਈ ਹੈ।

ਸਾਂਝੀ ਟੱਬਰਦਾਰੀ ਵਿਚ ਅਕੇਵਾਂ ਨਹੀਂ ਸੀ ਹੁੰਦਾ। ਅਕੇਵਾਂ ਵਿਅਕਤੀਵਾਦ ਨੇ ਪੈਦਾ ਕੀਤਾ ਹੈ। ਪਿੰਡਾਂ ਦੇ ਲੋਕ ਨਿਰੰਤਰ ਰੁੱਝੇ ਰਹਿਣ ਕਰਕੇ ਅਕੇਵਾਂ ਮਹਿਸੂਸ ਨਹੀਂ ਕਰਦੇ। ਮਹਿਲਾਵਾਂ ਦੇ ਕੰਮ ਮੁੱਕਦੇ ਹੀ ਨਹੀਂ। ਕਾਰਖਾਨਿਆਂ ਵਿਚ ਕੰਮ ਮਸ਼ੀਨਾਂ ਕਰਦੀਆਂ ਹਨ ਜਦੋਂਕਿ ਕਾਮੇ ਬੋਰੀਅਤ ਹੰਢਾਉਂਦੇ ਹਨ। ਕਾਨੂੰਨ ਅਨੁਸਾਰ ਮੁਜਰਿਮਾਂ ਨੂੰ ਵੱਧ ਤੋਂ ਵੱਧ ਪੰਦਰਾਂ ਦਿਨ ਕੋਠੀ ਵਿਚ ਬੰਦ ਰੱਖਿਆ ਜਾ ਸਕਦਾ ਹੈ। ਇਸ ਉਪਰੰਤ ਉਨ੍ਹਾਂ ਵਿਚ ਪਾਗਲਪਣ ਦੇ ਲੱਛਣ ਉਭਰਨ ਲੱਗ ਪੈਂਦੇ ਹਨ। ਅਕੇਵੇਂ ਦੇ ਸ਼ਿਕਾਰ ਆਗੂ ਜਾਂ ਗੱਦੀਓਂ ਲੱਥੇ ਨੇਤਾ ਕੋਈ ਅੰਦੋਲਨ ਆਰੰਭ ਦਿੰਦੇ ਹਨ। ਮਿਲਾਪ ਦੇ ਅਵਸਰ ਨਾ ਮਿਲਣ ਦੇ ਬਾਵਜੂਦ ਪ੍ਰੇਮੀ ਪ੍ਰਸੰਨ ਹੁੰਦੇ ਹਨ ਕਿਉਂਕਿ ਉਹ ਆਸਵੰਦ ਹੁੰਦੇ ਹਨ, ਪਰ ਪਤੀ ਬਣ ਕੇ ਉਹ ਵੀ ਅੱਕਣ ਲੱਗ ਪੈਂਦੇ ਹਨ। ਇਕ ਪੜਾਓ ਆ ਜਾਂਦਾ ਹੈ ਜਦੋਂ ਪਤੀ-ਪਤਨੀ ਵੱਖਰੇ-ਵੱਖਰੇ ਕਮਰੇ ਵਿਚ ਸੌਣ ਲੱਗ ਪੈਂਦੇ ਹਨ। ਮਾਵਾਂ ਦੇ ਲਾਡਲੇ, ਵਿਆਹ ਉਪਰੰਤ ਪਤਨੀ ਨਾਲੋਂ ਨਹੀਂ, ਮਾਂ ਨਾਲੋਂ ਵਿਛੋੜਾ ਭੁਗਤਦੇ ਹਨ। ਅੰਗਰੇਜ਼ੀ ਰਾਜ ਦੌਰਾਨ ਸੁਤੰਤਰਤਾ ਅੰਦੋਲਨ ਦੇ ਨਜ਼ਰਬੰਦ ਆਗੂ ਅਕੇਵੇਂ ਨੂੰ ਦੂਰ ਕਰਨ ਲਈ ਜੇਲ੍ਹ ਵਿਚ ਕਿਤਾਬਾਂ ਲਿਖਦੇ ਸਨ। ਅਜੋਕੇ ਮਨੁੱਖ ਵਿਚ ਸਭ ਕੁਝ ਬਣਿਆ-ਬਣਾਇਆ ਪ੍ਰਾਪਤ ਕਰਨ ਦੀ ਬਿਰਤੀ ਕਾਰਨ ਅਕੇਵਾਂ ਬਹੁਤ ਹੈ। ਲੌਕਡਾਊਨ ਤੋਂ ਪ੍ਰਾਪਤ ਹੋਇਆ ਅਨੁਭਵ ਸਾਡੇ ਸਮਾਗਮਾਂ, ਜਲਸਿਆਂ-ਜਲੂਸਾਂ, ਜਸ਼ਨਾਂ, ਮੇਲਿਆਂ, ਤਿਉਹਾਰਾਂ, ਪਾਰਟੀਆਂ, ਵਿਆਹਾਂ, ਭੋਗਾਂ ਆਦਿ ਸਭ ਦੇ ਸੁਭਾਅ ਨੂੰ ਬਦਲੇਗਾ। ਅਜੋਕੇ ਜੀਵਨ ਵਿਚ ਉਤੇਜਨਾ ਦੀ ਅਣਹੋਂਦ ਕਾਰਨ ਅਨੇਕਾਂ ਪੁੱਠੇ-ਸਿੱਧੇ ਅਤੇ ਹਾਸੋਹੀਣੇ ਕਾਰਜ ਕੀਤੇ ਜਾਂਦੇ ਹਨ। ਅਜੋਕੇ ਪਰਿਵਾਰਾਂ ਦੇ ਬੱਚੇ ਲਾਡ ਕਾਰਨ ਖਾਂਦੇ ਬਹੁਤ ਹਨ ਅਤੇ ਆਰਾਮ ਵਧੇਰੇ ਕਰਦੇ ਹਨ। ਕੋਈ ਕੰਮ ਨਾ ਕਰਨ ਕਰਕੇ ਦਿਮਾਗ਼ ਵਰਤਦੇ ਹੀ ਨਹੀਂ ਜਿਸ ਕਾਰਨ ਇਹ ਸੁਸਤ, ਢਿੱਲੜ ਅਤੇ ਮੋਟੇ ਹੋ ਜਾਂਦੇ ਹਨ ਅਤੇ ਸਮਾਜ-ਵਿਰੋਧੀ ਵਿਹਾਰ ਵਿਚ ਖਚਿਤ ਹੋ ਜਾਂਦੇ ਹਨ। ਜੇ ਕੁਝ ਕਰਨ ਲਈ ਨਾ ਹੋਵੇ ਤਾਂ ਮਾਨਸਿਕ ਖੜੋਤ, ਸੁਸਤੀ ਆਦਿ ਕਾਰਨ ਕੋਈ ਵੀ ਕੰਮ ਕਰਨ ਲਈ ਮਨ ਨਹੀਂ ਕਰੇਗਾ ਅਤੇ ਬੋਰੀਅਤ ਘੇਰ ਲਵੇਗੀ। ਬੋਰੀਅਤ ਸੁਸਤੀ ਨੂੰ, ਸੁਸਤੀ ਨੀਂਦਰ ਨੂੰ ਵਧਾਉਂਦੀ ਹੈ ਅਤੇ ਇਹ ਸਥਿਤੀ ਸਮੁੱਚੇ ਰੂਪ ਵਿਚ ਬੋਰੀਅਤ ਵਧਾਉਂਦੀ ਹੈ। ਬੋਰੀਅਤ ਹੁਣ ਇਕ ਵਿਸ਼ਵ-ਵਿਆਪੀ ਵਰਤਾਰਾ ਹੈ। ਬੋਰੀਅਤ, ਦਿਮਾਗ਼ੀ ਆਲਸ ਹੁੰਦਾ ਹੈ। ਇਸਤਰੀਆਂ ਨਾਲੋਂ ਪੁਰਸ਼ ਵਧੇਰੇ ਬੋਰ ਹੁੰਦੇ ਹਨ। ਸੇਵਾਮੁਕਤੀ ਉਪਰੰਤ ਬੋਰੀਅਤ ਵਿਅਕਤੀ ਨੂੰ ਘੇਰ ਲੈਂਦੀ ਹੈ ਅਤੇ ਚੌਕੀਦਾਰ ਵਾਂਗ ਅਜਿਹੇ ਵਿਅਕਤੀ ਦਾ ਵਕਤ ਗੁਜ਼ਰਦਾ ਹੀ ਨਹੀਂ। ਬੋਰੀਅਤ ਤੋਂ ਬਚਣ ਲਈ ਮਨੁੱਖ ਅਨੇਕਾਂ ਢੰਗ-ਤਰੀਕੇ ਵਰਤਦੇ ਹਨ। ਜੂਆ, ਤਾਸ਼, ਅਮਲ ਅਤੇ ਸ਼ਰਾਬ ਬੋਰੀਅਤ ਨਾਲ ਨਜਿੱਠਣ ਦੇ ਪੁਰਸ਼ਾਂ ਦੇ ਤਰੀਕੇ ਹਨ। ਉਂਜ ਕਿਹਾ ਜਾਂਦਾ ਹੈ ਕਿ ਕਿਸੇ ਚੀਜ਼ ਦਾ ਬਹੁਤ ਅਧਿਕ ਹੋਣਾ ਮਾੜਾ ਹੁੰਦਾ ਹੈ, ਪਰ ਸ਼ਰਾਬੀਆਂ ਲਈ ਸ਼ਰਾਬ ਕਦੇ ਏਨੀ ਹੁੰਦੀ ਹੀ ਨਹੀਂ ਕਿ ਇਹ ਮਾੜੀ ਹੋ ਜਾਵੇ। ਸ਼ਰਾਬੀਆਂ ਦੀ ਸੋਚ ਵੱਖਰੀ ਪੌੜੀ ਚੜ੍ਹ ਜਾਂਦੀ ਹੈ। ਸ਼ਰਾਬ ਦਾ ਇਕ ਸ਼ੌਕੀਨ ਬੋਤਲ ਲੈ ਕੇ ਮੋਟਰਸਾਈਕਲ 'ਤੇ ਜਾ ਰਿਹਾ ਸੀ, ਸੋਚਿਆ ਜੇ ਡਿੱਗ ਪਿਆ ਤਾਂ ਬੋਤਲ ਟੁੱਟ ਜਾਵੇਗੀ। ਮੋਟਰਸਾਈਕਲ ਰੋਕ ਕੇ ਉਸ ਨੇ ਸਾਰੀ ਬੋਤਲ ਪੀ ਲਈ। ਕਿਸੇ ਨੂੰ ਦੱਸ ਰਿਹਾ ਸੀ, "ਵੇਖੋ ਮੇਰਾ ਅਨੁਮਾਨ ਠੀਕ ਨਿਕਲਿਆ। ਮੋਟਰਸਾਈਕਲ ਤੋਂ ਤਿੰਨ ਵਾਰੀ ਡਿੱਗਿਆ।" ਲੌਕਡਾਊਨ ਦੌਰਾਨ ਸਭ ਤੋਂ ਵਧੇਰੇ ਹਾਲ-ਦੁਹਾਈ ਸ਼ਰਾਬੀਆਂ ਨੇ ਪਾਈ ਸੀ। ਸ਼ਰਾਬੀਆਂ ਦਾ ਦਿਨ ਤਾਂ ਲੰਘ ਜਾਂਦਾ ਹੈ, ਪਰ ਸ਼ਾਮ ਅਤੇ ਰਾਤ ਬਹੁਤ ਤੰਗ ਕਰਦੀ ਹੈ ਜਿਸ ਕਾਰਨ ਸ਼ਰਾਬੀ ਜਾਂ ਹੋਰ ਨਸ਼ੇ ਕਰਨ ਵਾਲੇ ਘਰਾਂ ਅੰਦਰ ਹਿੰਸਕ ਹੋ ਜਾਂਦੇ ਹਨ।

ਲੌਕਡਾਊਨ ਦੌਰਾਨ ਦੇਸ਼ ਅਤੇ ਸੰਸਾਰ ਕੇਵਲ ਮਾਨਸਿਕ ਬੋਰੀਅਤ ਵਿਚੋਂ ਹੀ ਨਹੀਂ ਲੰਘ ਰਿਹਾ ਸਗੋਂ ਡੂੰਘੇ ਵਿੱਤੀ ਸਦਮਿਆਂ ਵਿਚੋਂ ਵੀ ਗੁਜ਼ਰ ਰਿਹਾ ਹੈ। ਆਮਦਨ ਬੰਦ ਹੋਣ, ਆਵਾਜਾਈ ਵਸੀਲੇ ਰੁਕ ਜਾਣ, ਲੋਕ ਜਿੱਥੇ ਸਨ ਉੱਥੇ ਹੀ ਫਸ ਜਾਣ ਕਾਰਨ ਸਾਰਾ ਦੇਸ਼ ਅਜਿਹੀਆਂ ਮਾਨਸਿਕ ਉਲਝਣਾਂ ਵਿਚ ਲੰਘਿਆ ਹੈ ਜਿਨ੍ਹਾਂ ਦੇ ਚਰਚੇ ਲੰਮਾ ਅਰਸਾ ਹੁੰਦੇ ਰਹਿਣਗੇ। ਬੰਗਾਲ ਵਿਚ ਇਕ ਬਰਾਤ ਸੱਤਰ ਦਿਨ ਮਗਰੋਂ ਮੁੜੀ। ਦੇਸ਼ ਵੰਡ ਵੇਲੇ ਦੇ ਉਜੜੇ ਕਾਫ਼ਲਿਆਂ ਦੇ ਦੁਖਾਂਤ ਮੁੜ ਦੁਹਰਾਏ ਗਏ ਹਨ। ਜਿਹੜਾ ਜਿੱਥੇ ਸੀ ਉੱਥੇ ਹੀ ਫਸ ਗਿਆ, ਜਿਹੜਾ ਬੈਠਾ ਸੀ ਉੱਠ ਨਾ ਸਕਿਆ, ਜਿਹੜਾ ਖਲੋਤਾ ਸੀ ਉਹ ਜਾ ਨਾ ਸਕਿਆ, ਜਿਸ ਨੇ ਆਉਣਾ ਸੀ ਉਹ ਪਹੁੰਚ ਨਾ ਸਕਿਆ। ਕਿਰਾਏਦਾਰ ਕਿਰਾਇਆ ਨਾ ਦੇ ਸਕੇ, ਮਾਲਕਾਂ ਨੇ ਮਜ਼ਦੂਰਾਂ ਨੂੰ ਉਜਰਤ ਨਾ ਦਿੱਤੀ। ਲੱਖਾਂ ਮਜ਼ਦੂਰ ਭੁੱਖੇ-ਭਾਣੇ ਸੈਂਕੜੇ ਮੀਲ ਦੂਰ ਆਪਣੇ ਪਿੰਡਾਂ ਵੱਲ ਪੈਦਲ ਹੀ ਚੱਲ ਪਏ। ਅਨੇਕਾਂ ਰਸਤੇ ਵਿਚ ਹੀ ਮਰ ਗਏ। ਪੁਲੀਸ ਤੋਂ ਬਚਦੇ ਕਾਫ਼ਲੇ ਰੇਲ ਪਟੜੀ 'ਤੇ ਚਲਦੇ ਰਹੇ ਅਤੇ ਥੱਕ ਕੇ, ਪਟੜੀ ਨੂੰ ਅਣਵਰਤੀ ਸਮਝ ਕੇ ਉਸ ਉੱਤੇ ਹੀ ਸੌਂ ਗਏ ਅਤੇ ਰਾਤ ਨੂੰ ਮਾਲ ਗੱਡੀ ਦੇ ਪਹੀਏ ਉਨ੍ਹਾਂ ਦੀ ਜਾਨ ਲੈਣ ਆ ਗਏ। ਪਿੱਛੇ ਰਹਿ ਗਿਆਂ ਦਾ ਵੀ ਹਾਲ ਚੰਗਾ ਨਹੀਂ। ਦੋ ਮਹੀਨੇ ਮਗਰੋਂ ਜਦੋਂ ਇਕ ਕਰਿਆਨੇ ਵਾਲੇ ਨੇ ਦੁਕਾਨ ਖੋਲ੍ਹੀ ਤਾਂ ਦੁਕਾਨ ਵਿਚ ਸੱਪ ਹੀ ਸੱਪ ਵੇਖ ਕੇ ਉਹ ਦਹਿਸ਼ਤ ਨਾਲ ਹੀ ਮਰ ਗਿਆ। ਦੁਕਾਨ ਵਿਚ ਅਨਾਜ ਸੀ, ਅਨਾਜ ਕਾਰਨ ਚੂਹੇ ਆ ਗਏ ਅਤੇ ਚੂਹਿਆਂ ਕਾਰਨ ਸੱਪ ਆ ਗਏ।

ਸਾਰਾ ਦੇਸ਼ ਉਦਾਸ ਅਤੇ ਮਾਯੂਸ ਹੈ ਅਤੇ ਬੋਰੀਅਤ ਭੋਗ ਰਿਹਾ ਹੈ। ਪ੍ਰਸੰਨਤਾ ਗਾਇਬ ਹੈ, ਜ਼ਿੰਦਗੀ ਦਾ ਮੂੰਹ ਪਤਾ ਨਹੀਂ ਕਿਸ ਪਾਸੇ ਹੋ ਗਿਆ ਹੈ। ਲਗਾਤਾਰ ਘਰ ਅੰਦਰ ਬੰਦ ਰਹਿਣ ਦੀ ਮਜਬੂਰੀ ਨੇ ਹਰ ਕਿਸੇ ਨੂੰ ਬਿਮਾਰ ਕਰ ਦਿੱਤਾ ਹੈ। ਛੋਟੇ ਘਰਾਂ ਵਿਚ ਰਹਿਣ ਵਾਲੇ ਬਹੁਤ ਅਧਿਕ ਪ੍ਰੇਸ਼ਾਨ ਹਨ। ਮੌਤ ਨਹੀਂ, ਮੌਤ ਦਾ, ਮਰਨ ਦਾ ਡਰ ਪ੍ਰੇਸ਼ਾਨ ਕਰ ਰਿਹਾ ਹੈ। ਹਰ ਵੇਲੇ ਘਰਾਂ ਅੰਦਰ ਰਹਿਣ ਕਾਰਨ ਕੋਈ ਤਿਆਰ ਹੀ ਨਹੀਂ ਹੁੰਦਾ ਅਤੇ ਹਰ ਕੋਈ ਆਪਣੀ ਉਮਰ ਨਾਲੋਂ ਦਸ-ਬਾਰਾਂ ਸਾਲ ਵੱਧ ਉਮਰ ਦਾ ਲੱਗਣ ਪਿਆ ਹੈ। ਲਿਪਸਟਿਕ ਦੀ ਵਰਤੋਂ ਅਤੇ ਵਿਕਰੀ ਹਰ ਵੇਲੇ ਮਾਸਕ ਪਹਿਨਣ ਦੀ ਮਜਬੂਰੀ ਕਾਰਨ ਬੰਦ ਹੋ ਗਈ ਹੈ। ਕੋਈ ਕਿਸੇ ਦੇ ਘਰ ਜਾਂਦਾ ਨਹੀਂ ਅਤੇ ਕੋਈ ਚਾਹੁੰਦਾ ਵੀ ਨਹੀਂ ਕਿ ਕੋਈ ਆਵੇ। ਨਿਰਾਸਤਾ ਦੀ ਇਸ ਸਥਿਤੀ ਵਿਚੋਂ ਹਰ ਕੋਈ ਬਾਹਰ ਨਿਕਲਣਾ ਚਾਹੁੰਦਾ ਹੈ, ਪਰ ਰਾਹ ਨਹੀਂ ਲੱਭ ਰਿਹਾ। ਜ਼ਿੰਦਗੀ ਵਿਚੋਂ ਉਤਸ਼ਾਹ ਮੁੱਕ ਗਿਆ ਹੈ। ਸਥਿਤੀ ਨੂੰ ਸੁਧਾਰਨ ਲਈ ਰਲ ਕੇ ਹੰਭਲਾ ਮਾਰਨਾ ਪਏਗਾ। ਆਪਣਾ ਵਿਹਾਰ ਅਜਿਹਾ ਕਰਨਾ ਪਏਗਾ, ਜਿਸ ਨੂੰ ਹੋਰ ਹੀ ਨਹੀਂ ਤੁਹਾਡਾ ਪਰਿਵਾਰ ਵੀ ਪਸੰਦ ਕਰੇ। ਆਪਣੀ ਜ਼ਿੰਮੇਵਾਰੀ ਚੁੱਕੋ, ਆਪਣੇ ਪਰਿਵਾਰ ਦੀ ਜ਼ਿੰਮੇਵਾਰੀ ਚੁੱਕੋ। ਹਰ ਕਿਸੇ ਨੂੰ ਮਹਿਸੂਸ ਹੋਣਾ ਚਾਹੀਦਾ ਹੈ ਕਿ ਮੇਰਾ ਧਿਆਨ ਰੱਖਣ ਵਾਲਾ ਕੋਈ ਹੈ। ਤੁਹਾਡੇ ਹੱਥ ਉੱਚਾ ਕਰਨ ਨਾਲ ਲੋਕਾਂ ਦਾ ਹੌਸਲਾ ਚੁਬਾਰੇ ਚੜ੍ਹ ਜਾਣਾ ਚਾਹੀਦਾ ਹੈ। ਪ੍ਰੇਸ਼ਾਨ ਕਰਨ ਵਾਲੀਆਂ ਸਮੱਸਿਆਵਾਂ ਪਹਿਲਾਂ ਹੱਲ ਕਰੋ। ਅਸਫ਼ਲਤਾਵਾਂ ਯਾਦ ਕਰ-ਕਰ ਕੇ ਅਗਲੇਰੀ ਸਫ਼ਲਤਾ ਦਾ ਰਸਤਾ ਨਾ ਰੋਕੋ। ਚੰਗੇਰੇ ਭਵਿੱਖ ਵਿਚ ਵਿਸ਼ਵਾਸ ਨਾਲ ਬੋਰੀਅਤ ਵਿਚੋਂ ਉਵੇਂ ਰਾਹ ਨਿਕਲ ਆਵੇਗਾ ਜਿਵੇਂ ਹਨੇਰੀ ਸੁਰੰਗ ਵਿਚੋਂ ਵੇਖਿਆ ਰਾਹ ਦਿੱਸਣ ਲੱਗ ਪੈਂਦਾ ਹੈ। ਕੰਮ ਮੁਸ਼ਕਲ ਜ਼ਰੂਰ ਹੈ, ਪਰ ਅਸੰਭਵ ਨਹੀਂ। ਆਪਣਾ ਭਾਰ ਸਾਨੂੰ ਆਪ ਹੀ ਚੁੱਕਣਾ ਪਏਗਾ ਕਿਉਂਕਿ ਹਰੇਕ ਸਵਾਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੁੰਦੀ ਹੈ।

## .ਗ਼ਜ਼ਲ

ਕਸੀਦੇ ਹਾਕਮਾਂ ਦੇ ਗਾ ਰਹੇ ਨੇ!
ਉਹ ਸ਼ਾਇਰ ਫੇਰ ਵੀ ਅਖਵਾ ਰਹੇ ਨੇ!
ਪਰਿੰਦੇ ਰੋ ਰਹੇ, ਕੁਰਲਾ ਰਹੇ ਨੇ,
ਸ਼ਹਿਰ 'ਚੋਂ ਬਿਰਖ਼ ਕੱਟੇ ਜਾ ਰਹੇ ਨੇ!
ਮੁਸੱਲਸਲ ਸ਼ਹਿਰ ਦੀ ਇਹ ਰੁੱਤ ਕੈਸੀ,
ਕਿ ਸ਼ਾਇਰ ਏਸ ਤੋਂ ਉਕਤਾਅ ਰਹੇ ਨੇ!
ਉਨ੍ਹਾਂ ਦੀ ਨੀਤ ਸ਼ੱਕੀ ਜਾਪਦੀ ਹੈ,
ਜੁ ਚੋਗਾ ਪੰਛੀਆਂ ਨੂੰ ਪਾ ਰਹੇ ਨੇ!
ਉਨ੍ਹਾਂ ਪਰਵਾਜ਼ ਨੂੰ ਪਿੰਜਰੇ 'ਚ ਪਾਇਐ,
ਪਰਿੰਦੇ ਫੇਰ ਵੀ ਤਾਂ ਗਾ ਰਹੇ ਨੇ!
ਇਨ੍ਹਾਂ ਦੀ ਪੈੜ ਨਾ ਲੋਚੀ ਕਿਤੇ ਵੀ,
ਮੁਸਾਫ਼ਿਰ ਆ ਰਹੇ ਨੇ ਜਾ ਰਹੇ ਨੇ!

**ਤ੍ਰੈਲੋਚਨ ਲੋਚੀ**
ਸੰਪਰਕ: 98142-53315

# ਲੋਹੇ ਦਾ ਸੁਹਾਗਾ ਬੰਦਾ ਬਹਾਦਰ



ਗੁਲਜ਼ਾਰ ਸਿੰਘ ਸੰਧੂ

ਜਿਸ ਪੰਜਾਬੀ ਜੀਊੜੇ ਦਾ ਜ਼ਿਕਰ ਹੋਣ ਲੱਗਿਆ ਹੈ, ਉਹ ਅੱਧੀ ਦਰਜਨ ਨਾਵਾਂ ਨਾਲ ਜਾਣਿਆ ਜਾਂਦਾ ਹੈ। ਦਰਜਨ ਤੋਂ ਵੱਧ ਮੁਹਿੰਮਾਂ ਦਾ ਜੇਤੂ। ਲੋਕ ਮਨਾਂ ਵਿਚ ਉਸ ਦੇ ਜਨਮ ਸਥਾਨ ਵੀ ਘੱਟ ਨਹੀਂ। ਜੇ ਕੋਈ ਸਹਿਮਤੀ ਹੈ ਤਾਂ ਕੇਵਲ ਇਸ ਗੱਲ ਉੱਤੇ ਕਿ ਉਸ ਦਾ ਜਨਮ ਸੰਨ 1670 ਦੇ ਅਕਤੂਬਰ ਮਹੀਨੇ ਹੋਇਆ। ਏਥੇ ਵੀ ਇਕ ਧਿਰ ਇਹ ਤਿਥੀ 16 ਅਕਤੂਬਰ ਮੰਨਦੀ ਹੈ ਤੇ ਦੂਜੀ 27 ਅਕਤੂਬਰ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਤਾਬਕ 16 ਅਕਤੂਬਰ)। ਉਹ ਲਛਮਣ ਦਾਸ ਪੈਦਾ ਹੋਇਆ, ਫੇਰ ਮਾਧੋ ਦਾਸ ਤੋਂ ਮਾਧੋ ਦਾਸ ਬੈਰਾਗੀ ਅਤੇ ਉਸ ਪਿੱਛੋਂ ਬੰਦਾ ਬੈਰਾਗੀ ਤੋਂ ਬੰਦਾ ਬਹਾਦਰ ਤੇ ਬੰਦਾ ਸਿੰਘ ਬਹਾਦਰ ਬਣਿਆ। ਮੇਰੀ ਜਵਾਨੀ ਸਮੇਂ ਉਹ ਮੇਰੇ ਲਈ ਅਜਿਹਾ ਮਹਾਰਥੀ ਸੀ, ਜਿਸ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਲਿਤਾੜ ਕੇ ਸ਼ਹਿਰ ਦੀ ਇੱਟ ਨਾਲ ਇੱਟ ਖੜਕਾਈ ਸੀ। ਕਵੀਸ਼ਰਾਂ ਦੇ ਬੋਲਾਂ ਅਨੁਸਾਰ:

ਬੰਦਾ ਲੋਹੇ ਦਾ ਸੁਹਾਗਾ ਸੂਬਿਆ
ਤੇਰੀ ਦਿਊਗਾ ਓਇ ਅਲਖ ਮੁਕਾ

ਮੇਰੀ ਮੁਢਲੀ ਉਮਰ ਦੇ ਕਵੀਸ਼ਰਾਂ ਵੱਲੋਂ ਲੋਹੇ ਦਾ ਸੁਹਾਗਾ ਗਰਦਾਨੇ ਜਾਣ ਵਾਲੇ ਇਸ ਮਹਾਰਥੀ ਦੀਆਂ ਜਿੱਤਾਂ ਏਨੀਆਂ ਵਿਲੱਖਣ ਸਨ ਕਿ ਭਾਰਤ ਦੇ ਹਿੰਦੂ ਤੇ ਸਿੱਖ ਉਸ ਨੂੰ ਕੇਵਲ ਤੇ ਕੇਵਲ ਆਪਣਾ ਜਤਾਉਣ ਵਿਚ ਲੱਗੇ ਹੋਏ ਹਨ। ਮੇਰੇ ਸਾਹਮਣੇ ਐਸ.ਐਸ. ਛੀਨਾ ਦੀ ਪੁਸਤਕ ਪਈ ਹੈ, ਜਿਸ ਵਿਚ ਉਸ ਨੇ ਬੰਦੇ ਨੂੰ ਪਾਕਿ ਜੋਧਾ ਕਹਿ ਕੇ ਉਸ ਦਾ ਨਾਂ ਵੀ ਬੰਦਾ ਬੈਰਾਗੀ ਦੀ ਥਾਂ ਬੰਦਾ ਸਿੰਘ ਬੈਰਾਗੀ ਲਿਖਿਆ ਹੈ। ਹੋਰ ਵੀ ਬਹੁਤ ਸਾਰੇ ਸਿੱਖ ਉਸ ਦੇ ਨਾਂ ਨਾਲ ਸਿੰਘ ਲਾ ਕੇ ਖੁਸ਼ ਹੁੰਦੇ ਹਨ। ਇਹ ਤਾਂ ਸਾਰੇ ਮੰਨਦੇ ਹਨ ਕਿ ਉਸ ਨੂੰ ਉਸ ਸਮੇਂ ਦੇ ਜ਼ਾਲਮ ਮੁਗ਼ਲਾਂ ਤੋਂ ਛੋਟੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਪੰਜਾਬ ਭੇਜਣ ਵਾਲੇ ਗੁਰੂ ਗੋਬਿੰਦ ਸਿੰਘ ਸਨ, ਪਰ ਇਸ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਉਸ ਨੇ ਓਥੋਂ ਕੂਚ ਕਰਨ ਤੋਂ ਪਹਿਲਾਂ ਅੰਮ੍ਰਿਤ ਛਕਿਆ ਸੀ ਜਾਂ ਨਹੀਂ। ਜਦ ਕਿਸੇ ਹਸਤੀ ਦੀਆਂ ਪ੍ਰਾਪਤੀਆਂ ਬੰਦੇ ਵਰਗੀਆਂ ਉੱਘੀਆਂ ਹੋਣ ਤਾਂ ਹਰ ਕੋਈ ਉਸ ਨੂੰ ਆਪਣਾ ਕਹਿ ਕੇ ਮਾਣ ਕਰਦਾ ਹੈ। ਇਹ ਭਾਵਨਾ ਮੁੱਢ ਕਦੀਮੋਂ ਚਲੀ ਆਈ ਹੈ।

ਵਿਨਾਇਕ ਸਾਵਰਕਰ ਵੱਲੋਂ ਉਸ ਨੂੰ ਹਿੰਦੂ ਬੈਰਾਗੀ ਜਤਾਏ ਜਾਣ ਪਿੱਛੋਂ ਤਾਂ ਹਿੰਦੂ ਹਮਖ਼ਿਆਲਾਂ ਦੀ ਵੀ ਲਾਈਨ ਲੱਗ ਚੁੱਕੀ ਹੈ। ਮੋਹਿਆਲ ਬ੍ਰਾਹਮਣ ਭਾਈ ਪਰਮਾਨੰਦ ਨੇ, ਜੋ ਕਿ ਭਾਈ ਮਤੀ ਦਾਸ (ਸ਼ਹੀਦ) ਦੀ ਕੁੱਲ ਵਿਚੋਂ ਸੀ, ਵੀਰ ਬੰਦਾ ਬੈਰਾਗੀ ਨਾਂ ਦੀ ਇਕ ਪੂਰੀ-ਸੂਰੀ ਪੁਸਤਕ ਹੀ ਲਿਖ ਮਾਰੀ ਹੈ। ਪਿੱਛੋਂ ਜਾ ਕੇ ਲਾਲਾ ਲਾਜਪਤ ਰਾਏ ਤੇ ਕਈ ਹੋਰ ਹਿੰਦੂ ਮਹਾਸਭੀਆਂ ਨੇ ਵੀ ਉਸ ਦੇ ਹਿੰਦੂ ਹੋਣ ਦਾ ਸਮਰਥਨ ਕੀਤਾ ਹੈ। ਹੁਣ ਉਸ ਨੂੰ ਸੋਢੀ, ਕਪੂਰ ਤੇ ਮਰਵਾਹ ਖੱਤਰੀ ਵੀ ਆਪਣਾ ਕਹਿੰਦੇ ਹਨ ਤੇ ਰਾਜਸਥਾਨ ਦੇ ਰਾਜਪੂਤ ਤੇ ਪਹਾੜਾਂ ਦੇ ਗੁੱਜਰ ਵੀ। ਮੈਂ ਦੋ ਟੂਕਾਂ ਦੇ ਕੇ ਆਪਣੀ ਗੱਲ ਅੱਗੇ ਤੋਰਾਂਗਾ। ਪਹਿਲੀ ਬਰਤਾਨਵੀ ਇਤਿਹਾਸਕਾਰ ਐਮ.ਏ. ਮੈਕਾਲਫ ਦੀ ਹੈ, ਜਿਸ ਨੇ 16 ਸਾਲ ਦੀ ਖੋਜ ਦੇ ਆਧਾਰ ਉੱਤੇ ਛੇ ਜਿਲਦਾਂ ਵਿਚ ਸਿੱਖ ਧਰਮ ਦਾ ਇਤਿਹਾਸ ਲਿਖਿਆ। ਉਹ ਉਲਾਰ ਨਹੀਂ ਤੇ ਸੰਖੇਪ ਵੀ ਹੈ। ਉਹ ਲਿਖਦਾ ਹੈ, "ਬੰਦਾ ਜਿਸ ਦਾ ਮੁਢਲਾ ਨਾਂ ਲਛਮਣ ਦੇਵ ਸੀ, ਨਿਚਲੇ ਹਿਮਾਲਿਆ (ਸ਼ਿਵਾਲਿਕ) ਦੇ ਪਹਾੜੀ ਰਾਜ ਪੁਣਛ ਦੇ ਰਾਜੌਰੀ ਪਿੰਡ ਦੇ ਰਾਮ ਦੇਵ ਰਾਜਪੂਤ ਦਾ ਪੁੱਤਰ ਸੀ। ਭਗਵਾਂ ਭੇਸ ਧਾਰਨ ਕਰਨ ਤੋਂ ਪਹਿਲਾਂ ਉਹ ਖੇਤੀਬਾੜੀ ਕਰਦਾ ਸੀ। ਸ਼ੁਰੂ ਦੇ ਸਾਲਾਂ ਵਿਚ ਉਹ ਬੰਦੂਕ ਚਲਾਉਣ ਅਤੇ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। ਇਕ ਵੇਰਾਂ ਜਦੋਂ ਉਸ ਨੇ ਇੱਕ ਹਿਰਨੀ ਦਾ ਸ਼ਿਕਾਰ ਕੀਤਾ ਤਾਂ ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ। ਇਸ ਕਾਰੇ ਤੋਂ ਉਹ ਬਹੁਤ ਨਿਰਾਸ਼ ਹੋਇਆ। ਉਸ ਨੇ ਸੰਸਾਰ ਨੂੰ ਤਿਆਗ ਕੇ ਜਾਨਕੀ ਦਾਸ ਫ਼ਕੀਰ ਦਾ ਚੇਲਾ ਬਣਨ ਦਾ ਫ਼ੈਸਲਾ ਕਰ ਲਿਆ। ਫ਼ਕੀਰੀ ਵੇਸ ਵਿਚ ਭ੍ਰਮਣ ਕਰਦਾ-ਕਰਦਾ ਉਹ ਨਾਸਿਕ (ਮਹਾਰਾਸ਼ਟਰ), ਜਿੱਥੇ ਗੋਦਾਵਰੀ ਨਦੀ ਸ਼ੁਰੂ ਹੁੰਦੀ ਹੈ, ਪਹੁੰਚ ਗਿਆ। ਉੱਥੇ ਉਸ ਨੇ ਕੁੱਲੀ ਪਾ ਲਈ ਅਤੇ ਤਪੱਸਿਆ ਕਰਨ ਲੱਗਿਆ। ਉੱਥੇ ਲੂਣੀ ਨਾਂ ਦਾ ਇੱਕ ਜੋਗੀ ਅਚਾਨਕ ਉਸ ਕੋਲ ਆਇਆ ਅਤੇ ਉਸ ਨੇ ਮਾਧੋ ਦਾਸ ਨੂੰ ਯੋਗ ਅਤੇ ਜਾਦੂ-ਟੂਣੇ ਦੇ ਗਿਆਨ ਦੀ ਸਿੱਖਿਆ ਦਿੱਤੀ। ਇਸ ਗਿਆਨ ਦੀ ਪ੍ਰਾਪਤੀ ਅਤੇ ਇਸ ਵਿਚ ਕਮਾਲ ਹਾਸਲ ਕਰਨ ਤੋਂ ਬਾਅਦ ਉਹ ਗੋਦਾਵਰੀ ਨਦੀ ਦੇ ਨਾਲ-ਨਾਲ ਚੱਲਦਾ ਨਾਂਦੇੜ ਪਹੁੰਚ ਗਿਆ। ਉੱਥੇ ਉਹ ਇੱਕ ਅਜਿਹੇ ਸੰਤ ਦੇ ਰੂਪ ਵਿਚ ਮਸ਼ਹੂਰ ਹੋ ਗਿਆ, ਜਿਸ ਦੇ ਵਸ ਵਿਚ ਅਧਿਆਤਮਕ ਅਤੇ ਦੁਨਿਆਵੀ ਦੋਵੇਂ ਸ਼ਕਤੀਆਂ ਸਨ। ਉਹ ਗੋਦਾਵਰੀ ਦੇ ਕੰਢੇ ਇਕ ਟਿੱਲੇ 'ਤੇ ਬੈਠ ਕੇ ਧਿਆਨ ਸਾਧਨਾ ਕਰਦਾ ਅਤੇ ਗਾਹੇ- ਬਗਾਹੇ ਜਦੋਂ ਗੋਦਾਵਰੀ ਵੱਲ ਦੇਖਦਾ ਤਾਂ ਉਸ ਨੂੰ ਇੰਝ ਲਗਦਾ ਜਿਵੇਂ ਗੋਦਾਵਰੀ ਅਤਿ ਢਿੱਲੀ ਰਫ਼ਤਾਰ ਨਾਲ ਵਗ ਰਹੀ ਹੋਵੇ ਅਤੇ ਉਸ ਦਾ ਮਨ ਸਮੁੰਦਰ ਵਿਚ ਖੋ ਜਾਣ ਨੂੰ ਨਾ ਕਰਦਾ ਹੋਵੇ।

ਸੰਨ 1707 ਦੇ ਦੇ ਸਾਉਣ ਮਹੀਨੇ (ਜੁਲਾਈ-ਅਗਸਤ) ਗੁਰੂ ਜੀ (ਗੋਬਿੰਦ ਸਿੰਘ) ਨਾਂਦੇੜ ਪਹੁੰਚੇ ਤਾਂ ਉਨ੍ਹਾਂ ਨਾਲ ਦੋ-ਤਿੰਨ ਸੌ ਘੋੜ ਸਵਾਰ ਸੈਨਿਕ ਅਤੇ ਕੁਝ ਪੈਦਲ ਸੈਨਿਕ ਵੀ ਸਨ। ਗੁਰੂ ਜੀ ਜਦੋਂ ਮਾਧੋ ਦਾਸ ਬੈਰਾਗੀ ਦੇ ਡੇਰੇ 'ਤੇ ਪਹੁੰਚੇ ਤਾਂ ਬੈਰਾਗੀ ਉੱਥੇ ਨਹੀਂ ਸੀ। ਗੁਰੂ ਜੀ ਨੇ ਜਦੋਂ ਇਹ ਸੁਣਿਆ ਕਿ ਮਾਧੋ ਦਾਸ ਕੋਲ ਅਜਿਹੀ ਅਦਭੁਤ ਜਾਦੂਈ ਸ਼ਕਤੀ ਹੈ ਕਿ ਜਿਹੜਾ ਵੀ ਉਸ ਦੀ ਗੱਦੀ 'ਤੇ ਬੈਠ ਜਾਵੇ, ਉਸ ਨੂੰ ਉਹ ਉਲਟਾ ਦਿੰਦਾ ਹੈ ਤਾਂ ਉਹ ਉਥੇ ਗਏ। ਬੈਰਾਗੀ ਪੜਤਾਲ ਲਈ ਉਥੇ ਪਹੁੰਚਿਆ। ਬੈਰਾਗੀ ਨੇ ਕਿਹਾ ਕਿ ਇਹ ਗੱਦੀ ਪਹਿਲਾਂ ਉਸ ਦੀ ਗੁਰੂ ਦੀ ਸੀ। ਗੁਰੂ ਜੀ ਨੇ ਜਵਾਬ ਦਿੱਤਾ ਕਿ ਉਹ ਨਾਂਦੇੜ ਤੋਂ ਥੱਕੇ ਹੋਏ ਆਏ ਸਨ ਅਤੇ ਜਦੋਂ ਉਨ੍ਹਾਂ ਨੂੰ ਉਸ ਦੀ ਉਦਾਰਤਾ, ਪ੍ਰੇਮ ਅਤੇ ਪ੍ਰਾਹੁਣਚਾਰੀ ਵਾਲੇ ਸੁਭਾਅ ਦਾ ਪਤਾ ਲੱਗਿਆ ਤਾਂ ਉਨ੍ਹਾਂ ਉਸ ਦੇ ਇਨ੍ਹਾਂ ਚੰਗੇ ਗੁਣਾਂ ਨੂੰ ਪਰਖਣ ਦਾ ਮਨ ਬਣਾ ਲਿਆ। ਬੈਰਾਗੀ ਗੁਰੂ ਜੀ ਦੀ ਇਸ ਗੱਲਬਾਤ ਤੋਂ ਸੰਤੁਸ਼ਟ ਹੋ ਗਿਆ ਅਤੇ ਉਨ੍ਹਾਂ ਦੀ ਗੱਲਬਾਤ ਅਤੇ ਵਿਹਾਰ ਤੋਂ ਇਹ ਵੀ ਜਾਣ ਗਿਆ ਕਿ ਉਹ ਕੋਈ ਮਹਾਨ ਆਤਮਾ ਹੈ। ਬੈਰਾਗੀ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਉਹ ਤਾਂ ਉਨ੍ਹਾਂ ਦਾ ਬੰਦਾ ਹੈ। ਫਿਰ ਇਹੀ ਨਾਂ ਉਸ ਨਾਲ ਹਮੇਸ਼ਾ ਲਈ ਜੁੜ ਗਿਆ ਅਤੇ ਉਹ ਇਸੇ ਨਾਂ ਨਾਲ ਜਾਣਿਆ ਜਾਣ ਲੱਗਿਆ।"

ਦੂਜੀ ਟੂਕ ਦਾ ਪ੍ਰਸੰਗ ਬੰਦਾ ਬਹਾਦਰ ਦੇ ਬੇਟੇ ਰਣਜੀਤ ਸਿੰਘ ਦੇ ਦੇਹਾਂਤ ਨਾਲ ਜੁੜਦਾ ਹੈ। ਜਦ ਉਸ ਦੀ ਪਤਨੀ ਰਾਮ ਦੇਵੀ ਆਪਣੇ ਪਤੀ ਦੇ ਫੁੱਲ ਹਰਿਦੁਆਰ ਜਲ ਪਰਵਾਹ ਕਰਨ ਗਈ ਤਾਂ ਉੱਥੇ ਜਗਤ ਰਾਮ ਨਾਂ ਦੇ ਪਾਂਡੇ ਨੇ ਆਪਣੀ ਬਹੀ ਵਿਚ ਇੰਦਰਾਜ ਦਰਜ ਕਰਨ ਲਈ ਮਰਨ ਵਾਲੇ ਦੀ ਜਾਤ, ਗੋਤ ਤੇ ਕੁਨਬਾ ਪੁੱਛਿਆ। ਰਾਮ ਦੇਵੀ ਨੇ ਦੱਸਿਆ ਕਿ ਮਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਦਾ ਪੁੱਤਰ ਸੀ, ਜੋ ਕਿ ਸੋਢੀ ਵੰਸ਼ ਦੇ ਗੁਰੂ ਗੋਬਿੰਦ ਸਿੰਘ ਦਾ ਸਪੁੱਤਰ ਸੀ। ਇਹ ਸੁਣ ਕੇ ਪਾਂਡਾ ਹੈਰਾਨ ਹੋ ਕੇ ਆਖਣ ਲੱਗਿਆ, ਗੁਰੂ ਗੋਬਿੰਦ ਸਿੰਘ ਦੇ ਤਾਂ ਕੇਵਲ ਚਾਰ ਪੁੱਤਰ ਸਨ। ਇਹ ਪੰਜਵਾਂ ਪੁੱਤਰ ਕਿੱਥੋਂ ਆ ਗਿਆ। ਮਾਤਾ ਜੀ ਨੇ ਸਹਿਜ ਨਾਲ ਆਖਿਆ, ਜੋ ਮੈਂ ਆਖਿਆ ਹੈ ਸੋਈ ਲਿਖੋ। ਉਸ ਅੱਗੇ ਕਿਹਾ ਕਿ ਗੁਰੂ ਜੀ ਦੇ ਘਰ ਸਰੀਰਕ ਸਬੰਧ ਨਾਲ ਚਾਰ ਪੁੱਤਰ ਜਨਮੇ ਸਨ, ਪਰ ਇਹ ਪੰਜਵਾਂ ਉਨ੍ਹਾਂ ਦਾ ਧਰਮ ਪੁੱਤਰ ਸੀ। ਇਹੀ ਤੱਥ ਪਾਂਡੇ ਦੀ ਬਹੀ ਵਿਚ ਲਿਖੇ ਮਿਲਦੇ ਹਨ।

ਬੰਦਾ ਬਹਾਦਰ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਮੇਰੇ ਕੋਲ ਇਕ ਖੋਜ ਭਰੀ ਪੁਸਤਕ ਵੀ ਹੈ, ਜਿਸ ਦਾ ਰਚੇਤਾ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਐਮ.ਐਸ. (ਮਨੋਹਰ ਸਿੰਘ) ਚਾਂਦਲਾ ਹੈ। ਉਸ ਨੇ ਉਹ ਥਾਵਾਂ ਹੀ ਨਹੀਂ ਤੱਕੀਆਂ, ਜਿੱਥੇ ਬੰਦੇ ਨੇ ਲੜਾਈਆਂ ਲੜੀਆਂ ਸਗੋਂ ਉਹ ਸਭ ਰਚਨਾਵਾਂ ਵੀ ਪੜ੍ਹੀਆਂ ਹਨ, ਜਿਨ੍ਹਾਂ ਵਿਚ ਬੰਦੇ ਦੇ ਵਿਅਕਤੀਤਵ ਤੇ ਪ੍ਰਾਪਤੀਆਂ ਦਾ ਹਾਲ ਦਰਜ ਹੈ। ਉਸ ਨੇ ਬੰਦੇ ਦੀਆਂ ਜਿੱਤਾਂ ਨਾਲੋਂ ਉਸ ਦੇ ਚਰਿੱਤਰ ਨੂੰ ਉਘਾੜਨ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਸ ਦੀ ਧਾਰਨਾ ਹੈ ਕਿ ਬੰਦਾ ਬਹਾਦਰ ਅਖੌਤੀ ਨੀਵੀਂ ਜਾਤੀ ਵਿਚੋਂ ਸੀ, ਜਿਸ ਨੂੰ ਗੁੱਜਰ ਕਹਿੰਦੇ ਹਨ। ਉਸ ਦੀ ਸਰੀਰਕ ਬਣਤਰ ਗੁੱਜਰਾਂ ਵਰਗੀ ਸੀ। ਉਹ ਇੰਨਾ ਚੁਸਤ ਅਤੇ ਫ਼ੁਰਤੀਲਾ ਸੀ ਕਿ ਲੜਾਈ ਦੇ ਮੈਦਾਨ ਵਿਚ ਆਪਣੇ ਤੋਂ ਬਹੁਤ ਤਕੜੇ ਬੰਦੇ ਨੂੰ ਵੀ ਆਪਣੇ ਨੇੜੇ ਨਹੀਂ ਸੀ ਫਟਕਣ ਦਿੰਦਾ। ਉਹ ਇਕ ਤਕੜਾ ਨਿਸ਼ਾਨਚੀ ਸੀ ਅਤੇ ਤੋੜੇਦਾਰ ਬੰਦੂਕ ਉਸ ਦਾ ਪਸੰਦੀਦਾ ਹਥਿਆਰ ਸੀ। ਉਹ ਅਜਿਹਾ ਘੋੜਸਵਾਰ ਸੀ ਕਿ ਕਈ ਦਿਨਾਂ ਤੱਕ ਬਿਨਾਂ ਥੱਕਿਆਂ ਘੋੜੇ 'ਤੇ ਸਵਾਰੀ ਕਰ ਸਕਦਾ ਸੀ।

ਬੰਦੇ ਵੱਲੋਂ ਮੁਗ਼ਲ ਸਲਤਨਤ ਵਿਰੁੱਧ ਪੰਜਾਬ ਵਿਚ ਆਪਣਾ ਸੰਘਰਸ਼ ਪਹਾੜਾਂ ਤੋਂ ਸ਼ੁਰੂ ਕਰਨਾ ਵੀ ਇਕ ਸੋਚਿਆ ਸਮਝਿਆ ਕਦਮ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਦਰਿਆ ਜਮਨਾ ਦੇ ਪਾਰ ਅਤੇ ਇਸ ਦੇ ਕੰਢਿਆਂ 'ਤੇ ਸਹਾਰਨਪੁਰ ਜ਼ਿਲ੍ਹੇ ਵਿਚ ਅਤੇ ਜਗਾਧਰੀ ਅਤੇ ਬੂੜੀਆਂ ਦੇ ਨੇੜੇ-ਤੇੜੇ ਗੁੱਜਰ ਵੱਡੀ ਗਿਣਤੀ ਵਿਚ ਆਬਾਦ ਸਨ। ਉਹ ਗੁੱਜਰਾਂ ਦੀ ਵਿਸ਼ੇਸ਼ ਭਾਸ਼ਾ ਗੋਜਰੀ ਦੇ ਅਜਿਹੇ ਸ਼ਬਦ ਜਾਣਦਾ ਸੀ, ਜਿਨ੍ਹਾਂ ਨੂੰ ਗੁੱਜਰਾਂ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਸਮਝ ਸਕਦਾ।

ਐਮ.ਐਸ. ਚਾਂਦਲਾ ਦੀ ਇਸ ਧਾਰਨਾ ਵਿਚ ਵੀ ਦਮ ਹੈ ਕਿ ਬੰਦੇ ਨੇ ਗੁੱਜਰ ਬਹੁ-ਗਿਣਤੀ ਵਾਲੇ ਸ਼ਿਵਾਲਿਕ ਦੇ ਇਲਾਕੇ ਵਿਚ ਇਕ ਸਿੱਧੀ ਪਹਾੜੀ ਉੱਤੇ ਬਣੇ ਮੁਖਲਿਸਗੜ੍ਹ ਦੇ ਕਿਲ੍ਹੇ ਨੂੰ ਆਪਣੀ ਰਾਜਧਾਨੀ ਬਣਾ ਕੇ ਉਸ ਦਾ ਨਾਂ ਲੋਹਗੜ੍ਹ ਰੱਖ ਲਿਆ ਸੀ। ਇਹ ਵੀ ਜਦੋਂ ਮੁਗ਼ਲ ਫ਼ੌਜਾਂ ਦਾ ਦਬਾਅ ਵਧ ਜਾਂਦਾ ਸੀ ਤਾਂ ਉਹ ਪਿੱਛੇ ਹਟ ਕੇ ਸਿਰਮੌਰ, ਗੜ੍ਹਵਾਲ, ਜੰਮੂ ਆਦਿ ਦੇ ਪਰਬਤਾਂ ਵਿਚ ਲੋਪ ਹੋ ਜਾਂਦਾ ਸੀ। ਚੇਤੇ ਰਹੇ ਕਿ ਉਸ ਦੀਆਂ ਛੋਟੀਆਂ-ਵੱਡੀਆਂ ਲੜਾਈਆਂ ਨਾਂਦੇੜ ਤੋਂ ਦਿੱਲੀ ਅਤੇ ਰਾਜਸਥਾਨ ਰਾਹੀਂ ਲੰਘ ਕੇ ਸੋਨੀਪਤ, ਸਮਾਣਾ, ਕੈਥਲ, ਮੁਸਤਫ਼ਾਬਾਦ, ਕਪੂਰੀ, ਸਢੌਰਾ, ਛੱਤ, ਚਮਕੌਰ ਸਾਹਿਬ, ਸਰਹਿੰਦ, ਘੁਡਾਣੀ, ਪਾਇਲ, ਦਿਉਬੰਦ, ਚਲਾਲਾਬਾਦ, ਨਨੌਤਾ, ਬਟਾਲਾ, ਪਠਾਨਕੋਟ, ਕਲਾਨੌਰ, ਗੁਰਦਾਸਪੁਰ, ਰਾਹੋਂ ਤੇ ਸੁਲਤਾਨਪੁਰ ਲੋਧੀ ਤੱਕ ਹੀ ਸੀਮਤ ਨਹੀਂ ਸਨ। ਇਨ੍ਹਾਂ ਵਿਚ ਕਾਹਨੂੰਵਾਨ, ਮੰਡੀ ਤੇ ਚੰਬਾ ਵੀ ਸ਼ਾਮਲ ਸੀ। ਪਰ ਖਾਨਾਬਦੋਸ਼ ਤੇ ਗੁੱਜਰ ਬਿਰਤੀ ਦਾ ਮਾਲਕ ਹੋਣ ਕਾਰਨ ਉਸ ਨੇ ਕਿਸੇ ਵੀ ਖੇਤਰ ਜਾਂ ਪਰਗਣੇ ਉੱਤੇ ਆਪਣਾ ਹੱਕ ਨਹੀਂ ਜਮਾਇਆ, ਸਗੋਂ ਹਰ ਥਾਂ ਆਪਣੇ ਵੱਲੋਂ ਕਿਸੇ ਨਾ ਕਿਸੇ ਨੂੰ ਫ਼ੌਜਦਾਰ ਬਣਾ ਕੇ ਅੱਗੇ ਵਧਦਾ ਗਿਆ।

ਆਮ ਧਾਰਨਾ ਵੀ ਇਹੀਓ ਹੈ ਕਿ ਬੰਦਾ ਬਹਾਦਰ ਨੂੰ ਅੱਗੇ ਤੋਂ ਅੱਗੇ ਤੋਰੀ ਰੱਖਣ ਵਿਚ ਤਿੰਨ ਤਰ੍ਹਾਂ ਦੇ ਲੋਕਾਂ ਦਾ ਹੱਥ ਸੀ। ਉਸ ਦੇ ਅਨਿਨ ਭਗਤ ਸਭ ਤੋਂ ਅੱਗੇ ਹੁੰਦੇ ਸਨ, ਜਿਹੜੇ ਉਹਦੇ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਉਤਸੁਕ ਸਨ। ਉਨ੍ਹਾਂ ਵਾਂਗ ਹੀ ਤਤਪਰ ਉਹ ਲੋਕ ਸਨ, ਜਿਨ੍ਹਾਂ ਨੂੰ ਬੰਦਾ ਤਨਖਾਹਾਂ ਤੇ ਸਹੂਲਤਾਂ ਦਿੰਦਾ ਸੀ। ਕੁਝ ਅਜਿਹੇ ਲੋਕਾਂ ਦੇ ਨਾਲ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਦਾ ਮੂਲ ਮੰਤਵ ਕੇਵਲ ਤੇ ਕੇਵਲ ਲੁੱਟ-ਮਾਰ ਤੇ ਮਾਰ-ਧਾੜ ਹੋਵੇ।

ਕੁਝ ਵੀ ਹੋਵੇ ਐਮ.ਐਸ. ਚਾਂਦਲਾ ਦਾ ਮੱਤ ਹੈ ਕਿ ਸਾਨੂੰ ਬੰਦਾ ਬਹਾਦਰ ਦੇ ਜੀਵਨ ਤੇ ਪ੍ਰਾਪਤੀਆਂ ਨੂੰ ਜਾਤੀ ਤੇ ਧਾਰਮਿਕ ਸੀਮਾਵਾਂ ਵਿਚ ਸੀਮਤ ਕਰਨ ਦੀ ਥਾਂ ਤੇ ਸੰਕੀਰਣ ਦ੍ਰਿਸ਼ਟੀ ਤੋਂ ਉੱਚਾ ਉੱਠ ਕੇ ਵੇਖਣ ਦੀ ਲੋੜ ਹੈ। "ਬੰਦਾ ਅਜਿਹੇ ਉੱਚੇ ਧਰਾਤਲ 'ਤੇ ਬਿਰਾਜਮਾਨ ਹੈ, ਜਿੱਥੇ ਅਜਿਹੀਆਂ ਧਾਰਨਾਵਾਂ ਨਿਗੂਣੀਆਂ ਹੋ ਜਾਂਦੀਆਂ ਹਨ। ਚੜ੍ਹਦੀ ਜਵਾਨੀ ਦੇ ਦਿਨਾਂ ਤੋਂ ਹੀ ਉਸ ਦੀ ਤੀਬਰ ਲਾਲਸਾ, (ਭਾਵੇਂ ਉਹ ਕਿੱਥੇ ਵੀ ਅਤੇ ਕਿਵੇਂ ਵੀ ਰਿਹਾ) ਅਜਿਹਾ ਜੀਵਨ ਜਿਊਣ ਅਤੇ ਅਜਿਹੀ ਭਿਅੰਕਰ ਮੌਤ ਮਰਨ ਦੀ ਸੀ, ਜਿਸ ਦੀਆਂ ਕਿ ਆਉਣ ਵਾਲੀਆਂ ਨਸਲਾਂ ਵਾਰਾਂ ਗਾਉਣ ਅਤੇ ਉਹ ਆਪਣੇ ਦੇਸ਼ ਵਾਸੀਆਂ ਦੇ ਮਨਾਂ ਵਿਚ ਅਮਰ ਹੋ ਜਾਵੇ। ਆਪਣੇ ਜੀਵਨ ਦੇ ਸ਼ੁਰੂ ਤੋਂ ਹੀ ਬਹੁਤ ਦੁਖ ਤਕਲੀਫ਼ਾਂ ਦਾ ਸਾਹਮਣਾ ਕਰਨ ਕਰਕੇ ਉਹ ਆਪਣੇ ਬਾਅਦ ਦੇ ਜੀਵਨ ਵਿਚ ਸਰੀਰਕ ਦੁਖਾਂ ਅਤੇ ਮਾਨਸਿਕ ਕਸ਼ਟਾਂ ਤੋਂ ਉਪਰ ਉੱਠ ਗਿਆ ਸੀ। ਇਸੇ ਗੁਣ ਕਾਰਨ ਉਹ ਆਪਣੀ ਜ਼ਿੰਦਗੀ ਦੇ ਖੁਦ ਵੱਲੋਂ ਹੀ ਨਿਰਧਾਰਤ ਮਿਸ਼ਨ ਦੀ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ।

ਬੰਦਾ ਬਹਾਦਰ ਇਤਿਹਾਸ ਘਾੜਾ ਬਣਨਾ ਚਾਹੁੰਦਾ ਸੀ। ਇੱਕ ਚਟਾਨੀ ਇਰਾਦੇ ਵਾਲਾ ਸੱਚਾ ਸਮਾਜਵਾਦੀ। ਉਸ ਦੀ ਹਮਦਰਦੀ ਉਨ੍ਹਾਂ ਮਿਹਨਤਕਸ਼ ਮਜ਼ਦੂਰ ਜਮਾਤਾਂ ਨਾਲ ਸੀ, ਜਿਨ੍ਹਾਂ ਨੂੰ ਉੱਚ ਸ਼੍ਰੇਣੀ ਲੋਕਾਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਲੁੱਟਿਆ ਜਾਂਦਾ ਸੀ। ਅਜਿਹੇ ਲੋਕਾਂ ਦੇ ਦੁਖ ਹਰਨ ਲਈ ਅਤੇ ਉਨ੍ਹਾਂ ਵਿਚ ਸਵੈ-ਮਾਣ ਅਤੇ ਗੌਰਵ ਭਰਨ ਦੇ ਉਸ ਨੇ ਭਰਪੂਰ ਯਤਨ ਕੀਤੇ।"

ਖੂਬੀ ਇਹ ਕਿ ਕੋਈ ਵੀ ਇਲਾਕਾ ਫ਼ਤਹਿ ਕਰਨ ਉਪਰੰਤ ਉਸ ਨੇ ਪਿੰਡਾਂ ਤੇ ਕਸਬਿਆਂ ਵਿਚ ਫ਼ੌਜਦਾਰ ਤੇ ਅਧਿਕਾਰੀ ਨਿਯੁਕਤ ਕਰਨ ਸਮੇਂ ਉਸ ਵਿਅਕਤੀ ਦੀ ਜਾਤ-ਪਾਤ, ਕੌਮ ਅਤੇ ਕੁਨਬੇ ਨੂੰ ਕੋਈ ਮਹੱਤਵ ਨਹੀਂ ਦਿੱਤਾ। ਉਹਦੇ ਲਈ ਉਸ ਵਿਅਕਤੀ ਦੀ ਖ਼ਾਲਸਾ ਪੰਥ ਪ੍ਰਤੀ ਵਫ਼ਾਦਾਰੀ ਅਤੇ ਸਭ ਨਾਲ ਬਰਾਬਰੀ ਵਾਲੇ ਸਲੂਕ ਦੀ ਸਹੁੰ ਹੀ ਮੁੱਖ ਯੋਗਤਾਵਾਂ ਸਨ। ਅਖੌਤੀ ਨੀਵੀਆਂ ਜਾਤਾਂ ਦੇ ਗ਼ਰੀਬ ਤੋਂ ਗ਼ਰੀਬ ਵਿਅਕਤੀਆਂ ਨੂੰ ਵੀ ਸਰਦਾਰੀਆਂ ਬਖ਼ਸ਼ੀਆਂ ਗਈਆਂ ਅਤੇ ਜਿਉਂ ਹੀ ਕਿਸੇ ਅਜਿਹੀ ਨਿਯੁਕਤੀ ਦੀ ਸਨਦ ਜਾਰੀ ਹੁੰਦੀ, ਸਭ ਵੱਡੇ-ਛੋਟੇ ਲਈ ਨਿਯੁਕਤ ਕੀਤੇ ਵਿਅਕਤੀ ਦਾ ਹੁਕਮ ਮੰਨਣਾ ਲਾਜ਼ਮੀ ਬਣ ਜਾਂਦਾ।

ਬੰਦਾ ਬਹਾਦਰ ਦੀਆਂ ਸੇਧਾਂ ਤੇ ਸਿਧਾਂਤ ਥੋੜ੍ਹ ਚਿਰੇ ਤੇ ਵਕਤੀ ਤਾਂ ਸਾਬਤ ਹੋਏ, ਪਰ ਐਮ.ਐਸ. ਚਾਂਦਲਾ ਅਨੁਸਾਰ ਪੰਜਾਬ ਦੇ ਕਿਰਸਾਨੀ ਵਿਦਰੋਹ ਨੂੰ ਜੋ ਦਿਸ਼ਾ ਅਤੇ ਦਸ਼ਾ ਉਸ ਨੇ ਦਿੱਤੀ, ਉਸ ਨਾਲ ਕਿਰਸਾਨਾਂ ਦੇ ਮਨਾਂ ਅੰਦਰ ਰਾਜ ਪ੍ਰਾਪਤੀ ਦੀ ਇੱਕ ਅਜਿਹੀ ਚਿੰਗਾੜੀ ਨੇ ਜਨਮ ਲਿਆ, ਜਿਸ ਨੂੰ ਮੁਗ਼ਲ ਹਕੂਮਤ ਦਾ ਜ਼ੁਲਮ ਵੀ ਬੁਝਾ ਨਾ ਸਕਿਆ। ਸਿੱਖਾਂ ਦੇ ਮੂੰਹ ਤਾਕਤ ਦਾ ਨਸ਼ਾ ਲੱਗ ਗਿਆ ਅਤੇ ਉਹ ਹੁਣ ਗ਼ੁਲਾਮੀ ਦਾ ਜੀਵਨ ਜਿਉਣ ਲਈ ਤਿਆਰ ਨਹੀਂ ਸਨ।

ਭਾਵੇਂ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਪਿੱਛੋਂ ਮੁਗ਼ਲ ਹਾਕਮਾਂ ਨੇ ਆਪਣੀ ਚੌਧਰ ਮੁੜ ਸਥਾਪਤ ਕਰਨ ਲਈ ਪੰਜਾਬ ਵਿਚ ਉੱਠੇ ਕਿਸਾਨ ਵਿਦਰੋਹ ਨੂੰ ਕੁਚਲ ਦਿੱਤਾ, ਪਰ ਜਿਉਂ ਹੀ ਨਾਦਿਰ ਸ਼ਾਹ ਅਤੇ ਉਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉੱਤੇ ਹੱਲੇ ਕਰ ਕੇ ਮੁਗ਼ਲ ਹਕੂਮਤ ਨੂੰ ਲਗਪਗ ਖ਼ਤਮ ਕਰ ਦਿੱਤਾ, ਸਿੱਖ ਇੱਕ ਤਰੋ-ਤਾਜ਼ਾ ਸ਼ਕਤੀ ਨਾਲ ਮੁੜ ਉੱਠੇ ਅਤੇ ਉਨ੍ਹਾਂ ਮੁਗ਼ਲਾਂ ਦੇ ਉੱਤਰ ਅਧਿਕਾਰੀਆਂ ਕੋਲੋਂ ਤਾਕਤ ਖੋਹ ਕੇ ਸਾਂਝਾ ਸਿੱਖ ਰਾਜ ਸਥਾਪਤ ਕਰ ਲਿਆ।

ਪਰ ਇਹ ਤਾਂ ਹੀ ਹੋ ਸਕਿਆ ਜੇ ਬੰਦੇ ਨੇ ਸਿੱਖਾਂ ਦੇ ਮਨਾਂ ਅੰਦਰ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਕਰਕੇ ਇਸ ਦਾ ਸਵਾਦ ਉਨ੍ਹਾਂ ਨੂੰ ਚਖਾ ਦਿੱਤਾ ਸੀ। ਇਹ ਵੀ ਸਿਖਾ ਦਿੱਤਾ ਕਿ ਕਿਵੇਂ ਖ਼ੂਨ ਦੇ ਦਰਿਆ ਤਰ ਕੇ ਆਪਣੀ ਹੋਣੀ ਦੇ ਆਪ ਮਾਲਕ ਬਣੀਦਾ ਹੈ। ਮਹਾਰਾਜਾ ਰਣਜੀਤ ਸਿੰਘ ਵੱਲੋਂ ਇੱਕ ਸੁਤੰਤਰ ਸਰਕਾਰੀ ਜ਼ੁਬਾਨ ਫ਼ਾਰਸੀ ਵਾਲਾ ਸਿੱਖ ਰਾਜ ਸਥਾਪਤ ਕਰਨਾ ਇਸ ਜਾਗ੍ਰਿਤੀ ਦੀ ਸਿਖਰ ਸੀ।

ਸ਼ਾਂਤੀ-ਕਾਲ ਹੋਵੇ ਜਾਂ ਯੁੱਧ-ਕਾਲ, ਰਾਜ ਕਰੇਗਾ ਖ਼ਾਲਸਾ ਦੀ ਅਭਿਲਾਸ਼ਾ ਨੂੰ ਬੰਦਾ ਬਹਾਦਰ ਨੇ ਬਲ ਵੀ ਪ੍ਰਦਾਨ ਕੀਤਾ ਤੇ ਦਿਸ਼ਾ ਵੀ। ਕਵੀਸ਼ਰ ਸੱਚ ਕਹਿੰਦੇ ਹਨ, ਉਹ ਲੋਹੇ ਦਾ ਸੁਹਾਗਾ ਸੀ।

ਬੰਦਾ ਬਹਾਦਰ ਜ਼ਿੰਦਾਬਾਦ !

ਤੁਹਾਡੀ ਬਾਂਹ ਦੀਆਂ ਮਾਸਪੇਸ਼ੀਆਂ ਵਿਚ ਖਿੱਚ ਪੈ ਸਕਦੀ ਹੈ ਤੇ ਤੁਸੀਂ ਬੇਹੋਸ਼ ਵੀ ਹੋ ਸਕਦੇ ਹੋ। ਇਹ ਸੁਣ ਕੇ ਸਾਰੇ ਵਿਦਿਆਰਥੀ ਹੱਸਣ ਲੱਗੇ। ਤੁਸੀਂ ਸਹੀ ਕਿਹਾ, ਕੀ ਇਸ ਪ੍ਰਕਿਰਿਆ ਦੌਰਾਨ ਗਲਾਸ
ਵਿਚ ਪਾਣੀ ਕੁਝ ਵਧਿਆ ਜਾਂ ਘਟਿਆ ਹੈ?
ਸਾਰੇ ਕਹਿਣ ਲੱਗੇ,"ਨਹੀਂ"। ਪ੍ਰੋਫੈਸਰ ਸਾਹਿਬ ਨੇ ਵਿਦਿਆਰਥੀਆਂ ਨੂੰ ਸਵਾਲ ਕੀਤਾ, "ਤਾਂ ਮੇਰੀ ਬਾਂਹ ਵਿਚ ਦਰਦ ਕਿਉਂ ਹੋਇਆ"?
ਮੈਨੂੰ ਬਾਂਹ ਦੇ ਦਰਦ ਤੋਂ ਬਚਣ ਲਈ ਕੀ ਕਰਨਾ ਪਵੇਗਾ? "ਸਰ ਗਲਾਸ ਨੂੰ ਹੇਠਾਂ ਰੱਖਣਾ ਪਵੇਗਾ" "ਬਿਲਕੁਲ ਠੀਕ, ਸਾਡੀ ਜ਼ਿੰਦਗੀ ਵਿਚ ਚਿੰਤਾਵਾਂ ਵੀ ਇਸ ਤਰ੍ਹਾਂ ਹੀ ਹੁੰਦੀਆਂ ਹਨ ਭਾਵੇਂ ਉਹ ਕਿਸੇ ਵੀ ਖੇਤਰ ਨਾਲ ਜੁੜੀਆਂ ਹੋਣ। ਚਿੰਤਾਵਾਂ ਨੂੰ ਥੋੜ੍ਹੀ ਦੇਰ ਆਪਣੇ ਦਿਮਾਗ਼ ਦੀ ਗ੍ਰਿਫ਼ਤ ਵਿਚ ਰੱਖਣਾ ਤਾਂ ਠੀਕ ਹੈ ਪਰ ਲੰਬੇ ਸਮੇਂ ਤੱਕ ਰੱਖਣ ਨਾਲ ਦਿਮਾਗ਼ ਚਿੰਤਾਵਾਂ ਦੀ ਗ੍ਰਿਫ਼ਤ ਵਿਚ ਆ ਜਾਂਦਾ ਹੈ। ਜ਼ਿੰਦਗੀ ਵਿਚ ਆਉਣ ਵਾਲੀਆਂ ਮੁਸੀਬਤਾਂ ਅਤੇ ਸਮੱਸਿਆਵਾਂ ਬਾਰੇ ਸੋਚਣਾ ਤਾਂ ਠੀਕ ਹੈ ਪਰ ਬਹੁਤ ਜ਼ਿਆਦਾ ਸੋਚਣਾ ਠੀਕ ਨਹੀਂ ਕਿਉਂਕਿ ਹਰ ਸਮੇਂ ਸਮੱਸਿਆਵਾਂ ਨੂੰ ਦਿਮਾਗ਼ ਵਿਚ ਰੱਖ ਕੇ ਖ਼ੁਸ਼ ਰਹਿਣਾ ਸੰਭਵ ਨਹੀਂ। ਖ਼ੁਸ਼ ਰਹਿਣਾ ਇਕ ਮਾਨਸਿਕ ਅਵਸਥਾ ਹੀ ਹੈ। ਜੇ ਤੁਸੀਂ ਖ਼ੁਸ਼ ਰਹਿਣ ਦੀ ਅਵਸਥਾ ਮਨ ਵਿਚ ਧਾਰ ਲਵੋ ਤਾਂ ਤੁਹਾਨੂੰ ਕੋਈ ਵੀ ਬਾਹਰੀ ਤਾਕਤ ਦੁੱਖੀ ਨਹੀਂ ਕਰ ਸਕਦੀ।

# ਮਨ ਦੀ ਕੈਨਵਸ 'ਤੇ ਸਿਰਜੋ ਸੁਖਦਾਈ ਦ੍ਰਿਸ਼

ਜੀਵਨ ਸ਼ੈਲੀ 'ਚ ਤਬਦੀਲੀ ਦੀ ਲੋੜ
ਜੇ ਤੁਸੀਂ ਜ਼ਿੰਦਗੀ ਤੋਂ ਉਕਤਾ ਗਏ ਹੋਂ ਤਾਂ ਤੁਹਾਨੂੰ ਜੀਵਨ ਸ਼ੈਲੀ ਵਿਚ ਬਦਲਾਅ ਲਿਆਉਣ ਦੀ ਜ਼ਰੂਰਤ ਹੈ। ਤੁਸੀਂ ਦੂਜਿਆਂ ਨੂੰ ਬਦਲ ਨਹੀਂ ਸਕਦੇ ਸਿਰਫ਼ ਸਲਾਹ ਦੇ ਸਕਦੇ ਹੋ ਪਰ ਸਹੀ ਦਿਸ਼ਾ ਵਿਚ ਊਰਜਾ ਲਾ ਕੇ ਤੁਸੀਂ ਦੂਜਿਆਂ ਲਈ ਉਦਾਹਰਨ ਬਣ ਸਕਦੇ ਹੋਂ। ਆਪਣੇ ਕੰਮ ਦੇ ਬੋਝ ਨੂੰ ਘਟਾ ਕੇ ਵਿਹਲੇ ਸਮੇਂ ਵਿਚ ਮਨ ਦੀ ਕੈਨਵਸ 'ਤੇ ਸੁਖਦਾਈ ਦ੍ਰਿਸ਼ ਸਿਰਜੋ। ਅਜਿਹੇ ਪਲਾਂ ਨੂੰ ਯਾਦ ਕਰੋ ਜਿਨ੍ਹਾਂ ਨਾਲ ਤੁਹਾਡੇ ਮਨ ਨੂੰ ਸਕੂਨ ਮਿਲੇ। ਇਹ ਪਲ ਤੁਹਾਡੇ ਸਕੂਲ, ਕਾਲਜ 'ਚੋਂ ਫ਼ਸਟ ਆਉਣ, ਤੁਹਾਡੇ ਵਿਆਹ ਨਾਲ, ਪ੍ਰੇਮਿਕਾ ਨਾਲ ਘੁੰਮਣ, ਪਹਿਲੀ ਵਾਰ ਮੁੱਖ ਮਹਿਮਾਨ ਬਣਨਾ, ਨੌਕਰੀ ਪ੍ਰਾਪਤ ਕਰਨ ਆਦਿ ਨਾਲ ਸਬੰਧਤ ਹੋ ਸਕਦੇ ਹਨ। ਜਦੋਂ ਤੁਸੀਂ ਇਕਾਗਰ ਮਨ ਨਾਲ ਕਿਸੇ ਰੋਮਾਂਚਿਤ ਘਟਨਾ ਨੂੰ ਯਾਦ ਕਰਦੇ ਹੋ ਤਾਂ ਕਾਲਪਨਿਕ ਸ਼ਕਤੀ ਨਾਲ ਫਿਰ ਉਸੇ ਮਾਹੌਲ ਵਿਚ ਰੰਗੇ ਜਾਂਦੇ ਹੋ ਤੇ ਤੁਹਾਡੀ ਜ਼ਿੰਦਗੀ ਵਿਚ ਰੰਗਤ ਆ ਜਾਂਦੀ ਹੈ।
ਸਮਰੱਥਾ 'ਤੇ ਕਰੋ ਭਰੋਸਾ
ਆਪਣੀਆਂ ਸਮਰੱਥਾਵਾਂ 'ਤੇ ਭਰੋਸਾ ਰੱਖ ਕੇ ਆਪਣੀਆਂ ਹਾਂ-ਪੱਖੀ ਤੇ ਨਾਂਹ-ਪੱਖੀ ਆਦਤਾਂ ਦਾ ਮੁਲਾਂਕਣ ਕਰੋ। ਸੁਪਨਿਆਂ ਨੂੰ ਅਸਲੀਅਤ ਵਿੱਚ ਬਦਲਣ ਲਈ ਲੋੜੀਂਦੀ ਯੋਗਤਾ ਹੋਣੀ ਜ਼ਰੂਰੀ ਹੈ। ਜੇ ਤੁਹਾਡੀ ਯੋਗਤਾ ਤੁਹਾਡੇ ਸੁਪਨਿਆਂ ਨਾਲ ਮੇਲ ਨਹੀਂ ਖਾਂਦੀ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਲਾਲਚ ਵਿੱਚ ਆ ਕੇ ਇਕੋ ਵੇਲੇ ਕਈ ਕੰਮ ਕਰਨ ਨਾਲ ਤੁਹਾਡਾ ਸਰੀਰ ਥਕਾਵਟ ਨਾਲ ਨਿਢਾਲ ਹੋ ਜਾਂਦੇ ਹੈ ਤਾਂ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਲੋੜਾਂ ਤੈਅ ਕਰ ਕੇ ਆਪਣੀਆਂ ਸਮਰੱਥਾਵਾਂ ਮੁਤਾਬਕ ਕੰਮ ਕਰਨ ਨਾਲ ਤੁਸੀਂ ਆਪਣੇ ਕੰਮ ਦਾ ਅਤੇ ਆਰਾਮ ਦਾ ਆਨੰਦ ਮਾਣ ਸਕਦੇ ਹੋ। ਦੂਜਿਆਂ ਦੀ ਜੀਵਨ ਸ਼ੈਲੀ ਦੇਖ ਕੇ ਦੁਖੀ ਨਾ ਹੋਵੋ ਤੇ ਨਾ ਹੀ ਫੇਸਬੁੱਕ 'ਤੇ ਆਪਣੇ ਦੋਸਤਾਂ ਦੀਆਂ ਛੁੱਟੀਆਂ ਦੀਆਂ ਤਸਵੀਰਾਂ ਦੇਖ ਕੇ ਈਰਖਾ ਕਰੋ ਕਿਉਂਕਿ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਦੋਸਤ ਅਤੇ ਪਤੀ-ਪਤਨੀ ਵਿਚਾਲੇ ਕੀ ਹੁੰਦਾ ਹੈ? ਆਪਣੇ ਜੀਵਨ ਨੂੰ ਹੋਰਾਂ ਦੇ ਜਿਉਣ ਢੰਗ ਨਾਲ ਨਾ ਦੇਖੋ। ਹਰ ਕਿਸੇ ਦਾ ਆਪਣਾ ਇਕ ਤਰੀਕਾ ਹੁੰਦਾ ਹੈ, ਜੋ ਉਸ ਲਈ ਕੰਮ ਕਰਦਾ ਹੈ, ਤੁਹਾਨੂੰ ਆਪਣਾ ਤਰੀਕਾ ਆਪ ਲੱਭਣਾ ਪਵੇਗਾ। ਇਸ ਲਈ ਤੁਸੀਂ ਉਹ ਜੀਵਨ ਜੀਵੋ ਜਿਸ ਦੀ ਤੁਹਾਨੂੰ ਚਾਹਤ ਹੈ। ਇਹ ਤੁਹਾਡੀ ਆਪਣੀ ਜ਼ਿੰਦਗੀ ਹੈ ਇਸ ਨੂੰ ਦੂਜਿਆਂ ਦੀਆਂ ਇੱਛਾਵਾਂ ਵਿਚ ਜਕੜਨਾ ਵੀ ਨਿਰਾਸ਼ਾ ਨੂੰ ਹੀ ਸੱਦਾ ਦਿੰਦਾ ਹੈ। ਦੂਜਿਆਂ ਤੋਂ ਵੀ ਜ਼ਿਆਦਾ ਉਮੀਦਾਂ ਨਾ ਰੱਖੋ ਕਿਉਂਕਿ ਜਦੋਂ ਕੋਈ ਤੁਹਾਡੀ ਉਮੀਦ 'ਤੇ ਖਰਾ ਨਹੀਂ ਉਤਰਦਾ ਤਾਂ ਮਨ ਨੂੰ ਠੇਸ ਪਹੁੰਚਦੀ ਹੈ। ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰੋ ਅਤੇ ਬੇਵਜ੍ਹਾ ਦੇ ਡਰ ਛੱਡ ਕੇ ਭਰਪੂਰ ਜ਼ਿੰਦਗੀ ਜੀਵੋ।

# ਦਿਨੋ ਦਿਨ ਬਦਲ ਰਿਹਾ ਪਿੰਡ ਸਭਿਆਚਾਰ

ਉਹ ਕੋਈ ਉਦਾਸ, ਉਪਰਾਮ, ਨਿਕੰਮਾ, ਵਿਹਲਾ ਅਤੇ ਘਰੋਂ ਬਾਹਰ ਧੱਕਿਆ ਤ੍ਰਿਸਕਾਰਿਆ ਹੀ ਜਾਪਦਾ ਹੈ ਜਾਂ ਕੋਈ ਅਮਲੀ ਜਾਂ ਆਦਿ ਛੜਾ ਜਿਹੜਾ ਰਾਹ ਜਾਂਦੀ ਆਉਂਦੀ, ਲੰਘਦੀ ਕਿਸੇ ਮੁਟਿਆਰ ਜਾਂ ਆਪਣੇ ਹਾਣ ਦੀ ਕਿਸੇ ਤੀਵੀਂ ਦੇ ਦਰਸ਼ਨਾਂ ਦੀ ਆਸ ਵਿਚ ਬੁੱਤ ਬਣਿਆ ਬੈਠਾ ਹੋਵੇ।
ਪਿੰਡਾਂ ਵਿਚ ਵੀ ਹੁਣ ਬਹੁਗਿਣਤੀ ਲੋਕ ਕੰਮਾਂ-ਕਾਰਾਂ ਤੋਂ ਵਾਪਸ ਘਰ ਆ ਕੇ ਚਾਹ ਦਾ ਪਿਆਲਾ ਲੈ ਕੇ, ਟੈਲੀਵਿਜ਼ਨ ਅੱਗੇ ਬੈਠ ਜਾਂਦੇ ਤੇ ਆਪਣੇ ਮਨਭਾਉਂਦੇ ਪ੍ਰੋਗਰਾਮ ਦੇਖਦੇ-ਸੁਣਦੇ ਹਨ। ਬਿਜਲੀ ਜਵਾਬ ਦੇ ਜਾਵੇ ਤਾਂ ਉੱਠ ਕੇ ਵਿਹੜੇ ਜਾਂ ਵੀਹੀ ਵਿਚ ਚੱਕਰ ਲਾਉਣ ਲੱਗਦੇ ਹਨ।
ਗਰਮੀਆਂ ਦੀਆਂ ਰਾਤਾਂ ਨੂੰ ਬਾਹਰ ਖੜ੍ਹ ਕੇ ਜਾਂ ਕੋਠੇ ਚੜ੍ਹ ਕੇ ਗੁਆਂਢੀਆਂ ਨਾਲ ਗੱਪ-ਸ਼ੱਪ ਮਾਰਨ ਦਾ ਹੁਣ ਰਿਵਾਜ ਨਹੀਂ ਰਿਹਾ। ਪਹਿਲਾਂ ਗੁਆਂਢੀਆਂ ਜਾਂ ਕਹੋ ਉਨ੍ਹਾਂ ਗੁਆਂਢੀਆਂ, ਜਿਨ੍ਹਾਂ ਵਿਚ ਪਰਸਪਰ ਮੋਹ ਜਾਂ ਸਾਂਝ ਹੁੰਦੀ ਸੀ, ਦਾ ਇਕ-ਦੂਜੇ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਜਾਂ ਖਾਣ-ਪੀਣ ਸਮੱਗਰੀ ਦਾ ਅਦਾਨ-ਪ੍ਰਦਾਨ ਨਿਰੰਤਰ ਚਲਦਾ ਰਹਿੰਦਾ ਸੀ। ਵੇਲੇ-ਕੁਵੇਲੇ ਦਾਲ, ਸਾਗ, ਖੀਰ, ਸੇਵੀਆਂ ਜਾਂ ਕੜਾਹ ਦੀ ਬਾਟੀ ਜਾਂ ਕਟੋਰਾ ਦੇਣਾ ਲੈਣਾ ਚਲਦਾ ਸੀ ਜਾਂ ਕਿਸੇ ਹੋਰ ਵਸਤੂ ਵਿਸ਼ੇਸ਼ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਲੋੜ ਪੈਣ 'ਤੇ ਦੁੱਧ ਦਾ ਗਿਲਾਸ ਜਾਂ ਗੜਵੀ ਲੈ ਲੈਣੀ। ਦੁੱਧ ਨੂੰ ਜਾਗ ਲਾਉਣ ਵਾਸਤੇ ਲੱਸੀ ਜਾਂ ਦਹੀਂ ਦੀ ਛਿੱਟ ਲੈਣਾ-ਦੇਣਾ ਤਾਂ ਆਮ ਹੀ ਸੀ। ਇਕ ਨੇ ਕਹਿਣਾ, "ਨੀ ਚਾਚੀ ਥੋੜ੍ਹੀ ਦਾਲ ਹੈਗੀ ਤਾਂ ਦੇ ਦੇ! ਆਹ ਹੁਣੇ ਦੋ ਪ੍ਰਾਹੁਣੇ ਆਗੇ...।"ਹੁਣ ਘਰ-ਘਰ ਫਰਿੱਜ ਪਏ ਨੇ। ਇਕ-ਦੂਜੇ 'ਤੇ ਨਿਰਭਰਤਾ ਘਟੀ ਹੈ। ਉਂਜ ਵੀ ਆਧੁਨਿਕ ਜੀਵ ਦ੍ਰਿਸ਼ਟੀ ਅਨੁਸਾਰ ਇਸ ਨੂੰ ਵਕਾਰ ਦਾ ਸਵਾਲ ਸਮਝਿਆ ਜਾਂਦਾ ਹੈ। ਅਜਿਹਾ ਕੋਈ ਮੌਕਾ ਆ ਵੀ ਜਾਵੇ ਤਾਂ ਘਰ ਦੀ ਸੁਆਣੀ ਗੁਆਂਢ ਮੱਥੇ ਕੁੰਡਾ ਖੜਕਾਉਣ ਤੋਂ ਝਿਜਕਦੀ ਹੈ ਅਤੇ ਪਿੰਡ ਵਿਚ ਦੂਜੀ ਪੱਤੀ ਜਾਂ ਦੂਰ ਵਸਦੇ ਕਿਸੇ ਨੇੜਲੇ ਜਾਂ ਸਹਿਕਰਮੀ ਜਾਂ ਸਹੇਲੀ ਨੂੰ ਟੈਲੀਫੋਨ ਕਰਦੀ ਹੈ, "ਹੈਲੋ ਗੁਰਮੀਤ! ਸੌਂ ਤਾਂ ਨਹੀਂ ਸੀ ਗਏ ਕਿਤੇ? ਨੀ ਕੀ ਦੱਸਾਂ ਹੁਣ ਦੇਖਿਆ ਦਹੀਂ ਜਮਾਉਣ ਵਾਸਤੇ ਖੱਟਾ ਹੈ ਨੀ।" ਅਤੇ ਅਗਲੀ ਵੱਲੋਂ 'ਹਾਂ' ਕਹਿਣ 'ਤੇ 11ਵੀਂ 'ਚ ਪੜ੍ਹਦਾ ਪੁੱਤਰ ਸਕੂਟਰ ਜਾਂ ਸਾਈਕਲ 'ਤੇ ਜਾਂਦਾ ਅਤੇ ਕਟੋਰੀ ਵਿਚ ਚਮਚ ਦਹੀਂ ਦਾ ਲੈ ਕੇ ਆਉਂਦਾ ਹੈ। ਗੁਆਂਢਣ ਤੋਂ ਦਹੀਂ ਮੰਗਣਾ ਵੀ ਵਕਾਰ ਦਾ ਬਿੰਦੂ ਹੈ। ਉਹ ਸਮੇਂ ਬੀਤ ਗਏ ਜਦੋਂ ਸਿਆਲ ਦੀ ਅੱਧੀ ਰਾਤ ਸਮੇਂ ਗੁਆਂਢੀਆਂ ਨੂੰ ਜਗਾ ਕੇ ਕਹਿ ਦਿੰਦੇ ਸੀ, "ਬਾਈ ਸੁਖਦੇਵ ਸਿੰਹਾ! ਇਕ ਖੇਚਲ ਕਰਨੀ ਪਊ। ਆਹ ਪੰਜ ਪ੍ਰਾਹੁਣੇ ਆ ਗਏ। ਦੋ ਬੰਦੇ ਤੁਹਾਡੀ ਬੈਠਕ ਵਿਚ ਸੌਣਗੇ। ਦੋ ਬਿਸਤਰੇ ਲਾ ਦਿਓ।"
ਅਜਿਹੀਆਂ ਸਾਂਝਾਂ ਹੁਣ ਮਰ-ਮੁੱਕ ਗਈਆਂ ਜਾਂ ਮਰ ਰਹੀਆਂ ਹਨ।

ਸੰਪਰਕ: 99154-73505

# ਛਿੱਲੜਾਂ ਨੂੰ ਸੁੱਟੋ ਨਾ, ਇਹ ਬਹੁਤ ਹੀ ਗੁਣਕਾਰੀ ਨੇ

ਡਾ. ਅਮਰੀਕ ਸਿੰਘ ਕੰਡਾ



ਸੰਤਰੇ ਦੇ ਛਿਲਕਿਆਂ ਨੂੰ ਛਾਂ ਵਿਚ ਸੁਕਾ ਕੇ ਉਸ ਨੂੰ ਪੀਹ ਲਓ, ਥੋੜ੍ਹੀ ਜਿਹੀ ਮਲਾਈ ਅਤੇ ਮੁਲਤਾਨੀ ਮਿੱਟੀ ਨਾਲ ਬਣਿਆ ਹੋਇਆ ਇਹ ਫੇਸ ਪੇਕ ਤੁਹਾਡੀ ਚਮੜੀ ਨੂੰ ਸਾਫ ਅਤੇ ਚਮਕਦਾਰ ਬਣਾ ਦਿੰਦਾ ਹੈ।
ਸੰਤਰੇ ਦੇ ਛਿਲਕਿਆਂ ਨੂੰ ਚਾਹ ਦੇ ਉੱਬਲਦੇ ਪਾਣੀ ਵਿਚ ਪਾ ਦਿਓ, ਇਸ ਨਾਲ ਚਾਹ ਖ਼ੁਸ਼ਬੂਦਾਰ ਅਤੇ ਸੁਆਦੀ ਬਣੇਗੀ।
ਤੋਰੀ ਦੇ ਛਿਲਕਿਆਂ ਨੂੰ ਬਾਰੀਕ-ਬਾਰੀਕ ਕੱਟੋ ਫਿਰ ਨਮਕ, ਮਿਰਚ ਅਤੇ ਹਿੰਗ ਦੇ ਨਾਲ ਥੋੜ੍ਹੇ ਜਿਹੇ ਤੇਲ ਵਿਚ ਪਾ ਕੇ ਉਸ ਦੀ ਸਬਜ਼ੀ ਬਣਾ ਲਓ। ਘੱਟ ਤੇਲ ਵਾਲੀ ਮਸਾਲੇ ਦੀ ਬਣੀ ਹੋਈ ਇਹ ਸਬਜ਼ੀ ਸੁਆਦ ਵਿਚ ਵਧੀਆ ਹੋਣ ਦੇ ਨਾਲ-ਨਾਲ ਪੌਸ਼ਟਿਕ ਵੀ ਬਣੇਗੀ।
ਤਾਜ਼ੇ ਹਰੇ ਮਟਰ ਦੇ ਸਾਫ ਛਿਲਕਿਆਂ ਨੂੰ ਧੋ ਕੇ ਉਨ੍ਹਾਂ ਦਾ ਪਾਣੀ ਸੁਕਾ ਲਓ, ਹੁਣ ਉਨ੍ਹਾਂ ਉਪਰ ਉੱਤਰਣ ਵਾਲੀ ਪਤਲੀ ਜਿਹੀ ਪਰਤ ਨੂੰ ਉਤਾਰ ਕੇ ਛਿਲਕਿਆਂ ਨੂੰ ਬਾਰੀਕ ਕੱਟ ਲਓ, ਥੋੜ੍ਹੇ ਜਿਹੇ ਮਸਾਲੇ ਵਿਚ ਅਤੇ ਹਲਕੀ ਜਿਹੀ ਖਟਿਆਈ ਦੇ ਨਾਲ ਬਣੀ ਖੱਟੀ-ਮਿੱਠੀ ਸਬਜ਼ੀ ਪਰੌਂਠਿਆਂ ਦੇ ਨਾਲ ਬਹੁਤ ਹੀ ਸੁਆਦ ਬਣੇਗੀ ਚਾਹੋ ਤਾਂ ਇਸ ਨੂੰ ਬਾਰੀਕ-ਬਾਰੀਕ ਕੱਟ ਕੇ ਆਲੂ ਵੀ ਪਾ ਸਕਦੇ ਹੋ।
ਕੇਲੇ ਦੇ ਛਿਲਕਿਆਂ ਦੇ ਅੰਦਰ ਵਾਲੇ ਮੁਲਾਇਮ ਹਿੱਸੇ ਨੂੰ ਚਮੜੇ ਦੀ ਕਿਸੇ ਚੀਜ਼, ਜਿਵੇਂ ਜੁੱਤੀ, ਸੈਂਡਲ, ਚੱਪਲ ਜਾਂ ਪਰਸ ਆਦਿ ਉੱਪਰ ਚੰਗੀ ਤਰ੍ਹਾਂ ਮਲੋ ਜਦੋਂ ਉਹ ਚੰਗੀ ਤਰ੍ਹਾਂ ਸੁੱਕ ਜਾਣ ਤਾਂ ਕੱਪੜੇ ਨਾਲ ਰਗੜ ਕੇ ਚੰਗੀ ਤਰ੍ਹਾਂ ਸਾਫ ਕਰ ਲਓ, ਚੀਜ਼ਾਂ ਚਮਕਣ ਲੱਗ ਪੈਣਗੀਆਂ।
ਨਿੰਬੂ ਦੇ ਛਿਲਕਿਆਂ ਨੂੰ ਚਿਹਰੇ ਅਤੇ ਕੂਹਣੀਆਂ 'ਤੇ ਮਲਣ 'ਤੇ ਉਸ ਜਗ੍ਹਾ ਦੀ ਚਮੜੀ ਸਾਫ਼ ਅਤੇ ਚਮਕ ਉੱਠੇਗੀ।
ਚਾਹੋ ਤਾਂ ਛਿਲਕਿਆਂ ਨੂੰ ਗਲਿਸਰੀਨ ਵਿਚ ਭਿਓਂ ਕੇ ਵੀ ਕੰਮ ਵਿਚ ਲਿਆ ਸਕਦੇ ਹੋ। ਪਿਆਜ਼ ਅਤੇ ਆਂਡੇ ਦੇ ਛਿਲਕਿਆਂ ਨੂੰ ਉਸ ਜਗ੍ਹਾ 'ਤੇ ਰੱਖ ਦਿਓ ਜਿੱਥੇ ਛਿਪਕਲੀਆਂ ਜ਼ਿਆਦਾ ਹੋਣ, ਛੇਤੀ ਉਸ ਜਗ੍ਹਾ ਤੋਂ ਛਿਪਕਲੀਆ ਭੱਜ ਜਾਣਗੀਆਂ।
ਗੁਲਾਬ ਦੇ ਬੂਟਿਆਂ ਨੂੰ ਜੇਕਰ ਫੁੱਲ ਵਧੀਆ ਨਹੀਂ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਜੜ੍ਹਾਂ ਵਿਚ ਆਂਡਿਆਂ ਦੇ ਛਿਲਕਿਆਂ ਨੂੰ ਪਾ ਦਿਓ ਇਹ ਬਹੁਤ ਹੀ ਵਧੀਆ ਖਾਦ ਦਾ ਕੰਮ ਦਿੰਦੇ ਹਨ।
ਪਿੱਤਲ ਦੇ ਬਰਤਨ ਜਾਂ ਸ਼ੋਅ ਪੀਸ ਗੰਦੇ ਹੋ ਜਾਣ ਤਾਂ ਨਿੰਬੂ ਦੇ ਛਿਲਕਿਆਂ ਵਿਚ ਥੋੜ੍ਹਾ ਜਿਹਾ ਨਮਕ ਪਾ ਕੇ ਉਨ੍ਹਾਂ ਪਿੱਤਲ ਦੀ ਚੀਜ਼ਾਂ ਉੱਤੇ ਮਲੋ। ਉਹ ਚੀਜ਼ਾਂ ਚਮਕ ਪੈਣਗੀਆਂ।
ਹਰੀਆਂ ਸਬਜ਼ੀਆਂ ਦੇ ਛਿਲਕਿਆਂ ਨੂੰ ਅਤੇ ਪਾਲਕ, ਸਾਗ ਆਦਿ ਤੋਂ ਬਚੀਆਂ ਹੋਈਆਂ ਡੰਡੀਆਂ ਨੂੰ ਉਬਾਲ ਕੇ ਉਸ ਦੇ ਪਾਣੀ ਨਾਲ ਸਿਰ ਨਹਾਓ ਵਾਲ ਮਜ਼ਬੂਤ ਅਤੇ ਚਮਕਦਾਰ ਹੋਣ ਦੇ ਨਾਲ-ਨਾਲ ਤੇਜ਼ੀ ਨਾਲ ਵਧਣਗੇ।
ਸਿੰਘਾੜੇ ਦੇ ਛਿਲਕਿਆਂ ਨੂੰ ਸਾਫ਼ ਕਰ ਕੇ ਸਬਜ਼ੀ ਬਣਾਉਣ ਦੇ ਕੰਮ ਲਿਆਇਆ ਜਾ ਸਕਦਾ ਹੈ। ਸਿੰਘਾੜੇ ਦੇ ਛਿਲਕਿਆਂ ਦੀ ਬਣੀ ਹੋਈ ਸਬਜ਼ੀ ਬਹੁਤ ਹੀ ਸੁਆਦ ਅਤੇ ਪੌਸ਼ਟਿਕ ਹੁੰਦੀ ਹੈ।
ਜੇ ਪ੍ਰੈਸ਼ਰ ਕੁੱਕਰ ਅੰਦਰ ਤੋਂ ਬਹੁਤ ਹੀ ਗੰਦਾ ਹੋਇਆ ਹੋਵੇ ਤਾਂ ਉਸ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਨਿੰਬੂ ਦਾ ਛਿਲਕਾ ਪਾ ਦਿਓ ਕੁੱਕਰ ਚਮਕ ਉੱਠੇਗਾ।
ਬਦਾਮ ਦੇ ਛਿਲਕਿਆਂ ਨੂੰ ਸਾੜ ਕੇ ਉਸ ਵਿਚ ਨਮਕ, ਲੌਂਗ, ਫਟਕੜੀ ਅਤੇ ਵੱਡੀ ਇਲਾਇਚੀ ਨੂੰ ਪੀਸ ਕੇ ਮਿਲਾਓ ਫਿਰ ਕੱਪੜੇ ਨਾਲ ਛਾਣ ਕੇ ਰੱਖ ਲਓ। ਇਸ ਪਾਊਡਰ ਨਾਲ ਦਿਨ ਵਿਚ ਘੱਟ ਤੋਂ ਘੱਟ ਦੋ ਵਾਰ ਦੰਦ ਸਾਫ ਕਰਨ ਨਾਲ ਦੰਦ ਰੋਗ ਮੁਕਤ, ਮਜ਼ਬੂਤ ਅਤੇ ਚਮਕੀਲੇ ਹੋ ਜਾਣਗੇ।
ਕੇਲੇ ਦੇ ਸੁਕਾਏ ਹੋਏ ਛਿਲਕਿਆਂ ਨੂੰ ਸ਼ਾਮ ਨੂੰ ਜਲਾ ਕੇ ਰੱਖਣ ਨਾਲ ਕਮਰੇ ਦੀ ਦੁਰਗੰਧ ਦੂਰ ਹੋ ਜਾਵੇਗੀ ਅਤੇ ਵਾਤਾਵਰਨ ਸਾਫ ਹੋ ਜਾਵੇਗਾ।
ਨਿੰਬੂ ਅਤੇ ਸੰਤਰੇ ਦੇ ਸੁਕਾਏ ਹੋਏ ਛਿਲਕਿਆਂ ਨੂੰ ਪੀਹ ਲਓ ਫਿਰ ਇਸ ਨਾਲ ਦੰਦਾਂ ਨੂੰ ਸਾਫ ਕਰੋ ਦੰਦ ਸਾਫ ਅਤੇ ਮਜ਼ਬੂਤ ਹੋਣਗੇ ਤੇ ਮੂੰਹ ਵਿਚੋਂ ਬਦਬੂ ਨਹੀਂ ਆਵੇਗੀ। ਚਿਹਰੇ 'ਤੇ ਜੇਕਰ ਚੇਚਕ, ਖਸਰਾ ਜਾਂ ਫਿੰਨਸੀਆਂ ਦੇ ਦਾਗ਼ ਹੋਣ ਤਾਂ ਇਕ ਚਮਚਾ ਸੰਤਰੇ ਦੇ ਛਿਲਕਿਆਂ ਦਾ ਪਾਊਡਰ ਵਿਚ ਦੋ ਚਮਚੇ ਦੁੱਧ ਅਤੇ ਦੋ ਚਮਚੇ ਬਦਾਮ ਪੀਸ ਲਓ ਇਸ ਨੂੰ ਚਿਹਰੇ ਅਤੇ ਗਰਦਨ 'ਤੇ ਚੰਗੀ ਤਰ੍ਹਾਂ ਮਲਣ ਦੇ ਬਾਅਦ ਇਕ ਘੰਟੇ ਤੱਕ ਲੱਗਿਆ ਰਹਿਣ ਦਿਓ, ਫਿਰ ਠੰਢੇ ਪਾਣੀ ਨਾਲ ਧੋ ਦਿਓ ਲਗਾਤਾਰ ਪ੍ਰਯੋਗ ਕਰਨ 'ਤੇ ਦਾਗ਼-ਧੱਬੇ ਦੂਰ ਹੋ ਜਾਣਗੇ।
ਚਿਹਰੇ ਉੱਪਰ ਦਾਗ਼ ਧੱਬੇ ਦੂਰ ਕਰਨ ਨਿੰਬੂ ਦੇ ਛਿਲਕਿਆਂ ਨੂੰ ਪ੍ਰਯੋਗ ਕੀਤਾ ਜਾ ਸਕਦਾ ਹੈ, ਨਿੰਬੂ ਦੇ ਛਿਲਕਿਆਂ ਨੂੰ ਪੀਸ ਕੇ ਪਾਊਡਰ ਬਣਾ ਲਓ ਫਿਰ ਉਸ ਪਾਊਡਰ ਵਿਚ ਮੱਖਣ ਮਿਲਾ ਕੇ ਚਿਹਰੇ ਦੇ ਉਪਰ ਮਲਣ ਨਾਲ ਦਾਗ਼-ਧੱਬੇ ਦੂਰ ਹੋ ਜਾਣਗੇ।
ਜੇਕਰ ਅੱਧੇ ਸਿਰ ਦਾ ਦਰਦ ਪਰੇਸ਼ਾਨ ਕਰਦਾ ਹੋਵੇ ਤਾਂ ਨਿੰਬੂ ਦੇ ਛਿਲਕਿਆ ਨੂੰ ਪਾਣੀ ਦੇ ਨਾਲ ਪੀਹ ਕੇ ਉਸ ਦਾ ਲੇਪ ਕਰਨ ਨਾਲ ਅੱਧਾ ਸਿਰ ਦਰਦ ਛੇਤੀ ਹੀ ਠੀਕ ਹੋ ਜਾਵੇਗਾ।

ਮੋਬਾਈਲ : 98557-35666

# ਰੋਡ ਸੇਫਟੀ ਮਹੀਨੇ ਸਬੰਧੀ ਥਰੀ ਵੀਲਰ ਚਾਲਕਾਂ ਲਈ ਜਾਗਰੂਕਤਾ ਸੈਮੀਨਾਰ



ਗੁਰਦਾਸਪੁਰ, 17 ਜਨਵਰੀ (ਜਗੀਰ ਸਿੰਘ ਮੰਡ) :ਅੱਜ ਟਰੈਫਿਕ ਪੁਲਿਸ ਵੱਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਬਾਬਾ ਬੰਦਾ ਸਿੰਘ ਬਹਾਦਰ ਬੱਸ ਸਟੈਂਡ ਵਿਖੇ ਥਰੀ ਵੀਲਰ ਚਾਲਕਾਂ ਲਈ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਆਮ ਪਬਲਿਕ ਤੇ ਥਰੀ ਵੀਲਰ ਚਾਰਕਾਂ ਨੂੰ ਸ਼ਾਮਿਲ ਕਰਕੇ ਰੋਡ ਸੇਫਟੀ ਸਬੰਧੀ ਜਾਣਕਾਰੀ ਮੁਹਈਆ ਕੀਤੀ ਗਈ। ਏ.ਐਸ.ਆਈ ਅਮਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਥਰੀ ਵੀਲਰਾਂ ਤੇ ਰਿਫਲੈਕਟਰ ਲਗਾਏ ਗਏ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਸਵਾਰੀਆਂ ਬਿਠਾਉਣ ਅਤੇ ਚੜ੍ਹਾਉਣ ਸਬੰਧੀ ਖਾਸ ਹਦਾਇਤਾਂ ਕੀਤੀਆਂ ਗਈਆਂ। ਸਵਾਰੀਆਂ ਨੂੰ ਬਿਠਾਉਣ ਅਤੇ ਉਤਾਰਨ ਸਮੇਂ ਸਹੀ ਜਗਹਾ ਪਾਰਕਿੰਗ ਕਰਕੇ ਉਤਾਰਿਆ ਜਾਵੇ। ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰਨ ਬਾਰੇ ਦੱਸਿਆ ਗਿਆ। ਐਕਸੀਡੈਂਟ ਪੀੜਤ ਦੀ ਮਦਦ ਕਰਨ ਵਾਸਤੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ। ਹੈਲਪਲਾਈਨ ਨੰਬਰ 1123 ਬਾਰੇ ਜਾਗਰੂਕ ਕੀਤਾ ਗਿਆ। ਸੈਮੀਨਾਰ ਵਿੱਚ ਸੰਜੀਵ ਕੁਮਾਰ ਪਰਮਜੀਤ ਕੁਮਾਰ ਅਤੇ ਰਸ਼ਪਾਲ ਸਿੰਘ ਆਦਿ ਨੇ ਹਿੱਸਾ ਲਿਆ।

# ਇੰਟੈਕਸ ਐਕਸਪੋ ਇੱਕ ਪ੍ਰਮੁੱਖ ਪੇਸ਼ੇਵਰ ਕਾਨਫਰੰਸ ਅਤੇ ਪ੍ਰਦਰਸ਼ਨੀ 2500 ਤੋਂ ਵੱਧ ਭਾਗੀਦਾਰਾਂ ਦੇ ਨਾਲ ਸਫਲਤਾਪੂਰਵਕ ਆਯੋਜਿਤ ਕੀਤੀ ਗਈ



ਲੁਧਿਆਣਾ,17 ਜਨਵਰੀ(ਜਤਿੰਦਰਪਾਲ ਸਿੰਘ ਛਾਬੜਾ)ਸ਼੍ਰੀ ਸੰਜੀਵ ਅਰੋੜਾ, ਮਾਨਯੋਗ ਸਥਾਨਕ ਸਰਕਾਰਾਂ, ਬਿਜਲੀ ਅਤੇ ਨਿਵੇਸ਼ ਪ੍ਰਮੋਸ਼ਨ ਮੰਤਰੀ, ਪੰਜਾਬ, ਮੁੱਖ ਮਹਿਮਾਨ ਵਜੋਂ ਮੌਜੂਦ ਸਨ, ਜਦੋਂ ਕਿ ਨੀਰੂ ਕਤਿਆਲ, ਡਾਇਰੈਕਟਰ, ਟਾਊਨ ਐਂਡ ਕੰਟਰੀ ਪਲੈਨਿੰਗ, ਪੰਜਾਬ, ਨੇ ਬੈਸਟ ਆਫ ਆਨਰ ਵਜੋਂ ਸ਼ਿਰਕਤ ਕੀਤੀ।ਰਾਜ ਭਰ ਦੇ ਸੀਨੀਅਰ ਟਾਊਨ ਪਲੈਨਰ, ਜ਼ਿਲ੍ਹਾ ਟਾਊਨ ਪਲੈਨਰ, ਆਰਕੀਟੈਕਟ ਅਤੇ ਪੇਸ਼ੇਵਰਾਂ ਨੇ ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਕਾਨਫਰੰਸ ਦੇ ਨਾਲ-ਨਾਲ, ਪਚਾਨ ਅਤੇ ਅਮਾਨਤ ਸਿਰਲੇਖ ਵਾਲੀਆਂ ਦੋ ਪ੍ਰਦਰਸ਼ਨੀਆਂ ਨੇ 250 ਤੋਂ ਵੱਧ ਉੱਚ-ਗੁਣਵੱਤਾ ਵਾਲੀਆਂ ਐਂਟਰੀਆਂ ਪ੍ਰਦਰਸ਼ਿਤ ਕੀਤੀਆਂ, ਜਿਨ੍ਹਾਂ ਨੂੰ ਸਾਰੇ ਹਾਜ਼ਰੀਨ ਦੁਆਰਾ ਚੰਗਾ ਹੁੰਗਾਰਾ ਮਿਲਿਆ।ਸਮਾਗਮ ਦੌਰਾਨ, ਮਾਨਯੋਗ ਮੰਤਰੀ ਨੇ ਨਵੀਨਤਾ ਅਤੇ ਪੇਸ਼ੇਵਰ ਉੱਤਮਤਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਭ ਤੋਂ ਵਧੀਆ ਪ੍ਰਦਰਸ਼ਨੀ ਐਂਟਰੀਆਂ ਲਈ 50,000, 30,000 ਅਤੇ 20,000 ਦੇ ਨਕਦ ਇਨਾਮਾਂ ਦਾ ਐਲਾਨ ਕੀਤਾ।ਇਸ ਮੌਕੇ, ਸ਼੍ਰੀ ਸੰਜੀਵ ਅਰੋੜਾ ਨੇ ਇਮਾਰਤ ਯੋਜਨਾ ਪ੍ਰਵਾਨਗੀਆਂ ਲਈ ਸਵੈ-ਪ੍ਰਮਾਣੀਕਰਨ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਆਰਕੀਟੈਕਟਾਂ ਤੋਂ ਸਰਗਰਮ ਸਹਾਇਤਾ ਦੀ ਲੋੜ ਤੇ ਜ਼ੋਰ ਦਿੱਤਾ। ਜਵਾਬ ਵਿੱਚ, 991 ਪੰਜਾਬ ਚੈਪਟਰ ਦੇ ਪ੍ਰਧਾਨ ਅਤੇ ਲੁਧਿਆਣਾ ਸਮਾਰਟ ਸਿਟੀ ਦੇ ਡਾਇਰੈਕਟਰ, ਆਰਕੀਟੈਕਟ ਪਾਲ ਸਿੰਘ ਆਹਲੂਵਾਲੀਆ ਨੇ ਇਸ ਮਹੱਤਵਪੂਰਨ ਸਰਕਾਰੀ ਪਹਿਲਕਦਮੀ ਲਈ ਆਰਕੀਟੈਕਚਰ ਭਾਈਚਾਰੇ ਦੇ ਪੂਰੇ ਸਹਿਯੋਗ ਅਤੇ ਸਮਰਥਨ ਦਾ ਭਰੋਸਾ ਦਿੱਤਾ।ਇਸ ਤੋਂ ਇਲਾਵਾ, 991 ਪੰਜਾਬ ਚੈਪਟਰ ਨੇ ਬੇਨਤੀ ਕੀਤੀ ਕਿ ਟਾਊਨ ਪਲੈਨਿੰਗ ਅਤੇ ਜਨਤਕ ਮਾਮਲਿਆਂ ਦੀਆਂ ਕਮੇਟੀਆਂ ਨਾਲ ਸਬੰਧਤ ਸਲਾਹਕਾਰ ਕਮੇਟੀਆਂ ਵਿੱਚ ਆਰਕੀਟੈਕਟ ਪ੍ਰਤੀਨਿਧੀਆਂ ਨੂੰ ਸ਼ਾਮਲ ਕੀਤਾ ਜਾਵੇ। ਮਾਨਯੋਗ ਮੰਤਰੀ ਨੇ ਇਸ ਬੇਨਤੀ ਨੂੰ ਸਵੀਕਾਰ ਕੀਤਾ ਅਤੇ ਪ੍ਰਕਿਰਿਆ ਸ਼ੁਰੂ ਕਰਨ ਲਈ ਰਸਮੀ ਅਰਜ਼ੀਆਂ ਮੰਗੀਆਂ।ਇਸ ਸਮਾਗਮ ਵਿੱਚ ਸ਼੍ਰੀ ਪੰਕਜ ਬਾਵਾ, ਚੀਫ਼ ਟਾਊਨ ਪਲੈਨਰ (9"♦9); ਸ਼੍ਰੀਮਤੀ ਮਨਦੀਪ ਕੌਰ, ਚੀਫ਼ ਟਾਊਨ ਪਲੈਨਰ; ਕਈ ਉੱਘੇ ਪੇਸ਼ੇਵਰਾਂ ਨੇ ਵੀ ਹਿੱਸਾ ਲਿਆ, ਜਿਨ੍ਹਾਂ ਵਿੱਚ ਸ਼੍ਰੀ ਗੌਤਮ ਕੁਮਾਰ, ਸੀਨੀਅਰ ਟਾਊਨ ਪਲੈਨਰ; ਰਾਜਨ ਤਨਰੀ, ਆਰਕੀਟੈਕਟ ਦਿਨੇਸ਼ ਭਗਤ; ਆਰਕੀਟੈਕਟ ਬਲਬੀਰ ਬੱਗਾ; ਆਰਕੀਟੈਕਟ ਅਰਜੁਨ ਦੀਪ, ਅਤੇ ਕਈ ਹੋਰ ਸੀਨੀਅਰ ਅਧਿਕਾਰੀ ਅਤੇ ਪੇਸ਼ੇਵਰ ਸ਼ਾਮਲ ਸਨ।ਕਾਨਫਰੰਸ ਅਤੇ ਪ੍ਰਦਰਸ਼ਨੀ ਆਪਣੇ ਪੈਮਾਨੇ, ਸੰਗਠਨ ਅਤੇ ਪੇਸ਼ੇਵਰ ਪ੍ਰਭਾਵ ਲਈ ਮਸ਼ਹੂਰ ਹਨ। ਪੂਰੇ ਸਮਾਗਮ ਦਾ ਸਫਲਤਾਪੂਰਵਕ ਪ੍ਰਬੰਧਨ ਅਤੇ ਉਡਾਨ ਮੀਡੀਆ ਦੁਆਰਾ ਕਵਰ ਕੀਤਾ ਗਿਆ।

# ਨਾਮਦੇਵ ਜੀ ਦਾ ਜੋਤੀ ਜੋਤ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ



ਘੁਮਾਣ, ਸ੍ਰੀ ਹਰਗੋਬਿੰਦਪੁਰ (ਡਾਕਟਰ ਨਰਿੰਦਰ ਸਿੰ ਘੁਮਾਣ ਜਗੀਰ ਸਿੰਘ ਮੰਡ)। ਆਲ ਇੰਡੀਆ ਟਾਂਕ ਕਸ਼ੱਤਰੀ ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਹੇਠ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 676ਵਾ ਜੋਤੀ ਜੋਤ ਪੁਰਬ ਮੇਲਾ ਲੋਹੜੀ ਮਾਘੀ ਗੁਰੂਦਵਾਰਾ ਸ਼੍ਰੀ ਤਪਿਆਣਾ ਸਾਹਿਬ (ਤਪ ਅਸਥਾਨ) ਸ਼੍ਰੋਮਣੀ ਭਗਤ ਨਾਮਦੇਵ ਜੀ ਵਿਖੇ ਬੜੀ ਹੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਜੋੜ ਮੇਲੇ ਦੇ ਸਮਾਗਮ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਨੇ ਵੱਡੀ ਗਿਣਤੀ ਸ਼ਮੂਲੀਅਤ ਕੀਤੀ, 13 ਜਨਵਰੀ ਤੋਂ ਲੈਕੇ 18 ਜਨਵਰੀ ਤੱਕ ਨਿਰੰਤਰ ਕੀਰਤਨ ਸਮਾਗਮ ਕਰਵਾਏ ਗਏ। ਜਿਸ ਵਿਚ ਪੰਥਦੇ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਮੁੱਖ ਸੇਵਾਦਾਰ ਦਰਬਾਰੇ ਖਾਲਸਾ,ਢਾਡੀ ਸੱਤਪਾਲ ਸਿੰਘ ਐਮ ਏ ਤਰਨਤਾਰਨ ਵਾਲੇ, ਭਾਈ ਰਣਜੀਤ ਸਿੰਘ ਗੁਰਦਾਸਪੁਰੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਹਜ਼ੂਰੀ ਮੁੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਫੱਕਰ ਆਦਿ ਜਥਿਆਂ ਵੱਲੋਂ ਪਹੁੰਚੀਆ ਹੋਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇੰਨਾ ਸਮਾਗਮਾਂ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਆਪ ਦੇ ਸੀਨੀਅਰ ਆਗੂ ਡਾ ਕਮਲਜੀਤ ਸਿੰਘ ਕੇਜੇ, ਸੁਲੱਖਣ ਸਿੰਘ ਭੇਂਟ ਭੱਤਣ, ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਮਨਦੀਪ ਸਿੰਘ ਰੰਗੜ ਨੰਗਲ ਸਮੇਂਤ ਹੋਰ ਆਗੂਆਂ ਨੇ ਸ਼ਿਰਕਤ ਕੀਤੀ। ਪਹੁੰਚੇ ਹੋਏ ਆਗੂਆਂ ਨੂੰ ਆਲ ਇੰਡੀਆ ਟਾਂਕ ਕਸ਼ੱਤਰੀ ਪ੍ਰਤੀਨਿਧੀ ਦੇ ਕੌਮੀ ਅਤੇ ਗੁਰਦੁਆਰਾ ਤਪਿਆਣਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਦਮਦਮੀ ਅਤੇ ਮੀਤ ਪ੍ਰਧਾਨ ਇੰਜੀ ਲਖਬੀਰ ਸਿੰਘ ਕਲਸੀ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।, ਇਸ ਮੌਕੇ ਸਕੱਤਰ ਗੁਰਦੇਵ ਸਿੰਘ ਨੰਗਲ , ਵਿੱਤ ਸਕੱਤਰ ਅਜਮੇਰ ਸਿੰਘ ਨੰਗਲ, ਬਾਬਾ ਰਣਧੀਰ ਸਿੰਘ ਮੁੱਖ ਗ੍ਰੰਥੀ, ਲੈਕਚਰਾਰ ਗੁਰਨਾਮ ਸਿੰਘ ਮੰਡ, ਹਰਦੀਪ ਸਿੰਘ ਪੰਡੋਰੀ, ਹਰਬੰਸ ਸਿੰਘ ਨੰਗਲ, ਪਲਵਿੰਦਰ ਸਿੰਘ ਮੁਨੀਮ, ਗੁਰਦੀਪ ਸਿੰਘ ਮੋਗਾ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਮੱਲੋਂਵਾਲੀ , ਅਵਤਾਰ ਸਿੰਘ ਜੱਸਲ, ਸਤਨਾਮ ਸਿੰਘ ਮੱਲੋਂਵਾਲੀ, ਹਰਭਜਨ ਸਿੰਘ ਪੰਡੋਰੀ ਆਦਿ ਹਾਜ਼ਰ ਸਨ।

# ਸੀਨੀਅਰ ਮੈਡੀਕਲ ਅਫਸਰ ਡਾ. ਸ਼ੁਦੇਸ਼ ਰਾਜਨ ਵਲੋਂ ਅਚਨਚੇਤ ਨਿਰੀਖਣ

ਗੜ੍ਹਦੀਵਾਲਾ 17 ਜਨਵਰੀ (ਗੌਰਵ) : ਪੰਜਾਬ ਸਰਕਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਸ਼ੁਦੇਸ਼ ਰਾਜਨ ਮੈਡੀਕਲ ਸ਼ਪੈਸਲਿਸਟ ਵਲੋਂ ਬਲਾਕ ਭੂੰਗਾ ਅਧੀਨ ਆਮ ਆਦਮੀ ਕਲੀਨਿਕ ਦਾਰਾਪੁਰ ਅਤੇ ਆਮ ਆਦਮੀ ਕਲੀਨਿਕ ਰਾਮਪੁਰ ਖੇੜ੍ਹਾ ਸਾਹਿਬ ਦਾ ਅਚਨਚੇਤ ਿਨਿਰਖਣ ਕੀਤਾ ਗਿਆ।ਇਸ ਮੌਕੇ ਡਾ. ਸ਼ੁਦੇਸ਼ ਰਾਜਨ ਨੇ ਆਮ ਆਦਮੀ ਕਲੀਨਿਕਾਂ ਦੀ ਅਚਨਚੇਤ ਚੈਕਿੰਗ ਦੌਰਾਨ ਸਮੂਹ ਸਟਾਫ ਦੀ ਹਾਜਰੀ ਚੈਕ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਲੋਕਾਂ ਤੱਕ ਪਹੁੰਚਦੀਆਂ ਸਿਹਤ ਸਹੂਲਤਾਂ ਬਾਰੇ ਅਤੇ ਕਲੀਨਿਕ ਵਿਚ ਦਰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਹਾਸਲ ਕੀਤੀ। ਸਾਰੇ ਆਮ ਆਦਮੀ ਕਲੀਨਿਕ ਦਾ ਦੌਰਾ ਕਰਦੇ ਹੋਏ ਇਲਾਜ ਕਰਵਾਉਣ ਆਏ ਮਰੀਜ਼ਾ ਨਾਲ ਗਲਬਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸੰਤੋਸ਼ਟੀ ਪ੍ਰਗਟਾਉਂਦੇ ਹੋਏ ਸਮੂਹ ਸਟਾਫ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਕਲੀਨਿੰਕ ਵਿਖੇ ਆਉਂਦੇ ਹੋਏ ਮਰੀਜ਼ਾ ਨੂੰ ਕਿਸੇ ਵੀ ਪ੍ਰਕਾਰ ਦੀ ਔਕੜ ਨਾ ਆਉਣ ਦਿਤੀ ਜਾਵੇ ਅਤੇ ਉਪਲੱਬਧ ਦਵਾਈਆਂ ਮੁਹਈਆਂ ਕਰਵਾਈਆਂ ਜਾਣ। ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਸਮੇਂ-ਸਮੇਂ ਤੇ ਚਲ ਰਹੇ ਸਿਹਤ ਪ੍ਰੋਗਰਾਮਾਂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤੇ ਜਾਵੇ, ਸਮੇ ਸਿਰ ਸਟਾਫ ਦੀ ਹਾਜਰੀ ਯਕੀਨੀ ਬਣਾਈ ਜਾਵੇ। ਇਸ ਮੌਕੇ ਆਮ ਆਦਮੀ ਕਲੀਨਿਕ ਦੇ ਸਟਾਫ਼ ਵੱਲੋਂ ਕੰਮ ਕਾਜ ਵਿੱਚ ਆ ਰਹੀਆਂ ਔਕੜਾਂ ਬਾਰੇ ਜਾਣੂ ਕਰਵਾਇਆ ਗਿਆ ਜਿਨ੍ਹਾਂ ਵਿੱਚੋ ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਕੁਮਾਰ ਰਾਜਨ ਵੱਲੋਂ ਕੁਝ ਦਾ ਹੱਲ ਮੌਕੇ ਤੇ ਹੀ ਕਰ ਦਿੱਤਾ ਗਿਆ ਰਹਿੰਦੀਆਂ ਸਮੱਸਿਆ ਦਾ ਹੱਲ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂ ਕੇ ਹੱਲ ਕਰਨ ਦਾ ਭਰੋਸਾ ਦਵਾਇਆ ਗਿਆ। ਇਸ ਮੌਕੇ ਡਾ. ਨਿਰਮਲ ਸਿੰਘ, ਡਾ. ਹਰਪ੍ਰੀਤ ਸਿੰਘ, ਜਸਤਿੰਦਰ ਸਿੰਘ ਬੀ.ਈ.ਈ, ਫਾਰਮੇਸੀ ਅਫਸਰ ਰਣਜੋਧ ਸਿੰਘ ਕ੍ਰਿਨੀਕਲ ਐਸਿਸਟੈਂਟ ਪਰਵਿੰਦਰ ਕੌਰ ਅਤੇ ਮੀਨਾ ਕੁਮਾਰੀ ਸਮੂਹ ਸਟਾਫ ਅਤੇ ਆਮ ਲੋਕ ਹਾਜ਼ਰ ਸਨ।

# ਉਦਯੋਗਿਕ ਸੁਰੱਖਿਆ ਲਈ ਸਮੀਖਿਆ ਮੀਟਿੰਗ

ਲੁਧਿਆਣਾ,17 ਜਨਵਰੀ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ, ਲੁਧਿਆਣਾ ਹਿਮਾਂਸ਼ੂ ਜੈਨ ਆਈ.ਏ.ਐਸ ਦੀ ਪ੍ਰਧਾਨਗੀ ਹੇਠ ਅੱਜ ਇੱਕ ਉਦਯੋਗਿਕ ਸੁਰੱਖਿਆ ਸਮੀਖਿਆ ਮੀਟਿੰਗ ਦਾ ਆਯੋਜਨ ਹੋਇਆ ਜਿਸਦਾ ਉਦੇਸ਼ ਉਦਯੋਗਿਕ ਸੁਰੱਖਿਆ ਤਿਆਰੀ ਨੂੰ ਮਜ਼ਬੂਤ ਕਰਨਾ, ਉਦਯੋਗਿਕ ਹਾਦਸਿਆਂ ਨੂੰ ਰੋਕਣਾ ਅਤੇ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਅਤੇ ਉਦਯੋਗਿਕ ਇਕਾਈਆਂ ਵਿਚਕਾਰ ਤਾਲਮੇਲ ਨਾਲ ਐਮਰਜੈਂਸੀ ਪ੍ਰਤੀਕਿਰਿਆ ਵਿਧੀਆਂ ਨੂੰ ਵਧਾਉਣਾ ਸ਼ਾਮਲ ਸੀ।ਮੀਟਿੰਗ ਦੌਰਾਨ ਉਦਯੋਗਿਕ ਸੁਰੱਖਿਆ ਲਈ ਵਿਆਪਕ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ.ਓ.ਪੀਜ਼) ਤਿਆਰ ਕਰਨ ਲਈ ਇੱਕ ਜ਼ਿਲ੍ਹਾ ਉਦਯੋਗਿਕ ਸੁਰੱਖਿਆ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ ਵਿੱਚ ਨੇੜਲੀਆਂ ਸਿਹਤ ਸਹੂਲਤਾਂ ਦੀ ਮੈਪਿੰਗ, ਫਾਇਰ ਬ੍ਰਿਗੇਡ ਸੇਵਾਵਾਂ ਦੀ ਉਪਲਬਧਤਾ, ਉਦਯੋਗਾਂ ਦੁਆਰਾ ਛੱਡੀਆਂ ਜਾਣ ਵਾਲੀਆਂ ਸੰਭਾਵੀ ਖਤਰਨਾਕ ਗੈਸਾਂ ਦੀ ਪਛਾਣ ਅਤੇ ਪ੍ਰਭਾਵਸ਼ਾਲੀ ਤਾਲਮੇਲ ਅਤੇ ਤੇਜ਼ ਐਮਰਜੈਂਸੀ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣ ਲਈ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਸ਼ਾਮਲ ਹੋਵੇਗੀ। ਜ਼ਿਲ੍ਹੇ ਵਿੱਚ ਕੰਮ ਕਰਨ ਵਾਲੀਆਂ ਸਾਰੀਆਂ ਪੋਕਲੇਨ, ਜੇ.ਸੀ.ਬੀ ਮਸ਼ੀਨਾਂ ਨੂੰ ਜੀ.ਪੀ.ਐਸ ਸਿਸਟਮ ਨਾਲ ਲੈਸ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਖੁਦਾਈ ਗਤੀਵਿਧੀਆਂ ਦੌਰਾਨ ਅਸਲ-ਸਮੇਂ ਦੀ ਨਿਗਰਾਨੀ ਨੂੰ ਸਮਰੱਥ ਬਣਾਇਆ ਜਾ ਸਕੇ ਅਤੇ ਸੁਰੱਖਿਆ ਵਧਾਈ ਜਾ ਸਕੇ। ਥਿੰਕ ਗੈਸ ਦੁਆਰਾ ਜੀ.ਪੀ.ਐਸ. ਉਪਕਰਣ ਮੁਫਤ ਸਥਾਪਿਤ ਕੀਤੇ ਜਾਣਗੇ। ਸਾਰੇ ਉਦਯੋਗਾਂ ਨੂੰ ਅਗਲੇ ਇੱਕ ਮਹੀਨੇ ਦੌਰਾਨ ਆਪਣੇ ਉਦਯੋਗ ਵਿੱਚ ਜਾਗਰੂਕਤਾ-ਕਮ-ਮੌਕ ਡ੍ਰਿਲ ਅਭਿਆਸ ਦਾ ਆਯੋਜਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਅਭਿਆਸ ਜ਼ਮੀਨੀ ਤਿਆਰੀ, ਐਮਰਜੈਂਸੀ ਪ੍ਰਤੀਕਿਰਿਆ ਸਮਰੱਥਾਵਾਂ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਦਾ ਮੁਲਾਂਕਣ ਕਰਨਗੇ।ਐਮਰਜੈਂਸੀ ਦੀ ਸਥਿਤੀ ਵਿੱਚ ਲੋਕਾਂ ਅਤੇ ਸਬੰਧਤ ਵਿਭਾਗ ਤੁਰੰਤ ਸਹਾਇਤਾ ਅਤੇ ਤਾਲਮੇਲ ਲਈ ਗੇਲ ਦੇ ਟੋਲ-ਫ੍ਰੀ ਐਮਰਜੈਂਸੀ ਨੰਬਰ 15101 ਤੇ ਸੰਪਰਕ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਜੈਨ ਵੱਲੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਉਦਯੋਗਿਕ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਾਰੇ ਸਬੰਧਤ ਵਿਭਾਗਾਂ ਅਤੇ ਉਦਯੋਗਾਂ ਨੂੰ ਲਏ ਗਏ ਫੈਸਲਿਆਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਲੁਧਿਆਣਾ ਵਿੱਚ ਜਨਤਕ ਸੁਰੱਖਿਆ ਦੇ ਹਿੱਤ ਵਿੱਚ ਇਹਨਾਂ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਨਿਯਮਤ ਨਿਗਰਾਨੀ ਅਤੇ ਪੈਰਵਾਈ ਕੀਤੀ ਜਾਵੇਗੀ।

# ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵੱਲੋਂ ਝੀਂਡਾ ਨੂੰ ਝਟਕਾ

ਲੁਧਿਆਣਾ, 17 ਜਨਵਰੀ (ਕਰਨੈਲ ਸਿੰਘ ਐੱਮ.ਏ.) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਨੂੰ ਸੁਚੱਜਾ ਚਲਾਉਣ ਅਤੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੀਆਂ ਮਨਮਾਨੀਆਂ ਨੂੰ ਰੋਕਣ ਵਾਸਤੇ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਕੋਲ ਕੇਸ ਦਾਇਰ ਕੀਤਾ ਗਿਆ ਸੀ ਜਿਸ ਦੀ ਸੁਣਵਾਈ ਚੰਡੀਗੜ੍ਹ 17 ਸੈਕਟਰ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਦਫਤਰ ਵਿੱਚ ਕਰਦਿਆਂ ਕਮਿਸ਼ਨਰ ਦਰਸ਼ਨ ਸਿੰਘ ਜੌੜਾ ਵੱਲੋਂ 16 ਜਨਵਰੀ 2026 ਨੂੰ ਆਰਡਰ ਪਾਸ ਕੀਤਾ ਗਿਆ ਜਿਸ ਦੇ ਤਹਿਤ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਮੇਜਰ ਫੰਡਾਂ ਦੀ ਵਰਤੋਂ ਮਨਮਰਜ਼ੀ ਨਾਲ ਕਰਨ ਤੇ ਰੋਕ ਲਗਾ ਦਿੱਤੀ ਅਤੇ ਕਮੇਟੀ ਦੇ ਚੀਫ ਸਕੱਤਰ ਨੂੰ ਹੁਕਮ ਜਾਰੀ ਕੀਤਾ ਗਿਆ ਕਿ ਕਮੇਟੀ ਦਾ ਕੋਈ ਵੀ ਮੈਂਬਰ ਦਫਤਰ ਦਾ ਰਿਕਾਰਡ ਜਦੋਂ ਚਾਹੇ ਦੇਖ ਸਕਦਾ ਹੈ । ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਮੇਟੀ ਦੇ ਸੀਨੀਅਰ ਮੈਂਬਰ ਸ: ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਵੱਲੋਂ ਡਿਕਟੇਟਰਸ਼ਿਪ ਕੀਤੀ ਜਾ ਰਹੀ ਹੈ ਜਿਸ ਨਾਲ ਕਮੇਟੀ ਦਾ ਸਾਰਾ ਮਾਹੌਲ ਖ਼ਰਾਬ ਅਤੇ ਪ੍ਰਬੰਧ ਡਗਮਗਾ ਚੁੱਕਾ ਹੈ । ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਪਹਿਲਾਂ ਵੀ 2014 ਤੋਂ 2020 ਤੱਕ ਜਦੋਂ ਝੀਂਡਾ ਪ੍ਰਧਾਨ ਰਿਹਾ ਤਾਂ ਉਸ ਵੇਲੇ ਵੀ ਐਗਜੈਕਟਿਵ ਦਾ ਕੋਰਮ ਪੂਰਾ ਨਹੀਂ ਸੀ ਹੁੰਦਾ ਤੇ ਝੀਂਡਾ ਘਰਾਂ ਵਿੱਚ ਕਾਰਵਾਈ ਰਜਿਸਟਰ ਭੇਜ ਕੇ ਮੈਂਬਰਾਂ ਤੋਂ ਦਸਤਖ਼ਤ ਕਰਵਾਇਆ ਕਰਦਾ ਸੀ। ਹੁਣ ਵੀ ਇਸੇ ਤਰ੍ਹਾਂ ਝੀਂਡਾ ਦੀਆਂ ਤਿੰਨ ਐਗਜੈਕਟਿਵ ਅਤੇ ਤਿੰਨ ਜਨਰਲ ਹਾਊਸ ਦੀਆਂ ਮੀਟਿੰਗਾਂ ਫੇਲ ਹੋ ਚੁੱਕੀਆਂ ਹਨ । 7 ਜਨਵਰੀ ਨੂੰ ਬਜ਼ਟ ਇਜ਼ਲਾਸ ਵਿੱਚ ਮੈਂਬਰਾਂ ਦਾ ਕੋਰਮ ਪੂਰਾ ਨਾ ਹੋਣ ਦੇ ਬਾਵਜੂਦ ਵੀ ਝੀਂਡਾ ਨੇ ਬਜ਼ਟ ਪਾਸ ਕਰਨ ਦਾ ਐਲਾਨ ਕਰ ਦਿੱਤਾ ਸੀ, ਜਦੋਂ ਕਿ 49 ਮੈਂਬਰਾਂ ਚੋਂ 33 ਮੈਂਬਰਾਂ ਦੀ ਦੋ ਤਿਹਾਈ ਬਹੁਮਤ ਦੀ ਬਜਾਏ ਕੇਵਲ 28 ਮੈਂਬਰ ਹਾਜ਼ਰ ਸਨ। ਝੀਂਡਾ ਨੇ 8 ਜਨਵਰੀ ਨੂੰ ਦਫ਼ਤਰ ਦਾ ਰਜਿਸਟਰ ਗੈਰਕਾਨੂੰਨੀ ਢੰਗ ਨਾਲ ਗੱਡੀ ਵਿੱਚ ਰੱਖ ਕੇ ਮੈਂਬਰਾਂ ਦੇ ਘਰਾਂ ਵਿੱਚ ਅਗਲੇ ਦਿਨ ਜਾ ਕੇ ਦਸਤਖ਼ਤ ਕਰਵਾਏ ਅਤੇ ਅਜਿਹੇ ਮੈਂਬਰਾਂ ਦੇ ਜਿਹੜੇ 7 ਤਰੀਕ ਨੂੰ ਇਜਲਾਸ ਵਿੱਚ ਕੁਰੂਕਸ਼ੇਤਰ ਨਹੀਂ ਸਗੋਂ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਸਾਡੇ ਨਾਲ ਹਾਜ਼ਰ ਸਨ । ਝੀਂਡਾ ਵੱਲੋਂ ਸੰਗਤਾਂ ਦੀਆਂ ਅੱਖਾਂ ਵਿੱਚ ਝੂਠ ਬੋਲ ਕੇ ਘੱਟਾ ਪਾਇਆ ਜਾ ਰਿਹਾ ਹੈ । ਝੀਂਡਾ ਨੇ ਮੀਡੀਆ ਵਿੱਚ ਕਿਹਾ ਸੀ ਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਅਸੀਂ ਮਤਾ ਪਾਸ ਕਰਕੇ ਸਰਬਸੰਮਤੀ ਨਾਲ ਧਰਮ ਪ੍ਰਚਾਰ ਚੇਅਰਮੈਨ ਤੋਂ ਹਟਾ ਦਿੱਤਾ ਹੈ ਪਰ ਜਦੋਂ ਕੱਲ੍ਹ ਜੁਡੀਸ਼ਲ ਕਮਿਸ਼ਨ ਨੇ ਰਜਿਸਟਰ ਚੈੱਕ ਕੀਤਾ ਤਾਂ ਉਸ ਦੇ ਵਿੱਚ ਅਜਿਹਾ ਕੋਈ ਵੀ ਮਤਾ ਨਹੀਂ ਸੀ । ਇਨ੍ਹਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਜਗਦੀਸ਼ ਸਿੰਘ ਝੀਂਡਾ ਬਾਰ-ਬਾਰ ਝੂਠ ਬੋਲ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਹੈ ।

# ਗੁਰੂ ਸਾਹਿਬਾਨ ਵੱਲੋਂ ਦਰਸਾਏ ਸੱਚ ਦੇ ਮਾਰਗ ਤੇ ਚੱਲਣਾ ਜਰੂਰੀ : ਓਬਰਾਏ



ਫਤਿਹਗੜ੍ਹ ਸਾਹਿਬ ,16 ਜਨਵਰੀ : (ਹਰਪ੍ਰੀਤ ਕੌਰ ਟਿਵਾਣਾ) ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਸਰਦਾਰ ਐਸ ਪੀ ਐਸ ਓਬਰਾਏ ਦੇ ਨਿਰਦੇਸ਼ਾਂ ਤੇ ਜਿਲ੍ਹਾ ਯੂਨਿਟ ਫਤਿਹਗੜ੍ਹ ਸਾਹਿਬ ਵੱਲੋਂ ਜਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਮੀਤ ਪ੍ਰਧਾਨ ਸ਼੍ਰੀ ਜੈ ਕ੍ਰਿਸਨ ਸਾਬਕਾ ਡੀ ਪੀ ਆਰ ਓ, ਪਰਮਜੀਤ ਸਿੰਘ ਹਰੀਪੁਰ ਸੈਕਟਰੀ ਵੱਲੋ 200 ਦੇ ਕਰੀਬ ਲੋੜਵੰਦ, ਵਿਧਵਾਵਾਂ, ਅੰਗਹੀਣ, ਬਿਮਾਰੀ ਤੋਂ ਪੀੜਤਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈਕ ਤਕਸੀਮ ਕੀਤੇ ਗਏ । ਇਸ ਮੌਕੇ ਟਰੱਸਟ ਦੇ ਬਾਨੀ ਐਸ ਪੀ ਐਸ ਓਬਰਾਏ ਨੇ ਸਰਬੱਤ ਦਾ ਭਲਾ ਟਰੱਸਟ ਨਾਲ ਜੁੜ ਕੇ ਪੈਨਸਨਾਂ ਲੈ ਰਹੇ ਲਾਭਪਾਤਰੀਆਂ ਦੀ ਸਿਹਤਯਾਬੀ ਲਈ ਕਾਮਨਾ ਕਰਦੇ ਹੋਏ ਆਖਿਆ ਕਿ ਸਾਨੂੰ ਹਮੇਸ਼ਾ ਗੁਰੂ ਸਾਹਿਬਾਨ ਵੱਲੋਂ ਦਰਸਾਏ ਸੱਚ ਦੇ ਮਾਰਗ ਤੇ ਚਲਣਾ ਚਾਹੀਦਾ ਹੈ । ਇਸ ਮੌਕੇ ਪ੍ਰਧਾਨ ਯਾਦਵਿੰਦਰ ਸਿੰਘ ਨੇ ਦਸਿਆ ਕਿ ਹਰ ਮਹੀਨੇ ਸ੍ਰ ਐਸ ਪੀ ਐਸ ਓਬਰਾਏ ਸਾਹਿਬ ਲੱਖਾਂ ਰੁਪਏ ਆਪਣੀ ਕਿਰਤ ਕਮਾਈ ਚੋਂ ਜਰੂਰਤਮੰਦ ਲੋਕਾਂ ਨੂੰ ਪੈਨਸਨਾਂ ਦੇ ਰੂਪ ਵਿੱਚ ਦਿੰਦੇ ਹਨ ਅਤੇ ਹੋਰ ਸਮਾਜਿਕ ਖੇਤਰਾਂ ਵਿਚ ਵੀ ਵੱਡੀ ਆਰਥਿਕ ਸੇਵਾ ਨਿਭਾ ਰਹੇ ਹਨ । ਉਨ੍ਹਾਂ ਦੱਸਿਆ ਸਰਬੱਤ ਦਾ ਭਲਾ ਟਰੱਸਟ ਵੱਲੋਂ ਹੁਸ਼ਿਆਰ ਬੱਚਿਆਂ ਦੀਂ ਹਾਇਰ ਐਜੂਕੇਸ਼ਨ ਲਈ ਸਕਾਲਰਸ਼ਿਪ ਵੀਂ ਦਿੱਤੀ ਜਾਂਦੀ ਹੈ । ਇਸ ਮੌਕੇ ਹਰਵਿੰਦਰ ਸਿੰਘ, ਦਲਵਿੰਦਰ ਸਿੰਘ, ਦਫਤਰ ਇੰਚਾਰਜ ਜਸਵੰਤ ਸਿੰਘ ਵੀਂ ਮੌਜੂਦ ਸਨ ।

# ਡੀ.ਸੀ ਵੱਲੋਂ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਸਮੀਖਿਆ ਮੀਟਿੰਗ



ਲੁਧਿਆਣਾ,17 ਜਨਵਰੀ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ੁੱਕਰਵਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਖੇਡ ਮੈਦਾਨ ਵਿਖੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਦਿਹਾੜੇ ਨੂੰ ਪੂਰੇ ਉਤਸ਼ਾਹ, ਆਪਸੀ ਮਿਲਵਰਤਨ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇ ਅਤੇ ਸਾਰੇ ਵਿਭਾਗ ਆਪੋ ਆਪਣੇ ਪੱਧਰ ਉਤੇ ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ 26 ਜਨਵਰੀ ਨੂੰ ਪੀ.ਏ.ਯੂ ਦੇ ਖੇਡ ਮੈਦਾਨ ਵਿਖੇ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਤਿਰੰਗੇ ਨੂੰ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਦੇ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਅਤੇ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਤਿਆਰ ਕੀਤੀਆਂ ਜਾਣਗੀਆਂ, ਜਿਸ ਲਈ ਸਬੰਧਤ ਵਿਭਾਗ ਲੋੜੀਂਦੀ ਤਿਆਰੀ ਨੂੰ ਯਕੀਨੀ ਬਣਾਉਣ। ਹਿਮਾਂਸ਼ੂ ਜੈਨ ਨੇ ਵੱਖ ਵੱਖ ਕਾਰਜਾਂ ਲਈ ਗਠਿਤ ਕਮੇਟੀਆਂ ਨੂੰ ਕੰਮਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਅਤੇ ਸਮਾਗਮ ਦੌਰਾਨ ਹਰ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਹੋਵੇਗੀ, ਜਿਸ ਵਿੱਚ ਦੇਸ਼ਭਗਤੀ 'ਤੇ ਆਧਾਰਿਤ ਵੰਨਗੀਆਂ ਦੇ ਨਾਲ ਨਾਲ ਲੋਕ ਨਾਚਾਂ ਦੀਆਂ ਟੀਮਾਂ ਦੀ ਚੋਣ ਕੀਤੀ ਜਾਵੇਗੀ। ਸਮਾਗਮ ਸਥਾਨ ਉੱਤੇ 19 ਜਨਵਰੀ ਤੋਂ ਰਿਹਰਸਲਾਂ ਸ਼ੁਰੂ ਹੋਣਗੀਆਂ ਅਤੇ 23 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ, ਮੰਡੀ ਬੋਰਡ, ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਨਿਗਮ, ਖੇਡ ਵਿਭਾਗ, ਬਾਗਬਾਨੀ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਕੇਸ਼ ਕੁਮਾਰ, ਸਹਾਇਕ ਕਮਿਸ਼ਨਰ (ਜਨਰਲ) ਪਾਇਲ ਗੋਇਲ, ਉਪ ਮੰਡਲ ਮੈਜਿਸਟਰੇਟ (ਲੁਧਿਆਣਾ ਪੂਰਬੀ) ਜਸਲੀਨ ਕੌਰ ਭੁੱਲਰ, ਉਪ ਮੰਡਲ ਮੈਜਿਸਟਰੇਟ (ਲੁਧਿਆਣਾ ਪੱਛਮੀ) ਡਾ. ਪੂਨਮਪ੍ਰੀਤ ਕੌਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਪੁਲਿਸ ਦਾ ਨਸ਼ਾ ਤਸਕਰਾਂ 'ਤੇ ਵੱਡਾ ਵਾਰ: 'ਕਾਸੋ' ਅਪਰੇਸ਼ਨ ਦੌਰਾਨ 17 ਇਲਾਕਿਆਂ 'ਚ ਤਲਾਸ਼ੀ, 2 ਕਾਬੂ

## ਐਸ.ਐਸ.ਪੀ. ਦੀ ਅਗਵਾਈ ਹੇਠ ਪੁਲਿਸ ਨੇ ਨਸ਼ਾ ਪ੍ਰਭਾਵਿਤ ਖੇਤਰਾਂ ਨੂੰ ਪਾਇਆ ਘੇਰਾ



ਜਗਰਾਓਂ, 17 ਜਨਵਰੀ: (ਦਵਿੰਦਰ ਜੈਨ) :ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਪੰਜਾਬ ਦੇ ਸਖ਼ਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਲੁਧਿਆਣਾ ਦਿਹਾਤੀ ਪੁਲਿਸ ਨੇ ਅੱਜ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਦੇ ਮਨਸੂਬਿਆਂ ਨੂੰ ਨਕਾਮ ਕਰਨ ਲਈ ਇੱਕ ਵਿਸ਼ੇਸ਼ 'ਕਾਸੋ' ਅਪਰੇਸ਼ਨ ਚਲਾਇਆ। ਇਸ ਅਪਰੇਸ਼ਨ ਦੀ ਅਗਵਾਈ ਐਸ.ਐਸ.ਪੀ. ਲੁਧਿਆਣਾ ਦਿਹਾਤੀ ਡਾ. ਅੰਕੁਰ ਗੁਪਤਾਨੇ ਕੀਤੀ।17 **ਨਸ਼ਾ ਪ੍ਰਭਾਵਿਤ ਖੇਤਰਾਂ 'ਚ ਪੁਲਿਸ ਦੀ ਛਾਪੇਮਾਰੀ**ਜਾਣਕਾਰੀ ਸਾਂਝੀ ਕਰਦਿਆਂ ਐਸ.ਐਸ.ਪੀ. ਡਾ. ਅੰਕੁਰ ਗੁਪਤਾ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲੇ ਇਸ ਵਿਸ਼ੇਸ਼ ਅਭਿਆਨ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਅਧੀਨ ਆਉਂਦੇ 17 ਨਸ਼ਾ ਪ੍ਰਭਾਵਿਤ ਖੇਤਰਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ। ਪੁਲਿਸ ਬਲ ਨੇ ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਅਤੇ ਇਲਾਕਿਆਂ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਚੈਕਿੰਗ ਕੀਤੀ।ਇਸ ਅਪਰੇਸ਼ਨ ਦੌਰਾਨ ਥਾਣਾ ਸਿਟੀ ਜਗਰਾਓਂ ਦੀ ਪੁਲਿਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਥਾਣਾ ਮੁਖੀ ਇੰਸਪੈਕਟਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਵੱਲੋਂ ਸ਼ਹਿਰ ਦੇ ਸੰਵੇਦਨਸ਼ੀਲ ਇਲਾਕਿਆਂ ਮੁਹੱਲਾ ਮਾਈ ਜੀਨਾ ਅਤੇ ਇੰਦਰਾ ਕਲੋਨੀ ਨੂੰ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਚਲਾਈ ਗਈ।ਇੰਸਪੈਕਟਰ ਪਰਮਿੰਦਰ ਸਿੰਘ ਨੇ ਦੱਸਿਆ:ਸਰਚ ਅਭਿਆ ਨ ਦੌਰਾਨ ਅਸੀਂ ਦੋ ਸ਼ੱਕੀ ਵਿਅਕਤੀਆਂ ਨੂੰ ਰਾਊਂਡ ਅਪ ਕੀਤਾ, ਜਿਨ੍ਹਾਂ ਕੋਲੋਂ ਚੈਕਿੰਗ ਦੌਰਾਨ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ। ਦੋਵਾਂ ਦੋਸ਼ੀਆਂ ਖਿਲਾਫ ਥਾਣਾ ਸਿਟੀ ਜਗਰਾਓਂ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।**ਪੁਲਿਸ ਦਾ ਸਪੱਸ਼ਟ ਸੁਨੇਹਾ: ਅਪਰਾਧੀਆਂ ਦੀ ਖੈਰ ਨਹੀਂ**ਐਸ.ਐਸ.ਪੀ. ਡਾ. ਅੰਕੁਰ ਗੁਪਤਾ ਨੇ ਸਪੱਸ਼ਟ ਕੀਤਾ ਕਿ ਇਸ ਅਪਰੇਸ਼ਨ ਦਾ ਮੁੱਖ ਮੰਤਵ ਨਾ ਸਿਰਫ ਨਸ਼ੇ ਦਾ ਖਾਤਮਾ ਕਰਨਾ ਹੈ, ਬਲਕਿ ਅਪਰਾਧੀ ਅਨਸਰਾਂ ਦੇ ਮਨਾਂ ਵਿੱਚ ਕਾਨੂੰਨ ਦਾ ਡਰ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਹੁਣ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।




ਡਾ: ਨੌਰੰਗ ਸਿੰਘ ਮਾਂਗਟ ਮੁੱਖ ਪ੍ਰਬੰਧਕ ਗੁਰੂ ਅਮਰਦਾਸ ਅਪਾਹਜ ਆਸ਼ਰਮ ਸਰਾਭਾ -ਸਹੌਲੀ ਲੁਧਿਆਣਾ ਨੂੰ ਸਮਾਜਿਕ ਸੇਵਾਵਾਂ ਬਦਲੇ ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਰਾਜ ਪੁਰਸਕਾਰ ਦੇ ਕੇ ਸਨਮਾਨਿਤ ਕਰਦੇ ਹੋਏ। (ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ. ਏ. ਲੁਧਿਆਣਾ)

# ਅਲਟਰਾਟੈਕ ਕੰਪਨੀ ਨੇ ਗਰੀਬਾਂ ਨੂੰ ਕੰਬਲ ਵੰਡੇ ਅਤੇ ਸਿਲਾਈ ਕੇਂਦਰ ਨੂੰ ਪੰਜ ਮਸ਼ੀਨਾਂ ਦਿੱਤੀਆਂ



ਸ੍ਰੀ ਕੀਰਤਪੁਰ ਸਾਹਿਬ 17 ਜਨਵਰੀ (ਬੀ ਐਸ ਰਾਣਾ)ਆਪਣੇ ਸੀਐਸਆਰ ਪ੍ਰੋਗਰਾਮ ਤਹਿਤ, ਅਲਟਰਾਟੈਕ ਸੀਮੈਂਟ ਬਘੇਰੀ ਯੂਨਿਟ ਨੇ ਪਿੰਡ ਪਡਿਆਣਾ ਵਿੱਚ ਗਰੀਬ ਲੋੜਵੰਦ ਔਰਤਾਂ ਅਤੇ ਵਿਅਕਤੀਆਂ ਨੂੰ ਕੰਬਲ ਵੰਡੇ। ਇਸ ਸਮਾਜਿਕ ਪਹਿਲਕਦਮੀ ਦਾ ਮੁੱਖ ਉਦੇਸ਼ ਠੰਡ ਦੇ ਮੌਸਮ ਵਿੱਚ ਗਰੀਬ ਅਤੇ ਕਮਜ਼ੋਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ।ਇਸ ਮੌਕੇ ਅਲਟਰਾਟੈਕ ਸੀਮੈਂਟ ਬਘੇਰੀ ਯੂਨਿਟ ਦੇ ਮੁਖੀ ਅਮਿਤ ਦੂਬੇ ਨੇ ਅਲਟਰਾਟੈਕ ਦੁਆਰਾ ਚਲਾਏ ਜਾ ਰਹੇ ਸਿਲਾਈ ਕੇਂਦਰ ਨੂੰ ਪੰਜ ਨਵੀਆਂ ਸਿਲਾਈ ਮਸ਼ੀਨਾਂ ਵੀ ਦਾਨ ਕੀਤੀਆਂ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਕਿਹਾ ਕਿ ਇਨ੍ਹਾਂ ਮਸ਼ੀਨਾਂ ਰਾਹੀਂ, ਔਰਤਾਂ ਆਪਣੇ ਹੁਨਰ ਨੂੰ ਨਿਖਾਰ ਸਕਦੀਆਂ ਹਨ, ਸਵੈ-ਨਿਰਭਰ ਬਣ ਸਕਦੀਆਂ ਹਨ ਅਤੇ ਬਿਹਤਰ ਜੀਵਨ ਬਤੀਤ ਕਰ ਸਕਦੀਆਂ ਹਨ।ਅਮਿਤ ਦੂਬੇ ਨੇ ਦੱਸਿਆ ਕਿ ਅਲਟਰਾਟੈਕ ਸੀਮੈਂਟ, ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਸੀਐਸਆਰ ਦੇ ਹਿੱਸੇ ਵਜੋਂ, ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਆਲੇ ਦੁਆਲੇ ਦੇ ਪਿੰਡਾਂ ਵਿੱਚ ਲਗਾਤਾਰ ਕੰਮ ਕਰਦਾ ਆ ਰਿਹਾ ਹੈ। ਇਸ ਮੌਕੇ ਹੇਮੰਤ ਸ਼ਰਮਾ, ਰਮੇਸ਼ ਯਾਦਵ, ਦਵਿੰਦਰ ਸਿੰਘ, ਬਾਬਾ ਸਤਵੀਰ ਸਿੰਘ,ਨਿਸ਼ਾ ਰਾਣੀ, ਰਣਵੀਰ ਕੌਰ, ਲਖਬੀਰ ਸਿੰਘ ਆਦਿ ਮੁਹਤਬਰ ਵਿਅਕਤੀ ਹਾਜ਼ਰ ਸਨ।

# 'ਸੀ.ਐਮ. ਦੀ ਯੋਗਸ਼ਾਲਾ' ਰਾਹੀਂ ਸਿਹਤਮੰਦ ਬਣ ਰਹੇ ਹਨ ਨਾਗਰਿਕ



ਸਰਹਿੰਦ, 16 ਜਨਵਰੀ: (ਹਰਪ੍ਰੀਤ ਕੌਰ ਟਿਵਾਣਾ) ਮੁੱਖ ਮੰਤਰੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਲਾਈ ਜਾ ਰਹੀ 'ਸੀ.ਐਮ. ਦੀ ਯੋਗਸ਼ਾਲਾ' ਮੁਹਿਮ ਤਹਿਤ ਪਿੰਡ ਹਰਬੰਸਪੁਰਾ ਵਿਖੇ ਰੋਜ਼ਾਨਾ ਸਵੇਰੇ ਲੱਗ ਰਹੀਆਂ ਯੋਗ ਕਲਾਸਾਂ ਇਲਾਕਾ ਨਿਵਾਸੀਆਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ। ਯੋਗ ਟ੍ਰੇਨਰ ਰਮਨਜੋਤ ਕੌਰ ਦੀ ਅਗਵਾਈ ਹੇਠ ਲੱਗ ਰਹੀਆਂ ਇਨ੍ਹਾਂ ਕਲਾਸਾਂ ਵਿੱਚ ਲੋਕ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਾਪਤ ਕਰ ਰਹੇ ਹਨ।ਇਸ ਮੌਕੇ ਇਕ ਭਾਗੀਦਾਰ ਹਰਦੀਪ ਨੇ ਆਪਣਾ ਅਨੁਭਵ ਸਾਂਝਾ ਕਰਦਿਆਂ ਦੱਸਿਆ ਕਿ ਉਹ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪੀੜਤ ਸਨ ਅਤੇ ਦਵਾਈਆਂ ਲੈਣ ਲਈ ਮਜਬੂਰ ਸਨ, ਪਰ ਯੋਗ ਅਪਣਾਉਣ ਨਾਲ ਹੁਣ ਉਹ ਬਿਨਾਂ ਦਵਾਈਆਂ ਦੇ ਚੰਗੀ ਨੀਂਦ ਲੈ ਰਹੇ ਹਨ ਅਤੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੰਦਰੁਸਤ ਮਹਿਸੂਸ ਕਰ ਰਹੇ ਹਨ।ਜ਼ਿਲ੍ਹਾ ਕੋਆਰਡੀਨੇਟਰ ਰਮਨਜੀਤ ਕੌਰ ਨੇ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਨਾਗਰਿਕਾਂ ਨੂੰ ਰੋਗ ਮੁਕਤ ਅਤੇ ਤਣਾਅ ਰਹਿਤ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਅਪੀਲ ਕੀਤੀ ਕਿ ਜਿਹੜੇ ਵੀ ਨਾਗਰਿਕ ਆਪਣੇ ਮੁਹੱਲੇ ਜਾਂ ਪਿੰਡ ਵਿੱਚ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹਨ, ਉਹ 25 ਵਿਅਕਤੀਆਂ ਦਾ ਸਮੂਹ ਬਣਾ ਕੇ ਸਰਕਾਰ ਦੇ ਟੋਲ-ਫ੍ਰੀ ਨੰਬਰ 76694-00500 ਤੇ ਮਿਸ ਕਾਲ ਕਰ ਸਕਦੇ ਹਨ ਜਾਂ ਵਿਭਾਗ ਦੀ ਵੈੱਬਸਾਈਟ ਤੇ ਜਾ ਕੇ ਖ਼ੁਦ ਨੂੰ ਰਜਿਸਟਰ ਕਰਵਾ ਸਕਦੇ ਹਨ।

# ਸਰਕਾਰੀ ਕਾਲਜ ਵਿੱਚ ਦੋ ਦਿਨਾਂ ਸਕਿੱਲ ਅਧਾਰਿਤ ਲੀਡਰਸ਼ਿਪ ਪ੍ਰੋਗਰਾਮ ਸਮਾਪਤ



ਗੁਰਦਾਸਪੁਰ,17 ਜਨਵਰੀ (ਜਗੀਰ ਸਿੰਘ ਮੰਡ) ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ, ਨੇਤ੍ਰਿਤਵ ਸਮਰੱਥਾ ਅਤੇ ਜੀਵਨ ਕੌਸ਼ਲਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕਰਵਾਏ ਗਏ ਦੋ ਦਿਨਾਂ ਦੇ ਸਕਿੱਲ ਅਧਾਰਿਤ ਲੀਡਰਸ਼ਿਪ ਪ੍ਰੋਗਰਾਮ ਸਮਾਪਤ ਹੋ ਗਿਆ। ਸਮਾਪਨ ਸਮਾਰੋਹ ਦੀ ਅਧਿਆਕਸ਼ਤਾ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਕੀਤੀ। ਆਪਣੇ ਵਿਸਥਾਰਿਤ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਇਹ ਦੋ ਦਿਨਾਂ ਦਾ ਪ੍ਰੋਗਰਾਮ ਸਿਰਫ਼ ਇੱਕ ਅਕਾਦਮਿਕ ਗਤੀਵਿਧੀ ਨਹੀਂ ਸੀ, ਸਗੋਂ ਵਿਦਿਆਰਥੀਆਂ ਦੇ ਚਰਿੱਤਰ, ਸੋਚ ਅਤੇ ਵਿਵਹਾਰ ਨੂੰ ਨਿਖਾਰਨ ਵਾਲਾ ਸੀ। ਉਨ੍ਹਾਂ ਨੇ ਕਿਹਾ ਕਿ ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਅਜਿਹੇ ਸਕਿੱਲ ਅਧਾਰਿਤ ਅਤੇ ਵਿਵਹਾਰਿਕ ਪ੍ਰੋਗਰਾਮਾਂ ਦੀ ਬਹੁਤ ਵੱਡੀ ਲੋੜ ਹੈ, ਕਿਉਂਕਿ ਸਿਰਫ਼ ਡਿਗਰੀਆਂ ਹੀ ਨਹੀਂ, ਸਗੋਂ ਲੀਡਰਸ਼ਿਪ, ਨੈਤਿਕਤਾ, ਸੰਜੀਦਗੀ ਅਤੇ ਸਮਾਜਿਕ ਜ਼ਿੰਮੇਵਾਰੀ ਹੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਕਾਮਯਾਬ ਬਣਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਕਾਲਜ ਗੁਰਦਾਸਪੁਰ ਭਵਿੱਖ ਵਿੱਚ ਵੀ ਵਿਦਿਆਰਥੀਆਂ ਲਈ ਅਜਿਹੇ ਪ੍ਰੋਗਰਾਮ ਨਿਰੰਤਰ ਤੌਰ 'ਤੇ ਕਰਵਾਉਂਦਾ ਰਹੇਗਾ।ਇਸ ਮੌਕੇ ਡੇਰਾ ਬਾਬਾ ਨਾਨਕ ਕੋਰੀਡੋਰ ਦੇ ਪੋਰਟ ਐਡਮਿਨਿਸਟ੍ਰੇਟਰ ਸ਼੍ਰੀ ਸੰਦੀਪ ਮਹਾਜਨ ਨੇ ਆਪਣੇ ਵਿਅਕਤੀਗਤ ਅਤੇ ਪ੍ਰਸ਼ਾਸਨਿਕ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਤੋਂ ਇਹ ਸਿੱਖਿਆ ਹੈ ਕਿ ਜਦ ਤੱਕ ਮਨੁੱਖ ਦੇ ਅੰਦਰ ਹਲੀਮੀ, ਨਿਮਰਤਾ ਅਤੇ ਸੰਜੀਦਗੀ ਨਹੀਂ ਹੁੰਦੀ, ਉਹ ਇੱਕ ਚੰਗਾ ਲੀਡਰ ਨਹੀਂ ਬਣ ਸਕਦਾ।ਉਨ੍ਹਾਂ ਨੇ ਵਿਦਿਆਰਥੀਆਂ ਸਿਧਾਂਤ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਅਤੇ ਕਿਹਾ ਕਿ ਪਹਿਲਾਂ ਸਿੱਖਣਾ, ਸਮਝਣਾ ਅਤੇ ਦੇਖਣਾ ਜ਼ਰੂਰੀ ਹੈ, ਫਿਰ ਜ਼ਿੰਮੇਵਾਰੀਆਂ ਆਪਣੇ ਆਪ ਮਿਲਦੀਆਂ ਹਨ। ਉਨ੍ਹਾਂ ਨੇ ਆਪਣੀ ਨੌਕਰੀ ਦੇ ਵੱਖ-ਵੱਖ ਪਹਿਲੂਆਂ ਰਾਹੀਂ ਲੀਡਰਸ਼ਿਪ ਦੇ ਅਮਲੀ ਗੁਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਸਮਾਰੋਹ ਦੇ ਮੁੱਖ ਮਹਿਮਾਨ ਡਾ. ਵਰਿੰਦਰ ਭਾਟੀਆ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਵਾਈਸ ਚੇਅਰਮੈਨ ਹਨ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦ ਤੱਕ ਅਸੀਂ ਵਿਦਿਆਰਥੀਆਂ ਨੂੰ ਵਿਵਹਾਰਿਕ ਲੀਡਰਸ਼ਿਪ ਨਾਲ ਨਹੀਂ ਜੋੜਦੇ ਅਤੇ ਉਨ੍ਹਾਂ ਨੂੰ ਲੀਡਰਸ਼ਿਪ ਦੀ ਅਸਲ ਵਿਆਖਿਆ ਨਹੀਂ ਸਮਝਾਉਂਦੇ, ਉਦੋਂ ਤੱਕ ਵਿਦਿਆਰਥੀ ਲੀਡਰਸ਼ਿਪ ਸ਼ਬਦ ਤੋਂ ਘ੍ਰਿਣਾ ਕਰਦੇ ਰਹਿਣਗੇ। ਸਮਾਪਨ ਸਮਾਰੋਹ ਦੌਰਾਨ ਪ੍ਰੋਗਰਾਮ ਨਾਲ ਜੁੜੇ ਰਿਸੋਰਸ ਪਰਸਨਜ਼ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ ਅਤੇ ਚੁਣੇ ਹੋਏ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਵਿਦਿਆਰਥੀਆਂ ਨੇ ਵੀ ਇਸ ਪ੍ਰੋਗਰਾਮ ਨੂੰ ਆਪਣੇ ਜੀਵਨ ਲਈ ਬਹੁਤ ਪ੍ਰੇਰਣਾਦਾਇਕ ਦੱਸਿਆ।ਪ੍ਰੋਗਰਾਮ ਦੀ ਸਫਲਤਾ ਲਈ ਆਈਕਿਊਏਸੀ, ਸਕਿੱਲ ਡਿਵੈਲਪਮੈਂਟ ਸੈਲ ਅਤੇ ਸਟੂਡੈਂਟ ਵੈਲਫੇਅਰ ਕਮੇਟੀ ਵੱਲੋਂ ਸਰਾਹਣਯੋਗ ਭੂਮਿਕਾ ਨਿਭਾਈ ।

# ਸੰਯੁਕਤ ਮਜ਼ਦੂਰ ਮੋਰਚਾ ਦੇ ਆਗੂਆਂ ਨੇ ਕੀਤੀ ਸੂਬਾ ਪੱਧਰੀ ਰੈਲੀ



ਬਟਾਲਾ, 17 ਜਨਵਰੀ, ਬਲਵਿੰਦਰ ਸਿੰਘ ਪੰਜਗਰਾਈਂ। ਪੰਜਾਬ ਸਰਕਾਰ ਵੱਲੋਂ ਜੂਨ 2025 ਤੋਂ ਪੰਜਾਬ ਅੰਦਰ ਮਨਰੇਗਾ ਮਜ਼ਦੂਰਾਂ ਦੇ ਬੰਦ ਕੀਤੇ ਕੰਮਾਂ ਅਤੇ ਭਾਜਪਾ ਸਰਕਾਰ ਵੱਲੋਂ ਮਨਰੇਗਾ ਦਾ ਨਾਂ ਜੀ ਰਾਮ ਜੀ ਕਰਕੇ ਮਜ਼ਦੂਰਾਂ ਤੋਂ ਖੋਹੇ ਰੁਜ਼ਗਾਰ ਗਰੰਟੀ ਹੱਕਾਂ ਖਿਲਾਫ ਮਨਰੇਗਾ ਰੁਜ਼ਗਾਰ ਬਚਾਓ ਸੰਯੁਕਤ ਮਜ਼ਦੂਰ ਮੋਰਚਾ ਦੇ ਸੂਬਾ ਪੱਧਰੀ ਸੱਦੇ ਤਹਿਤ ਅੱਜ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਵੱਲੋਂ ਪਿੰਡ ਸਾਹਪੁਰ ਜਾਜਨ ਵਿਖੇ ਭਾਜਪਾ ਭਜਾਓ, ਆਪ ਭਜਾਓ ਰੁਜ਼ਗਾਰ ਬਚਾਓ ਮਜ਼ਦੂਰ ਰੈਲੀ ਕੀਤੀ ਗਈ। ਇਸ ਮੌਕੇ ਭਾਜਪਾ ਭਜਾਓ, ਆਪ ਭਜਾਓ ਰੁਜ਼ਗਾਰ ਬਚਾਓ ਮਜ਼ਦੂਰ ਰੈਲੀਆਂ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਸੂਬਾ ਆਗੂ ਮਨਜੀਤ ਰਾਜ ਨੇ ਕਿਹਾ ਕਿ ਪੰਜਾਬ ਦੀ ਆਪ ਭਗਵੰਤ ਮਾਨ ਸਰਕਾਰ ਨੇ ਸੱਤਾ ਉਪਰ ਬੈਠਨ ਸਾਰ ਹੀ ਗਰੀਬਾਂ ਦੀ 2 ਰੁਪਏ ਵਾਲੀ ਕਣਕ ਬੰਦ ਕਰਕੇ ਪਹਿਲਾਂ ਹੀ ਰੋਟੀ ਖੋਹ ਲਈ ਹੈ ਅਤੇ ਹੁਣ ਜੂਨ 2025 ਤੋਂ ਮਨਰੇਗਾ ਦੇ ਕੰਮ ਬੰਦ ਕਰਕੇ ਪੇਂਡੂ ਦਲਿਤ ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਮਜ਼ਦੂਰ ਵਿਰੋਧੀ ਨੀਤੀਆਂ ਤਹਿਤ ਮਨਰੇਗਾ ਕਾਨੂੰਨ ਦਾ ਨਵਾਂ ਨਾਮ ਜੀ ਰਾਮ ਜੀ ਰੱਖ ਕੇ ਸਿਰਫ਼ ਨਾਂ ਹੀ ਨਹੀਂ ਬਦਲਿਆ ਸਗੋਂ ਮਜ਼ਦੂਰਾਂ ਨੂੰ ਮਿਲੇ ਸਾਲ ਵਿੱਚ 100 ਦਿਨਾ ਦੇ ਰੁਜ਼ਗਾਰ ਗਰੰਟੀ ਅਧਿਕਾਰ ਨੂੰ ਵੀ ਖ਼ਤਮ ਕਰ ਦਿੱਤਾ ਗਿਆ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਪਿੰਡ-ਪਿੰਡ ਭਾਜਪਾ ਭਜਾਓ, ਆਪ ਭਜਾਓ ਰੁਜ਼ਗਾਰ ਬਚਾਓ ਰੈਲੀਆਂ ਕਰਕੇ ਮਜ਼ਦੂਰ ਸਮਾਜ ਨੂੰ ਲਾਮਬੰਦ ਕੀਤਾ ਜਾਵੇਗਾ। ਸੂਬਾ ਆਗੂ ਅਤੇ ਮਾਝਾ ਜੋਨ ਦੇ ਜਰਨਲ ਸਕੱਤਰ ਮਨਜੀਤ ਰਾਜ ਬਟਾਲਾ ਨੇ ਦੱਸਿਆ ਕਿ 28 ਜਨਵਰੀ ਨੂੰ ਸੰਗਰੂਰ, ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ, ਉਹਨਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਸਮੇਂ ਸਰੂਪ ਸਿੰਘ ਪ੍ਰਧਾਨ, ਦਲਬੀਰ ਸਿੰਘ ਭੱਟੀ, ਹੀਰਾ ਮਸੀਹ, ਜੋਤੀ, ਜਸਬੀਰ ਕੌਰ, ਪ੍ਰੀਤ ਕੌਰ ਅਤੇ ਵਿਲੀਅਮ ਮਸੀਹ ਆਦਿ ਨੇ ਵੀ ਸੰਬੋਧਨ ਕੀਤਾ।

# ਡਾਕਘਰ ਵਿਖੇ ਸਰਬੱਤ ਦੇ ਭਲੇ ਲਈ ਇੱਕ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ



ਤਪਾ ਮੰਡੀ,17 ਜਨਵਰੀ (ਰਾਜੂ ਮਹਿਰਾ) :ਡਾਕਘਰ ਤਪਾ ਵਿਖੇ ਇਲਾਕੇ ਦੀ ਸੁੱਖ ਸ਼ਾਂਤੀ, ਖੁਸ਼ਹਾਲੀ ਅਤੇ ਸਰਬੱਤ ਦੇ ਭਲੇ ਲਈ ਇੱਕ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਮੌਕੇ ਆਸ ਪਾਸ ਦੇ ਦੁਕਾਨਦਾਰਾਂ ਅਤੇ ਖਾਤਾ ਧਾਰਕਾਂ ਨੇ ਸ਼ਿਰਕਤ ਕਰਕੇ ਗੁਰੂਆਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੁਪਰਡੈਂਟ ਪੋਸਟ ਆਫਿਸ ਸੰਜੀਵ ਕੁਮਾਰ, ਇੰਸਪੈਕਟਰ ਅਮਨ ਸੰਧੂ, ਆਫਿਸ ਇੰਚਾਰਜ ਸੰਦੀਪ ਸਿੰਘ, ਰਵਿੰਦਰ ਸਿੰਘ ਪੋਸਟਲ ਅਸਿਸਟੈਂਟ,ਰੂਪ ਸਿੰਘ, ਲਖਵੀਰ ਸਿੰਘ, ਮਨਜੀਤ ਸਿੰਘ, ਲਾਡੀ ਸਿੰਘ,ਅਰਸ਼ਦੀਪ ਕੌਰ, ਹਰਸ਼ਦੀਪ ਕੌਰ, ਗੁਰਪ੍ਰੀਤ ਸਿੰਘ,ਮੰਗਲ ਸਿੰਘ, ਕਰਨ ਗਰਗ ਆਦਿ ਡਾਕਘਰ ਦੇ ਸਮੂਹ ਸੰਗਰੂਰ ਡਵੀਜ਼ਨ ਦੇ ਨੁਮਾਇੰਦਿਆਂ ਤੋਂ ਇਲਾਵਾ ਨਗਰ ਕੌਂਸਲ ਪ੍ਰਧਾਨ ਡਾਕਟਰ ਸੋਨਿਕਾ ਬਾਂਸਲ ਦੇ ਪਤੀ ਡਾ: ਬਾਲ ਚੰਦ ਬਾਂਸਲ,ਸਾਬਕਾ ਕੌਂਸਲਰ ਟੀਟੂ ਦੀਕਸ਼ਿਤ ਸੰਦੀਪ ਕੁਮਾਰ ਰਿੰਕੂ, ਰਾਜੂ ਮੌੜ, ਐਸ ਕੁਮਾਰ, ਰੁਚੀ ਸਿੰਗਲਾ, ਬੱਬੂ, ਪ੍ਰਿੰਸ ਕੁਮਾਰ,ਪਵਨ ਅਰੋੜਾ,ਰੋਕੀ ਸਿੰਗਲਾ,ਮੌਂਟੀ ਮਿੱਤਲ,ਕਮਲ ਬਾਂਸਲ,ਗੋਲਡੀ, ਵਿੱਕੀ ਤਨੇਜਾ ਆਦਿ ਸ਼ਹਿਰ ਵਾਸੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਪਰਾਲ਼ੀ ਪ੍ਰਬੰਧਨ ਲੱਕੀ ਡਰਾਅ ਦੇ ਜੇਤੂ ਕਿਸਾਨਾਂ ਨੂੰ ਸਰਟੀ.ਫਿਕੇਟ ਦਿੱਤੇ

## .ਫਾਰਮਰ ਰਜ਼ਿਸਟਰੀ ਤਹਿਤ ਕਿਸਾਨਾਂ ਨੂੰ ਰਜਿਸਟ੍ਰੇਸ਼ਨ ਕਰਵਾਉਣ ਦੀ ਕੀਤੀ ਅਪੀਲ



ਬਰਨਾਲਾ, 17 ਜਨਵਰੀ (ਬਘੇਲ ਸਿੰਘ ਧਾਲੀਵਾਲ) :ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਵੱਲੋਂ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਕਰਵਾਏ ਗਏ ਲੱਕੀ ਡਰਾਅ (ਪਰਾਲੀ) ਦੇ ਛੇਵੇਂ ਅਤੇ ਸੱਤਵੇਂ ਡਰਾਅ ਤਹਿਤ ਜੇਤੂ ਕਿਸਾਨਾਂ ਨੂੰ ਸਰਟੀਫ਼ਿਕੇਟ ਦਿੱਤੇ ਗਏ। ਇਸ ਦੌਰਾਨ ਜ਼ਿਲ੍ਹੇ ਦੇ ਵੱਖ—ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੇ ਭਾਗ ਲਿਆ। ਇਸ ਲੱਕੀ ਡਰਾਅ ਵਿੱਚ ਪਹਿਲਾਂ ਇਨਾਮ 20,000/- ਰੁਪਏ, ਦੂਸਰਾ ਇਨਾਮ 15,000/- ਰੁਪਏ, ਤੀਸਰਾ ਇਨਾਮ 10,000/- ਰੁਪਏ ਅਤੇ ਬਾਕੀ 22 ਕਿਸਾਨਾਂ ਨੂੰ 2500/- , 2500/- ਰੁਪਏ ਦਿੱਤੇ ਗਏ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਨਾਲਾ ਜ਼ਿਲ੍ਹੇ ਵਿੱਚ 7 ਲੱਕੀ ਡਰਾਅ (ਪਰਾਲੀ) ਰੱਖੇ ਗਏ ਸਨ, ਜਿਨ੍ਹਾਂ ਦੇ ਡਰਾਅ ਕੱਢੇ ਜਾ ਚੁੱਕੇ ਹਨ ਤੇ 175 ਕਿਸਾਨਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਨੂੰ ਇਨਾਮੀ ਰਾਸ਼ੀ ਦਿੱਤੀ ਜਾ ਚੁੱਕੀ ਹੈ। ਇਸ ਦੌਰਾਨ ਕਿਸਾਨਾਂ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਆਪਣੇ ਤਜ਼ੁਰਬੇ ਸਾਂਝੇ ਕੀਤੇ ਗਏ ਅਤੇ ਦੱਸਿਆ ਕਿ ਪਰਾਲੀ ਨੂੰ ਨਾ ਸਾੜ ਕੇ ਇਸ ਦਾ ਖੇਤਾਂ ਵਿੱਚ ਹੀ ਪ੍ਰਬੰਧ ਕਰਨ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ, ਖੇਤੀਬਾੜੀ ਖਰਚਿਆਂ ਵਿੱਚ ਕਮੀ ਅਤੇ ਵਾਤਾਵਰਣ ਦੀ ਸੁਰੱਖਿਆ ਹੁੰਦੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਸਾਲ 2026 ਵਿੱਚ ਪਰਾਲੀ ਪ੍ਰਬੰਧਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਸਬੰਧੀ ਕਿਸਾਨਾਂ ਤੋਂ ਕੀਮਤੀ ਸੁਝਾਅ ਮੰਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨਾ ਸਾੜਨ ਦੀ ਮੁਹਿੰਮ ਭਵਿੱਖ ਵਿੱਚ ਵੀ ਪੂਰੀ ਗੰਭੀਰਤਾ ਨਾਲ ਜਾਰੀ ਰਹੇਗੀ। ਉਨ੍ਹਾਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਿਸਾਨ ਹੋਰਨਾ ਕਿਸਾਨਾਂ ਲਈ ਵੀ ਪ੍ਰੇਰਨਾ ਦਾ ਸਰੋਤ ਹਨ ਅਤੇ ਸਾਂਝੇ ਉਪਰਾਲਿਆਂ ਨਾਲ ਹੀ ਸਾਫ਼ ਵਾਤਾਵਰਣ ਅਤੇ ਟਿਕਾਊ ਖੇਤੀ ਸੰਭਵ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਐਗਰੀਸਟੈਕ ਫ਼ਾਰਮਰ ਰਜ਼ਿਸਟਰੀ ਦੀ ਸ਼ੁਰੂਆਤ ਕੀਤੀ ਗਈ ਹੈ। ਜਿਸ ਤਹਿਤ ਹਰ ਕਿਸਾਨ ਲਈ ਇੱਕ ਯੂਨੀਕ ਫ਼ਾਰਮਰ ਆਈ.ਡੀ ਤਿਆਰ ਕੀਤੀ ਜਾ ਰਹੀ ਹੈ, ਜਿਸ ਰਾਹੀਂ ਕਿਸਾਨਾਂ ਨੂੰ ਸਰਕਾਰੀ ਸਕੀਮਾਂ, ਸਬਸਿਡੀਆਂ, ਫ਼ਸਲ ਬੀਮਾ ਅਤੇ ਹੋਰ ਖੇਤੀਬਾੜੀ ਦੇ ਲਾਭ ਸਿੱਧੇ ਅਤੇ ਪਾਰਦਰਸ਼ੀ ਢੰਗ ਨਾਲ ਮਿਲਣਗੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਰਨਾਲਾ ਨਾਲ ਸੰਪਰਕ ਕਰਕੇ ਆਪਣੀ ਰਜਿਸਟ੍ਰੇਸ਼ਨ ਸਮੇਂ ਸਿਰ ਕਰਵਾਉਣ ਅਤੇ ਇਸ ਮਹੱਤਵਪੂਰਨ ਪਹਿਲ ਦਾ ਪੂਰਾ ਲਾਭ ਉਠਾਉਣ। ਇਸ ਮੌਕੇ ਡਾ. ਅਮ੍ਰਿਤਪਾਲ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ, ਸੁਨੀਤਾ ਰਾਣੀ, ਨੋਡਲ ਅਫ਼ਸਰ ਪਰਾਲੀ, ਅਮਨਦੀਪ ਕੌਰ ਏ ਐਸ ਆਈ, ਮਨਦੀਪ ਸਿੰਘ ਏ ਈ ਓ, ਸਤਨਾਮ ਸਿੰਘ, ਕੁਲਵੀਰ ਸਿੰਘ ਏ ਟੀ ਐਮ ਤੋਂ ਇਲਾਵਾ ਕਿਸਾਨ ਹਾਜ਼ਰ ਸਨ।

# ਸੜਕ ਸੁਰੱਖਿਆ ਪੇਸ਼ਕਸ਼ 'ਤੇ ਕੁਇਜ਼




ਬਰਨਾਲਾ, 17 ਜਨਵਰੀ (ਇਸ਼ੇਨ ਕੰਗ) :ਸੜਕ ਸੁਰੱਖਿਆ ਮਹੀਨੇ ਨੂੰ ਮਨਾਉਣ ਦੇ ਹਿੱਸੇ ਵਜੋਂ, ਵਿਦਿਆਰਥੀਆਂ ਨੂੰ ਸੜਕਾਂ 'ਤੇ ਸੁਰੱਖਿਅਤ ਅਮਲਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੜਕ ਸੁਰੱਖਿਆ ਬਾਰੇ ਇੱਕ ਜਾਣਕਾਰੀ ਪ੍ਰਦਾਨ ਕਰਨ ਵਾਲੀ ਪੇਸ਼ਕਸ਼ ਦਿਖਾਈ ਗਈ। ਪੇਸ਼ਕਸ਼ ਵਿਚ ਮੁੱਖ ਵਿਸ਼ਿਆਂ ਨੂੰ ਉਜਾਗਰ ਕੀਤਾ ਗਿਆ ਜਿਵੇਂ ਕਿ ਟ੍ਰੈਫਿਕ ਨਿਯਮ, ਸੜਕ ਨਿਸ਼ਾਨ, ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ, ਹੈਲਮੈਟ ਅਤੇ ਸੀਟ ਬੈਲਟ ਦਾ ਇਸਤੇਮਾਲ, ਬੇਪਰਵਾਹ ਡਰਾਈਵਿੰਗ ਅਤੇ ਸੜਕ ਤੇ ਮੋਬਾਈਲ ਫੋਨ ਵਰਤਣ ਦੇ ਖਤਰੇ ਬਾਰੇ। ਅਸਲੀ ਜੀਵਨ ਦੇ ਉਦਾਹਰਨਾਂ ਅਤੇ ਵੀਜ਼ੂਅਲਸ ਨੇ ਵਿਦਿਆਰਥੀਆਂ ਨੂੰ ਚੌਕਸ ਅਤੇ ਜ਼ਿੰਮੇਵਾਰ ਸੜਕ ਉਪਭੋਗਤਾ ਹੋਣ ਦੇ ਮਹੱਤਵ ਨੂੰ ਸਮਝਣ ਵਿੱਚ ਮਦਦ ਕੀਤੀ। ਪੇਸ਼ਕਸ਼ ਦੇ ਬਾਅਦ, ਇੱਕ ਕੁਇਜ਼ ਜਿਹੜਾ ਉਸੇ ਵਿਸ਼ੇ 'ਤੇ ਆਧਾਰਿਤ ਸੀ, ਵਿਦਿਆਰਥੀਆਂ ਦੀ ਸਮਝ ਨੂੰ ਮਾਪਣ ਲਈ ਕਰਵਾਈ ਗਈ। ਕੁਇਜ਼ ਨੇ ਵਿਦਿਆਰਥੀਆਂ ਵਿਚ ਵੱਡੀ ਉਤਸ਼ਾਹ ਅਤੇ ਸਰਗਰਮ ਭਾਗੀਦਾਰੀ ਪੈਦਾ ਕੀਤੀ। ਕੁੱਲ ਮਿਲਾ ਕੇ, ਇਹ ਗਤੀਵਿਧੀ ਮਨੋਹਰ ਅਤੇ ਸਿੱਖਣਯੋਗ ਸਾਬਤ ਹੋਈ, ਜਿਸ ਨਾਲ ਇਹ ਸੁਨੇਹਾ ਮਜ਼ਬੂਤ ਹੋਇਆ ਕਿ ਸੜਕ ਸੁਰੱਖਿਆ ਹਰ ਕਿਸੇ ਲਈ ਜ਼ਰੂਰੀ ਹੈ ਅਤੇ ਜੀਵਨ ਬਚਾਉਂਦੀ ਹੈ।

# ਪ੍ਰਾਚੀਨ ਸ਼ਿਵ ਧਾਮ ਮੰਦਰ 'ਚ ਮੂਰਤੀ ਸਥਾਪਨਾ ਮੌਕੇ ਕਲਸ਼ ਯਾਤਰਾ ਦੀਆਂ ਤਿਆਰੀਆਂ ਮੁਕੰਮਲ



ਬਰਨਾਲਾ, 17 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰਾਚੀਨ ਸ਼ਿਵ ਧਾਮ ਮੰਦਰ 22 ਏਕੜ ਮੰਦਰ ਕਮੇਟੀ ਬਰਨਾਲਾ ਦੇ ਪ$ਧਾਨ ਸੁਰੇਸ਼ ਕੁਮਾਰ ਕਾਲਾ (ਤਪੇ ਵਾਲੇ) ਨੇ ਦੱਸਿਆ ਕਿ ਸ਼੍ਰੀ ਸ਼ਾਮ ਖਾਟੂ ਜੀ ਅਤੇ ਮਾਤਾ ਸ਼ੀਤਲਾ ਜੀ ਦੀ ਮੂਰਤੀ ਸਥਾਪਨਾ ਦੇ ਸਬੰਧ ਵਿੱਚ ਕਲਸ਼ ਅਤੇ ਨਿਸ਼ਾਨ ਯਾਤਰਾ ਮਿਤੀ 18 ਜਨਵਰੀ 2026 ਦਿਨ ਐਤਵਾਰ ਨੂੰ ਦੁਪਿਹਰ 2-00 ਵਜੇ ਮੰਦਰ ਬਾਬਾ ਬੰਸੀ ਵਾਲੇ ਜੀ ਨੇੜੇ ਪੁਰਾਣੀ ਗਊਸ਼ਾਲਾ (ਸ਼ਕਤੀ ਕਲਾ ਮੰਦਰ) ਤੋਂ ਰਵਾਨਾ ਹੋ ਕੇ ਰੇਲਵੇ ਸਟੇਸ਼ਨ-ਸਦਰ ਬਜਾਰ-ਭਗਤ ਸਿੰਘ ਚੌਂਕ- ਵਾਲਮੀਕ ਚੌਂਕ ਤੋਂ ਹੁੰਦੀ ਹੋਈ ਬਸ ਸਟੈਂਡ ਰੋਡ ਰਾਹੀਂ ਅੰਬੇ ਗਾਰਮੈਂਟਸ ਰੋਡ ਤੋਂ ਹੁੰਦੇ ਹੋਏ ਪ੍ਰਾਚੀਨ ਸ਼ਿਵ ਧਾਮ ਮੰਦਰ 22 ਏਕੜ ਬਰਨਾਲਾ ਵਿਖੇ ਪਹੁੰਚੇਗੀ ਅਤੇ ਸੰਗਤ ਲਈ ਆਲੂ ਟਿੱਕੀ ਦਾ ਲੰਗਰ ਦੀ ਸੇਵਾ ਡਾ ਰਮੇਸ ਕੁਮਾਰ ਗਰਗ(ਮੈ ਤੋਤਾ ਰਾਮ ਮਿਲਖੀ ਰਾਮ) ਵੱਲੋਂ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਮਿਤੀ 19 ਜਨਵਰੀ 2026 ਤੋਂ ਸਵੇਰੇ 9-00 ਵਜੇ ਤੋਂ 12-00 ਤੱਕ ਵਜੇ ਤੱਕ ਪੂਜਨ ਅਤੇ ਕੀਰਤਨ ਅਤੇ ਸ਼ਾਮ 6-00 ਰੋਜ਼ਾਨਾ ਕੀਰਤਨ ਅਤੇ ਆਰਤੀ ਹੋਇਆ ਕਰੇਗੀ। ਮਿਤੀ 23 ਜਨਵਰੀ 2026 ਦਿਨ ਸ਼ੁੱਕਰਵਾਰ 9-00 ਤੋਂ 12-00 ਵਜੇ ਤੱਕ ਪੂਜਨ ਅਤੇ ਕੀਰਤਨ ਉਪਰੰਤ 12-00 ਤੋਂ 2-00 ਵਜੇ ਤੱਕ ਸਿਆਮ ਬਾਬਾ ਜੀ ਦਾ ਸ਼ਿੰਗਾਰ ਉਪਰੰਤ 2-00 ਵਜੇ ਬਾਬਾ ਖਾਟੂ ਸਿ:ਆਮ ਜੀ ਦੇ ਦਰਸ਼ਨਾਂ ਲਈ ਮੰਦਰ ਦੇ ਕਪਾਟ ਖੋਲੇ ਜਾਣਗੇ। ਕੜ੍ਹੀ ਚਾਵਲ ਦਾ ਭੰਡਾਰਾ ਅਤੁੱਟ ਵਰਤੇਗਾ।

# ਸੈਨਿਕ ਵਿੰਗ ਅਤੇ ਸਰਬੱਤ ਦਾ ਭਲਾ ਵੱਲੋ ਕੀਤਾ ਗਿਆ ਮੁ.ਫਤ ਮੈਡੀਕਲ ਕੈਂਪ ਦਾ ਆਯੋਜਨ



ਬਰਨਾਲਾ, 17 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ): ਸਥਾਨਕ ਗੁਰੂ ਘਰ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਵਿੱਖੇ ਸਾਬਕਾ ਸੈਨਿਕ ਵਿੰਗ ਅਤੇ ਸਰਬੱਤ ਦਾ ਭਲਾ ਟਰੱਸਟ ਵੱਲੋ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦਘਾਟਨ ਡੀ ਐੱਸ ਪੀ ਸਿਟੀ ਸਤਵੀਰ ਸਿੰਘ ਬੈਂਸ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਵਿਸੇਸ ਮਹਿਮਾਨ ਦੇ ਤੌਰ ਤੇ ਬਾਬਾ ਗਾਂਧਾ ਸਿੰਘ ਗੁਰਦਵਾਰਾ ਦੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲ ਸ਼ਾਮਿਲ ਹੋਏ ਇਹ ਜਾਣਕਾਰੀ ਪ੍ਰੈਸ ਦੇ ਨਾ ਜਾਰੀ ਕਰਦਿਆ ਸੈਨਿਕ ਵਿੰਗ ਦੇ ਸੂਬਾ ਪ੍ਰਧਾਨ ਅਤੇ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਕੈਂਪ ਦਾ ਲਾਹਾ ਤਕਰੀਬਨ 150 ਦੇ ਕਰੀਬ ਮਰੀਜਾ ਨੇ ਲਿਆ ਇਸ ਕੈਂਪ ਵਿੱਚ ਪਾਰਕ ਹਸਪਤਾਲ ਬਠਿੰਡਾ ਦੇ ਡਾਕਟਰਾਂ ਦੀ ਟੀਮ ਜਿਸ ਵਿੱਚ ਮੈਡੀਕਲ ਸਪੈਸਲਿਸਟ ਹੱਡੀਆਂ ਦੇ ਮਾਹਰ ਅਤੇ ਔਰਤਾਂ ਦੇ ਮਾਹਰ ਡਾਕਟਰਾਂ ਨੇ ਮਰੀਜਾ ਨੂੰ ਚੈੱਕ ਕੀਤਾ ਅਤੇ ਦਵਾਈਆਂ ਦਿੱਤੀਆਂ ਇਸ ਕੈਂਪ ਵਿੱਚ ਲੋੜਵੰਦਾਂ ਦੀ ਈਸੀਜੀ ਕੀਤੀ ਗਈ ਸ਼ੂਗਰ ਦਾ ਭੀ ਚੈੱਕਅਪ ਕੀਤਾ ਗਿਆ ਡੀ ਐੱਸ ਪੀ ਸਿਟੀ ਸਤਵੀਰ ਸਿੰਘ ਬੈਂਸ ਨੇ ਇਹਨਾਂ ਸੰਸਥਾਵਾਂ ਦੀ ਭਰਪੂਰ ਸ਼ਲਾਘਾ ਕਰਦਿਆ ਕਿਹਾ ਕੇ ਅੱਜ ਦੇ ਮਹਿਗਾਈ ਦੇ ਯੁੱਗ ਵਿੱਚ ਅਜਿਹੇ ਕੈਂਪ ਲਗਾਉਣ ਨਾਲ ਲੋੜਵੰਦ ਗਰੀਬਾ ਨੂੰ ਭਾਰੀ ਰਾਹਤ ਮਿਲਦੀ ਹੈ ਇਸ ਮੌਕੇ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਸੂਬੇਦਾਰ ਸਵਰਨਜੀਤ ਸਿੰਘ ਭੰਗੂ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਗੁਰਜੰਟ ਸਿੰਘ ਸੋਨਾ ਕੁਲਵਿੰਦਰ ਸਿੰਘ ਕਾਲਾ ਸੂਬੇਦਾਰ ਗੁਰਜੰਟ ਸਿੰਘ ਨਾਈਵਾਲਾ ਜਥੇਦਾਰ ਗੁਰਮੀਤ ਸਿੰਘ ਧੌਲਾ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਸੁਖਪ੍ਰੀਤ ਸਿੰਘ ਹੌਲਦਾਰ ਬਸੰਤ ਸਿੰਘ ਉੱਗੋਕੇ ਗੁਰਦੇਵ ਸਿੰਘ ਮੱਕੜ ਅਤੇ ਡਾਕਟਰ ਅਤੇ ਪਾਰਕ ਹਸਪਤਾਲ ਦਾ ਸਟਾਫ ਹਾਜ਼ਰ ਸਨ।

# ਕੋਈ ਵੀ ਵਿਅਕਤੀ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰੇਗਾ: ਜ਼ਿਲ੍ਹਾ ਮੈਜਿਸਟਰੇਟ



ਬਰਨਾਲਾ, 17 ਜਨਵਰੀ (ਬਘੇਲ ਸਿੰਘ ਧਾਲੀਵਾਲ):ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਆਈ.ਏ.ਐਸ. ਨੇ ਭਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਸਰਕਾਰੀ ਸੜਕ, ਰਸਤੇ ਅਤੇ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਨਹੀਂ ਕਰ ਸਕਦਾ।ਇਸ ਦੇ ਨਾਲ ਹੀ ਉਹਨਾਂ ਹਦਾਇਤ ਕੀਤੀ ਕਿ ਜ਼ਿਲ੍ਹਾ ਬਰਨਾਲਾ ਅੰਦਰ ਪੋਲਟਰੀ ਫਾਰਮਾਂ, ਰਾਈਸ ਸ਼ੈਲਰਾਂ, ਭੱਠਿਆਂ ਅਤੇ ਹੋਰ ਲਘੂ ਉਦਯੋਗਾਂ ਦੇ ਮਾਲਕ ਅਤੇ ਘਰੇਲੂ ਨੌਕਰ ਰੱਖਣ ਵਾਲੇ ਆਪਣੇ ਅਧੀਨ ਕੰਮ ਕਰਨ ਵਾਲੇ ਵਿਅਕਤੀਆਂ ਦਾ ਨਾਮ ਅਤੇ ਮੁਕੰਮਲ ਪੱਕਾ ਪਤਾ, ਤਿੰਨ ਤਸਵੀਰਾਂ (ਸੱਜੇ, ਖੱਬੇ ਅਤੇ ਸਾਹਮਣੇ ਤੋਂ ਪੋਜ) ਆਪਣੇ ਘਰਾਂ ਵਿੱਚ ਰਜਿਸਟਰ ਲਾ ਕੇ ਰੱਖਣ ਅਤੇ ਉਨਾਂ ਦੀਆਂ ਸਾਰੀਆਂ ਰਿਸ਼ਤੇਦਾਰੀਆਂ ਦੇ ਪਤੇ ਲਿਖ ਕੇ ਰੱਖੇ ਜਾਣ ਅਤੇ ਨੌਕਰ ਦੀ ਤਨਖਾਹ ਵਿਚੋਂ 100/200 ਰੁਪਏ ਦਾ ਮਨੀ ਆਰਡਰ ਉਸਦੇ ਨਜ਼ਦੀਕੀ ਰਿਸ਼ਤੇਦਾਰ ਦੇ ਪਤੇ 'ਤੇ ਭੇਜਣ, ਮਨੀ ਆਰਡਰ ਪਹੁੰਚਣ ਉਪਰੰਤ ਰਸੀਦ ਦੀ ਫੋਟੋ ਕਾਪੀ ਨੂੰ ਆਪਣੇ ਕਬਜ਼ੇ ਵਿੱਚ ਰੱਖਣ। ਨੌਕਰ ਦੇ ਹੱਥਾਂ ਤੇ ਉਂਗਲਾਂ ਦੇ ਨਿਸ਼ਾਨ ਸੰਬੰਧਤ ਮਾਲਕ ਆਪਣੇ ਰਜਿਸਟਰ ਵਿੱਚ ਦਰਜ਼ ਕਰਨ ਅਤੇ ਇਹ ਸਾਰਾ ਰਿਕਾਰਡ ਸਬੰਧਤ ਪੁਲਿਸ ਥਾਣਾ ਅਤੇ ਚੌਕੀ ਵਿੱਚ ਦਰਜ਼ ਕਰਾਉਣਾ ਯਕੀਨੀ ਬਣਾਉਣਗੇ। ਇਸੇ ਤਰ੍ਹਾਂ ਮਕਾਨ ਮਾਲਕ ਵੀ ਆਪਣੇ ਮਕਾਨ ਵਿੱਚ ਰੱਖੇ ਜਾਣ ਵਾਲੇ ਕਿਰਾਏਦਾਰਾਂ ਦਾ ਪੂਰਾ ਵੇਰਵਾ ਸਬੰਧਤ ਥਾਣੇ/ਪੁਲਿਸ ਚੌਕੀ ਵਿੱਚ ਦਰਜ਼ ਕਰਵਾਉਣ।ਉਪਰੋਕਤ ਹੁਕਮ ਮਿਤੀ 14 ਮਾਰਚ 2026 ਤੱਕ ਲਾਗੂ ਰਹਿਣਗੇ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜ਼ਿਲ੍ਹਾ ਪੁਲਿਸ ਸੰਗਰੂਰ ਨੇ ਪੰਜ ਦਿਨਾਂ ਦੀ ਕਾਰਗੁਜ਼ਾਰੀ ਕੀਤੀ ਪੇਸ਼



ਸੰਗਰੂਰ, 17 ਜਨਵਰੀ (ਹਰਕੰਵਲ ਸਿੰਘ ਹੈਪੀ) : ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 10.01.2026 ਤੋਂ 16.01.2026 ਤੱਕ ਡਰੱਗ ਦੇ 12 ਮੁਕੱਦਮੇ ਦਰਜ ਕਰਕੇ 20 ਦੋਸੀਆਂ ਨੂੰ ਕਾਬੂ ਕਰਕੇ 98 ਗ੍ਰਾਮ ਹੈਰੋਇਨ, 08 ਕਿਲੋ ਭੁੱਕੀ ਚੂਰਾ ਪੋਸਤ, 22 ਨਸ਼ੀਲੇ ਟੀਕੇ ਅਤੇ 60 ਨਸੀਲੀਆਂ ਗੋਲੀਆਂ ਬ੍ਰਾਮਦ ਕਰਵਾਈ ਗਈਆਂ। ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 05 ਮੁਕੱਦਮੇ ਦਰਜ ਕਰਕੇ 05 ਦੋਸੀਆਂ ਨੂੰ ਕਾਬੂ ਕਰਕੇ 70.250 ਲੀਟਰ ਸਰਾਬ ਠੇਕਾ ਦੇਸੀ, 10.500 ਲੀਟਰ ਸਰਾਬ ਨਜਾਇਜ ਅਤੇ 30 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਜੂਆ ਐਕਟ ਤਹਿਤ 08 ਮੁਕੱਦਮੇ ਦਰਜ ਕਰਕੇ 09 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾ ਪਾਸੋਂ 20610/- ਰੁਪਏ ਬ੍ਰਾਮਦ ਕਰਾਏ ਗਏ। ਇਸ ਅਰਸੇ ਦੌਰਾਨ 11 ਪੀ.ਓ ਨੂੰ ਗ੍ਰਿਫਤਾਰ ਕੀਤਾ ਗਿਆ। ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਜਿਲ੍ਹਾ ਸੰਗਰੂਰ ਵਿਖੇ 17 ਮੁਕੱਦਮੇ ਦਰਜ, 25 ਦੋਸੀ ਗ੍ਰਿਫਤਾਰਇਸ ਤੋਂ ਇਲਾਵਾ ਥਾਣਾ ਸਦਰ ਧੂਰੀ ਦੇ ਏਰੀਆ ਵਿੱਚ ਹੋਏ ਅੰਨੇ ਕਤਲ ਨੂੰ ਟਰੇਸ ਕਰਕੇ 02 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਕੈਨੇਡਾ ਵਿਖੇ ਲੜਕੀ ਦਾ ਕਤਲ ਕਰਕੇ ਫਰਾਰ ਹੋਏ ਦੋਸੀ ਨੂੰ ਗ੍ਰਿਫਤਾਰ ਕੀਤਾ ਗਿਆ। ਥਾਣਾ ਧਰਮਗੜ, ਲੌਂਗੋਵਾਲ ਅਤੇ ਮੂਨਕ ਦੇ ਏਰੀਆ ਵਿੱਚ ਚੋਰੀਆਂ ਕਰਨ ਵਾਲੇ 06 ਦੋਸ਼ੀਆ ਨੂੰ ਗ੍ਰਿਫਤਾਰ ਕਰਕੇ 1 ਕੁਇੰਟਲ 64 ਕਿਲੋ ਕਣਕ, 83 ਕਿਲੋ ਤਾਰਾਂ, 01 ਮੋਟਰਸਾਇਕਲ ਅਤੇ 01 ਕਾਲੀ ਥਾਰ ਬ੍ਰਾਮਦ ਕਰਵਾਈ ਗਈ।ਉਹਨਾਂ ਕਿਹਾ ਕਿ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜਟਿਡ ਅਫਸਰਾਂ ਵੱਲੋਂ 42 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਸਾਨਵੀ ਭਾਰਗਵ ਨੇ ਨੈੱਟਬਾਲ ਚੈਂਪੀਅਨਸ਼ਿਪ ਵਿੱਚ ਜਿੱਤਿਆ ਚਾਂਦੀ ਦਾ ਤਗਮਾ



ਬਰਨਾਲਾ, 17 ਜਨਵਰੀ (ਬਘੇਲ ਸਿੰਘ ਧਾਲੀਵਾਲ):ਜ਼ਿਲ੍ਹਾ ਬਰਨਾਲਾ ਹੰਡਿਆਇਆ ਦੀ ਹੋਣਹਾਰ ਖਿਡਾਰਨ ਸਾਨਵੀ ਭਾਰਗਵ ਨੇ ਰਾਸ਼ਟਰੀ ਪੱਧਰ ਤੇ ਚਾਂਦੀ ਦਾ ਤਗਮਾ ਜਿੱਤ ਕੇ ਇਲਾਕੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਸਾਨਵੀ ਭਾਰਗਵ, ਜੋ ਕਿ ਮੁਨੀਸ਼ ਸ਼ਰਮਾ ਦੀ ਸਪੁੱਤਰੀ ਹੈ ਅਤੇ ਵਾਈ.ਐਸ. ਸਕੂਲ ਹੰਡਿਆਇਆ ਵਿਖੇ +1 ਜਮਾਤ ਦੀ ਵਿਦਿਆਰਥਣ ਹੈ, ਨੇ ਹੈਦਰਾਬਾਦ (ਤੇਲੰਗਾਨਾ) ਵਿਖੇ ਹੋਈ 43ਵੀਂ ਸੀਨੀਅਰ ਨੈਸ਼ਨਲ ਨੈੱਟਬਾਲ ਚੈਂਪੀਅਨਸ਼ਿਪ (ਲੜਕੇ/ਲੜਕੀਆਂ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਚੈਂਪੀਅਨਸ਼ਿਪ ਦਾ ਆਯੋਜਨ 11 ਜਨਵਰੀ ਤੋਂ 14 ਜਨਵਰੀ 2026 ਤੱਕ ਜੀ.ਐਮ.ਸੀ. ਬਾਲਾ ਜੋਗੀ ਇੰਡੋਰ ਸਟੇਡੀਅਮ, ਗਾਜੀਬੋਲੀ, ਹੈਦਰਾਬਾਦ ਵਿਖੇ ਕੀਤਾ ਗਿਆ ਸੀ। ਸਾਨਵੀ ਭਾਰਗਵ ਨੇ 12 ਮੈਂਬਰੀ ਟੀਮ ਦਾ ਹਿੱਸਾ ਬਣਦਿਆਂ ਫਾਈਨਲ ਮੁਕਾਬਲਿਆਂ ਵਿੱਚ ਸ਼ਾਨਦਾਰ ਖੇਡ ਦਿਖਾਈ ਅਤੇ ਉਨ੍ਹਾਂ ਦੀ ਟੀਮ ਨੇ ਦੂਜਾ ਸਥਾਨ (ਸਿਲਵਰ ਮੈਡਲ) ਹਾਸਿਲ ਕੀਤਾ। ਉਸ ਨੇ ਇਸ ਚੈਂਪੀਅਨਸ਼ਿਪ ਦੀ ਤਿਆਰੀ ਨੈਸ਼ਨਲ ਕੈਂਪ ਸ.ਸ.ਸ.ਸ. ਖਿਆਲਾ (ਮਾਨਸਾ) ਵਿਖੇ 22 ਦਸੰਬਰ 2025 ਤੋਂ 7 ਜਨਵਰੀ 2026 ਤੱਕ ਕੋਚ ਰਜਿੰਦਰ ਕੌਰ ਖਿਆਲਾ ਵਿੰਗ ਦੀ ਅਗਵਾਈ ਵਿੱਚ ਕੀਤੀ।

# ਸਵਦੇਸ਼ੀ ਵਸਤੂਆਂ ਦੀ ਵਰਤੋਂ ਦੇ ਸੰਬਧ ਵਿੱਚ ਵਿਦਿਆਰਥੀਆਂ ਦੁਆਰਾ ਰੈਲੀ ਦਾ ਆਯੋਜਨ




ਬਰਨਾਲਾ, 17 ਜਨਵਰੀ (ਇਸ਼ੇਨ ਕੰਗ) :ਬ੍ਰਿਲੀਐਂਟ ਸਕੂਲ ਪੱਖੋ ਕਲਾਂ ਜੋ ਕਿ ਸੰਤ ਬਾਬਾ ਚਰਨਪੁਰੀ ਅਤੇ ਐੱਮ ਡੀ ਮੈਡਮ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਅਧੀਨ ਚੱਲ ਰਿਹਾ ਹੈ।ਸਕੂਲ ਦੇ ਵਿੱਚ ਸਵਦੇਸ਼ੀ ਵਸਤੂਆਂ ਦੀ ਵਰਤੋਂ ਦੇ ਸਬੰਧ ਵਿੱਚ ਵਿਦਿਆਰਥੀਆਂ ਦੁਆਰਾ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਵਿਦੇਸ਼ੀ ਚੀਜ਼ਾਂ ਦੀ ਵਰਤੋਂ ਦਾ ਬਾਈਕਾਟ ਕਰਕੇ ਦੇਸੀ ਵਸਤੂਆਂ ਦੀ ਵਰਤੋਂ ਤੇ ਜ਼ੋਰ ਦਿੱਤਾ ਗਿਆ। ਇਸ ਦੇ ਸਬੰਧ ਵਿੱਚ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਕਿਹਾ ਕਿ ਜੇਕਰ ਅਸੀਂ ਆਪਣੇ ਦੇਸ਼ ਵਿੱਚ ਤਿਆਰ ਕੀਤੀਆਂ ਵਸਤੂਆਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਵਰਤੋਂ ਕਰਾਂਗੇ ਤਾਂ ਹੀ ਸਾਡਾ ਦੇਸ਼ ਤਰੱਕੀ ਕਰੇਗਾ ਤੇ ਨੌਜਵਾਨਾ ਨੂੰ ਰੋਜ਼ਗਾਰ ਮਿਲੇਗਾ। ਇਸ ਵਿੱਚ ਵਿਦਿਆਰਥੀਆਂ ਨੇ ਸਵਦੇਸ਼ੀ ਚੀਜ਼ਾਂ ਦੀ ਵਰਤੋਂ ਕਰੋ ਦਾ ਨਾਅਰਾ ਲਗਾਇਆ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਦੀ ਫੇਰੀ ਪਾਈ। ਇਸ ਵਿੱਚ ਕੋਆਰਡੀਨੇਟਰ ਨਰਿੰਦਰ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ ਰੈਲੀ ਵਿੱਚ ਰਜਿੰਦਰ ਸਿੰਘ, ਸੁਖਰਾਜ ਅਤੇ ਮਨਪ੍ਰੀਤ ਧੌਲਾ ਰਾਜਦੀਪ ਕੌਰ ਪ੍ਰਦੀਪ ਕੌਰ ਸ਼ਾਮਿਲ ਸਨ।

# ਮਜ਼ਦੂਰ ਰੱਖਣ ਤੋਂ ਪਹਿਲਾਂ ਸਥਾਈ ਪਤੇ ਸਮੇਤ ਹੋਰ ਰਿਕਾਰਡ ਰੱਖਣ ਦੀ ਹਦਾਇਤ,ਜ਼ਿਲ੍ਹਾ ਮੈਜਿਸਟਰੇਟ

ਬਰਨਾਲਾ, 17 ਜਨਵਰੀ (ਬਘੇਲ ਸਿੰਘ ਧਾਲੀਵਾਲ):ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਆਈ.ਏ.ਐਸ. ਨੇ ਭਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਸਰਕਾਰੀ ਸੜਕ, ਰਸਤੇ ਅਤੇ ਜ਼ਮੀਨ 'ਤੇ ਨਜਾਇਜ਼ ਕਬਜ਼ਾ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਉਹਨਾਂ ਹਦਾਇਤ ਕੀਤੀ ਕਿ ਜ਼ਿਲ੍ਹਾ ਬਰਨਾਲਾ ਅੰਦਰ ਪੋਲਟਰੀ ਫਾਰਮਾਂ, ਰਾਈਸ ਸੈਲਰਾਂ, ਭੱਠਿਆਂ ਅਤੇ ਹੋਰ ਲਘੂ ਉਦਯੋਗਾਂ ਦੇ ਮਾਲਕ ਅਤੇ ਘਰੇਲੂ ਨੌਕਰ ਰੱਖਣ ਵਾਲੇ ਆਪਣੇ ਅਧੀਨ ਕੰਮ ਕਰਨ ਵਾਲੇ ਵਿਅਕਤੀਆਂ ਦਾ ਨਾਮ ਅਤੇ ਮੁਕੰਮਲ ਪੱਕਾ ਪਤਾ, ਤਿੰਨ ਤਸਵੀਰਾਂ (ਸੱਜੇ, ਖੱਬੇ ਅਤੇ ਸਾਹਮਣੇ ਤੋਂ ਪੋਜ) ਆਪਣੇ ਘਰਾਂ ਵਿੱਚ ਰਜਿਸਟਰ ਲਾ ਕੇ ਰੱਖਣ ਅਤੇ ਉਨਾਂ ਦੀਆਂ ਸਾਰੀਆਂ ਰਿਸ਼ਤੇਦਾਰੀਆਂ ਦੇ ਪਤੇ ਲਿਖ ਕੇ ਰੱਖੇ ਜਾਣ ਅਤੇ ਨੌਕਰ ਦੀ ਤਨਖਾਹ ਵਿਚੋਂ 100/200 ਰੁਪਏ ਦਾ ਮਨੀ ਆਰਡਰ ਉਸਦੇ ਨਜ਼ਦੀਕੀ ਰਿਸ਼ਤੇਦਾਰ ਦੇ ਪਤੇ 'ਤੇ ਭੇਜਣ, ਮਨੀ ਆਰਡਰ ਪਹੁੰਚਣ ਉਪਰੰਤ ਰਸੀਦ ਦੀ ਫੋਟੋ ਕਾਪੀ ਨੂੰ ਆਪਣੇ ਕਬਜ਼ੇ ਵਿੱਚ ਰੱਖਣ। ਨੌਕਰ ਦੇ ਹੱਥਾਂ ਤੇ ਉਂਗਲਾਂ ਦੇ ਨਿਸ਼ਾਨ ਸੰਬੰਧਤ ਮਾਲਕ ਆਪਣੇ ਰਜਿਸਟਰ ਵਿੱਚ ਦਰਜ਼ ਕਰਨ ਅਤੇ ਇਹ ਸਾਰਾ ਰਿਕਾਰਡ ਸਬੰਧਤ ਪੁਲਿਸ ਥਾਣਾ ਅਤੇ ਚੌਕੀ ਵਿੱਚ ਦਰਜ਼ ਕਰਾਉਣਾ ਯਕੀਨੀ ਬਣਾਉਣਗੇ। ਇਸੇ ਤਰਾਂ ਮਕਾਨ ਮਾਲਕ ਵੀ ਆਪਣੇ ਮਕਾਨ ਵਿੱਚ ਰੱਖੇ ਜਾਣ ਵਾਲੇ ਕਿਰਾਏਦਾਰਾਂ ਦਾ ਪੂਰਾ ਵੇਰਵਾ ਸਬੰਧਤ ਥਾਣੇ/ਪੁਲਿਸ ਚੌਕੀ ਵਿੱਚ ਦਰਜ਼ ਕਰਵਾਉਣ।ਉਪਰੋਕਤ ਹੁਕਮ ਮਿਤੀ 14 ਮਾਰਚ 2026 ਤੱਕ ਲਾਗੂ ਰਹਿਣਗੇ। ਹੁਕਮਾਂ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪ੍ਰਾਈਵੇਟ ਸਕੂਲ ਮੁਖੀਆਂ ਅਤੇ ਟਰਾਂਸਪੋਰਟ ਦੇ ਠੇਕੇਦਾਰਾਂ ਦੀ ਡੀ ਸੀ ਦੀ ਅਗਵਾਈ 'ਚ ਹੋਈ ਮੀਟਿੰਗ



ਬਰਨਾਲਾ, 17 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ): ਜ਼ਿਲ੍ਹਾ ਬਰਨਾਲਾ ਦੇ ਚੁਣਵੇਂ ਪ੍ਰਾਈਵੇਟ ਸਕੂਲ ਮੁਖੀਆਂ ਅਤੇ ਟ੍ਰਾਂਸਪੋਰਟ ਦੇ ਠੇਕੇਦਾਰਾਂ ਦੀ ਸੇਫ ਵਾਹਨ ਪਾਲਿਸੀ ਅਧੀਨ ਮੀਟਿੰਗ ਮਾਨਯੋਗ ਡਿਪਟੀ ਕਮਿਸ਼ਨਰ ਬਰਨਾਲਾ ਟੀ. ਬੈਨਿਥ ਆਈ.ਏ.ਐਸ. ਦੀ ਅਗਵਾਈ ਵਿੱਚ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਵੀਡਿਓ ਕਾਨਫਰੰਸ ਰੂਮ ਵਿੱਚ ਕੀਤੀ ਗਈ। ਇਸਦੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਬਰਨਾਲਾ ਸੁਨੀਤਇੰਦਰ ਸਿੰਘ ਨੇ ਦੱਸਿਆ ਕਿ ਵੱਖ -ਵੱਖ ਮਹਿਕਮਿਆਂ ਜਿਵੇਂ ਟ੍ਰੈਫਿਕ ਵਿਭਾਗ, ਬਾਲ ਵਿਕਾਸ ਵਿਭਾਗ, ਰਿਜਨਲ ਟ੍ਰਾਂਸਪੋਰਟ ਵਿਭਾਗ, ਸਿੱਖਿਆ ਵਿਭਾਗ ਵੱਲੋਂ ਸੇਫ ਵਾਹਨ ਪਾਲਿਸੀ ਅਧੀਨ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਅਤੇ ਟ੍ਰਾਂਸਪੋਰਟ ਠੇਕੇਦਾਰਾਂ ਨਾਲ ਇਸ ਪਾਲਿਸੀ ਦੀ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਬਰਨਾਲਾ ਜ਼ਿਲ੍ਹੇ ਦੇ ਟ੍ਰੈਫਿਕ ਇੰਚਾਰਜ ਸੇਰਵਿੰਦਰ ਸਿੰਘ ਔਲਖ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਨੂੰ ਉਹੀ ਠੇਕੇਦਾਰ ਨੂੰ ਬੱਸਾਂ ਪਾਉਣ ਦੇਣੀਆਂ ਚਾਹੀਦੀਆਂ ਜੋ ਸਾਰੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਣ । ਇਸ ਸਮੇਂ ਉਹਨਾਂ ਨੇ ਆਪਣਾ ਮੋਬਾਈਲ ਨੰਬਰ ਸਾਂਝਾ ਕੀਤਾ ਜੇਕਰ ਕੋਈ ਵੀ ਜ਼ਰੂਰਤ ਹੋਵੇ ਉਹ ਹਰ ਸਮੇਂ ਹਾਜ਼ਰ ਹਨ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਇਸ ਪਾਲਿਸੀ ਦਾ ਮੁੱਖ ਮੰਤਵ ਹੈ । ਸਹਾਇਕ ਰਿਜਨਲ ਟ੍ਰਾਂਸਪੋਰਟ ਅਫ਼ਸਰ ਜਸ਼ਨਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਕੂਲ ਮੁਖੀ ਤੇ ਟ੍ਰਾਂਸਪੋਰਟ ਠੇਕੇਦਾਰ ਬੱਚਿਆਂ ਦੀ ਸੁਰੱਖਿਆ ਲਈ ਬਰਾਬਰ ਦੀ ਜ਼ਿੰਮੇਵਾਰੀ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈ ਸਿ ਬਰਨਾਲਾ ਸੁਨੀਤਇੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਸਿੱਖਿਆ ਵਿਭਾਗ ਦਾ ਕੇਂਦਰੀ ਧੁਰਾ ਹਨ । ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਉਹਨਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈ ਸਿ ਬਰਨਾਲਾ ਬਰਜਿੰਦਰਪਾਲ ਸਿੰਘ ਨੇ ਮੁਖੀਆ ਤੇ ਠੇਕੇਦਾਰਾਂ ਨੂੰ ਅਪੀਲ ਕੀਤੀ ਕਿ ਸਾਨੂੰ ਇਹ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਉਣੀ ਚਾਹੀਦੀ ਹੈ। ਲੈਕ.ਪਰਮਿੰਦਰ ਸਿੰਘ ਕਿਹਾ ਕਿ ਜਿੱਥੇ ਸਾਡਾ ਫਰਜ਼ ਬੱਚਿਆਂ ਨੂੰ ਚੰਗੀ ਸਿੱਖਿਆ ਦੇਣਾ ਹੈ , ਉਥੇ ਹੀ ਸਾਡਾ ਫਰਜ਼ ਹੈ ਕਿ ਬੱਚਿਆਂ ਨੂੰ ਸੇਫ ਸਕੂਲ ਤੱਕ ਪਹੁੰਚਾਉਣਾ ਵੀ ਹੈ । ਇਸ ਸਮੇਂ ਐਸ.ਓ. ਸ੍ਰੀ ਸੰਜੀਵ ਕੁਮਾਰ, ਨੀਰਜ਼ ਸਿੰਗਲਾ, ਗੁਰਚਰਨ ਸਿੰਘ ਟ੍ਰੈਫ਼ਿਕ ਵਿਭਾਗ ਆਦਿ ਹਾਜ਼ਰ ਰਹੇ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਐਮ.ਆਰ.ਐਫ. ਸੈਂਟਰ ਅਤੇ ਐਸ.ਟੀ.ਪੀ. ਦੇ ਕੰਮ ਦਾ ਜਾਇਜ਼ਾ ਲਿਆ

ਧਨੌਲਾ, 17 ਜਨਵਰੀ (ਚਮਕੌਰ ਸਿੰਘ ਗੱਗੀ):ਅੱਜ ਵਧੀਕ ਡਿਪਟੀ ਕਮਿਸ਼ਨਰ (ਜ) : ਸ਼੍ਰੀ ਅਮਿਤ ਬੈਂਬੀ ਵੱਲੋਂ ਨਗਰ ਕੌਂਸਲ ਧਨੌਲਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਫਾਈ ਪ੍ਰਬੰਧਾਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ। ਇਸ ਮੌਕੇ ਉਹਨਾਂ ਨੇ ਨਗਰ ਕੌਂਸਲ ਧਨੌਲਾ ਅਧੀਨ ਬਣੇ ਐਮ.ਆਰ.ਐਫ. ਸੈਂਟਰ ਦੀ ਚੈਕਿੰਗ ਕੀਤੀ। ਉਨ੍ਹਾਂ ਨੇ ਉੱਥੇ ਗਿੱਲੇ ਅਤੇ ਸੁੱਕੇ ਕੂੜੇ ਦੇ ਪ੍ਰਬੰਧਨ ਬਾਰੇ ਜਾਣਕਾਰੀ ਹਾਸਿਲ ਕੀਤੀ ਅਤੇ ਅਧਿਕਾਰੀਆਂ ਨੂੰ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਹੋਰ ਚੁਸਤ-ਦਰੁਸਤ ਬਣਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੇ ਚੱਲ ਰਹੇ ਨਿਰਮਾਣ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਹਦਾਇਤ ਕੀਤੀ ਕਿ ਐਸ.ਟੀ.ਪੀ. ਦਾ ਕੰਮ ਤੈਅ ਸਮੇਂ ਸੀਮਾ ਦੇ ਅੰਦਰ ਅਤੇ ਉੱਚ ਗੁਣਵੱਤਾ ਨਾਲ ਮੁਕੰਮਲ ਕੀਤਾ ਜਾਵੇ, ਤਾਂ ਜੋ ਸ਼ਹਿਰ ਵਾਸੀਆਂ ਨੂੰ ਜਲਦ ਇਸਦਾ ਲਾਭ ਮਿਲ ਸਕੇ।ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਚਾਈਨਾ ਡੋਰ ਵੇਚਣ ਵਾਲੇ ਖ਼ਿਲਾਫ ਸ.ਖ਼ਤ ਕਾਰਵਾਈ ਕੀਤੀ ਜਾਵੇਗੀ :ਥਾਣਾ ਮੁਖੀ



ਧਨੌਲਾ, 17 ਜਨਵਰੀ (ਚਮਕੌਰ ਸਿੰਘ ਗੱਗੀ) :ਬਸੰਤ ਪੰਚਮੀ ਦਾ ਤਿਉਹਾਰ ਨੇੜੇ ਆਉਂਦੀਆਂ ਹੀ ਥਾਣਾ ਧਨੌਲਾ ਦੇ ਮੁਖੀ ਇੰਸਪੈਕਟਰ ਲਖਬੀਰ ਸਿੰਘ ਨੇ ਬਸੰਤ ਪੰਚਮੀ ਮੌਕੇ ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਚਿਤਾਵਨੀ ਦਿੰਦੇ ਹੋਏ ਉਹਨਾਂ ਕਿਹਾ ਕਿ ਬਸੰਤ ਪੰਚਮੀ ਦਾ ਤਿਉਹਾਰ ਆਉਂਦੇ ਹੀ ਪਤੰਗ ਉਡਾਉਣ ਵਾਲੇ ਚਾਹਵਾਨਾ ਵੱਲੋਂ ਪਤੰਗਾਂ ਦੀ ਖਰੀਦੋ ਫਰੋਖਤ ਕਰਨ ਮੌਕੇ ਜਿਹੜੀ ਡੋਰ ਦੀ ਵਰਤੋਂ ਕੀਤੀ ਜਾਂਦੀ ਹੈ ਚਾਈਨਾ ਡੋਰ ਉਹ ਜਿੱਥੇ ਮਨੁੱਖੀ ਜਾਨਾਂ ਲਈ ਘਾਤਕ ਹੈ ਉੱਥੇ ਪੰਛੀਆਂ ਲਈ ਵੀ ਘਾਤਕ ਅਤੇ ਜਾਨਲੇਵਾ ਸਿੱਧ ਹੁੰਦੀ ਹੈ, ਉਨਾਂ ਕਿਹਾ ਕਿ ਇਸ ਨਾਲ ਰੋਜਾਨਾ ਕੀਮਤੀ ਜਾਨਾ ਜਾ ਰਹੀਆਂ ਹਨ ਅਤੇ ਚਾਈਨਾ ਡੋਰ ਨਾਲ ਹਾਦਸੇ ਹੋ ਰਹੇ ਹਨ। ਜਿਸ ਕਰਕੇ ਉਹਨਾਂ ਵੱਲੋਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਦੁਕਾਨਦਾਰ ਚਾਈਨਾ ਡੋਰ ਦੀ ਬਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ , ਇਸ ਦੇ ਨਾਲ ਹੀ ਉਹਨਾਂ ਵੱਲੋਂ ਪਤੰਗ ਉਡਾਉਣ ਦੇ ਚਾਹਵਾਨਾਂ ਨੂੰ ਵੀ ਕਿਹਾ ਕਿ ਉਹ ਆਪਣਾ ਤਿਉਹਾਰ ਧਾਗੇ ਵਾਲੀ ਡੋਰ ਨਾਲ ਹੀ ਮਨਾਉਣ ਜੇਕਰ ਚਾਈਨਾ ਡੋਰ ਨਾਲ ਪਤੰਗ ਉਡਾਏ ਗਏ ਤਾਂ ਪਤੰਗ ਉਡਾਉਣ ਵਾਲਿਆਂ ਅਤੇ ਛੋਟੇ ਬੱਚਿਆਂ ਦੇ ਮਾਤਾ ਪਿਤਾ ਖਿਲਾਫ਼ ਵੀ ਸਖਤ ਕਾਰਵਾਈ ਕੀਤੀ ਜਾਵੇਗੀ ,

# ਪੁਲਿਸ ਨੇ ਭਦੌੜ 'ਚ ਨਸ਼ਾ ਤਸਕਰ ਦੇ ਘਰ 'ਤੇ ਚਲਾਇਆ ਪੀਲ਼ਾ ਪੰਜਾ

## ਨਸ਼ਾ ਤਸਕਰਾਂ ਖਿਲਾ.ਫ ਇਸੇ ਤਰ੍ਹਾਂ ਸਖਤ ਕਾਰਵਾਈਆਂ ਹੁੰਦੀਆਂ ਰਹਿਣਗੀਆਂ: ਐਸ.ਪੀ.ਡੀ. ਬਰਨਾਲਾ



ਭਦੌੜ, 17 ਜਨਵਰੀ (ਸੁਖਵਿੰਦਰ ਪਲਾਹਾ):ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦੇ ਤਹਿਤ ਅਤੇ ਐਸ਼.ਐਸ਼.ਪੀ. ਬਰਨਾਲਾ ਸ਼ਰਫ਼ਰਾਜ ਆਲਮ ਦੀ ਅਗਵਾਈ ਹੇਠ ਅੱਜ ਨਾਨਕਸਰ ਰੋਡ ਭਦੌੜ ਉੱਪਰ ਇੱਕ ਨਸ਼ਾ ਤਸਕਰ ਦੇ ਘਰ ਉੱਪਰ ਪੁਲਿਸ ਪ੍ਰਸ਼ਾਸਨ ਬਰਨਾਲਾ ਵੱਲੋਂ ਪੀਲੇ ਪੰਜੇ ਦਾ ਇਸਤੇਮਾਲ ਕਰਕੇ ਨਸ਼ਾ ਤਸਕਰ ਦੇ ਘਰ ਤੇ ਕਾਰਵਾਈ ਕੀਤੀ ਗਈ ।ਮੌਕੇ 'ਤੇ ਪਹੁੰਚਕੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਗੁਰਸਾਹਿਬ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਨਾਨਕਸਰ ਰੋਡ ਭਦੌੜ ਜੋ ਕਿ ਪਿਛਲੇ ਲੰਬੇ ਸਮੇਂ ਤੋਂ ਨਸ਼ਾ ਕਰਨ ਅਤੇ ਨਸ਼ਾ ਵੇਚਣ ਦਾ ਆਦੀ ਸੀ,ਜਿਸ ਦੇ ਸਿੱਟੇ ਵਜੋਂ ਨਸ਼ਾ ਤਸਕਰ ਗੁਰਸਾਹਿਬ ਸਿੰਘ ਦੇ ਘਰ ਤੇ ਜੇ.ਸੀ.ਬੀ. ਮਸ਼ੀਨ ਨਾਲ ਉਸ ਦੇ ਘਰ ਦਾ ਗੇਟ ਪ੍ਰਸ਼ਾਸਨ ਵੱਲੋਂ ਢਹਿ ਢੇਰੀ ਕੀਤਾ ਗਿਆ ।ਇਸ ਮੌਕੇ ਐਸ.ਪੀ.ਡੀ. ਬਰਨਾਲਾ ਸ੍ਰੀ ਅਸ਼ੋਕ ਕੁਮਾਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਸਾਹਿਬ ਸਿੰਘ ਪੁੱਤਰ ਗੁਰਦੇਵ ਸਿੰਘ ਉੱਪਰ ਪਹਿਲਾਂ ਹੀ ਐਨ.ਡੀ.ਪੀ.ਐਸ. ਐਕਟ ਅਧੀਨ ਦੋ ਪਰਚੇ ਚੱਲ ਰਹੇ ਹਨ ਅਤੇ ਇਸ ਨੂੰ ਕਈ ਵਾਰ ਚਿਤਾਵਨੀ ਵੀ ਦਿੱਤੀ ਜਾ ਚੁੱਕੀ ਸੀ, ਪਰ ਇਹ ਆਪਣੀ ਹਰਕਤਾਂ ਤੋਂ ਬਾਜ਼ ਨਹੀਂ ਆਇਆ ਜਿਸ ਕਰਕੇ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਗਰ ਕੌਂਸਲ ਭਦੌੜ ਦੇ ਜੇਈ ਦੀ ਨਿਸ਼ਾਨਦੇਹੀ ਤੇ ਗੁਰਸਾਹਿਬ ਸਿੰਘ ਦੇ ਘਰ ਉੱਪਰ ਇਹ ਕਾਰਵਾਈ ਕੀਤੀ ਗਈ । ਉਹਨਾਂ ਕਿਹਾ ਕਿ ਸਾਡੇ ਵੱਲੋਂ ਲਗਾਤਾਰ ਇਹ ਕਾਰਵਾਈ ਨਸਾ ਤਸਕਰਾਂ ਦੇ ਘਰਾਂ ਉੱਪਰ ਇਸੇ ਤਰ੍ਹਾਂ ਜਾਰੀ ਰਹੇਗੀ ਅਤੇ ਪ੍ਰਸ਼ਾਸਨ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਸਖਤ ਕਾਰਵਾਈਆਂ ਹੁੰਦੀਆਂ ਰਹਿਣਗੀਆਂ ।ਉਹਨਾਂ ਕਿਹਾ ਕਿ ਸਾਡੇ ਵੱਲੋਂ ਇਹ ਕਾਰਵਾਈ ਨਸ਼ਾ ਤਸਕਰਾਂ ਨੂੰ ਸੁਧਾਰਨ ਅਤੇ ਹੋਰ ਨੌਜਵਾਨ ਪੀੜ੍ਹੀ ਨੂੰ ਇੱਕ ਵਧੀਆ ਸੁਨੇਹੇ ਵਜੋਂ ਕੀਤੀ ਜਾ ਰਹੀ ਹੈ ਤਾਂ ਕਿ ਕੋਈ ਵੀ ਨੌਜਵਾਨ ਨਸ਼ਾ ਵੇਚਣ ਜਾਂ ਨਸ਼ਾ ਖਾਣ ਦੀ ਹਿੰਮਤ ਨਾ ਕਰੇ ਅਤੇ ਪੰਜਾਬ ਸਰਕਾਰ ਵੱਲੋਂ ਸਮਾਜ ਨੂੰ ਸੁਧਾਰਨ ਦਾ ਇਹ ਸਭ ਤੋਂ ਵਧੀਆ ਜਰੀਆ ਮੰਨਿਆ ਗਿਆ ਹੈ । ਇਸ ਮੌਕੇ ਡੀ.ਐੱਸ.ਪੀ. ਬਰਨਾਲਾ ਬਲਜੀਤ ਸਿੰਘ ਢਿੱਲੋਂ, ਡੀ.ਐੱਸ.ਪੀ. ਮਹਿਲ ਕਲਾਂ ਜਸਪਾਲ ਸਿੰਘ, ਥਾਣਾ ਭਦੌੜ ਦੇ ਮੁਖੀ ਇੰਸਪੈਕਟਰ ਹਰਸਿਮਰਨਜੀਤ ਸਿੰਘ, ਥਾਣਾ ਤਪਾ ਦੇ ਮੁਖੀ ਸ਼ਰੀਫ਼ ਖਾਨ, ਥਾਣਾ ਟੱਲੇਵਾਲ ਦੇ ਮੁਖੀ ਕਿਰਨਜੀਤ ਕੌਰ, ਥਾਣਾ ਰੂੜਕੇ ਕਲਾਂ ਦੇ ਇੰਚਾਰਜ ਬਲਵਿੰਦਰ ਸਿੰਘ, ਤਪਾ ਚੌਂਕੀ ਦੇ ਇੰਚਾਰਜ ਏ.ਐੱਸ.ਆਈ. ਬਲਜੀਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਚ ਪੰਜਾਬ ਪੁਲਿਸ ਦੇ ਕਰਮਚਾਰੀ ਹਾਜਿਰ ਸਨ । ਇਸ ਘਟਨਾ ਸਬੰਧੀ ਗੁਰਸਾਹਿਬ ਸਿੰਘ ਦੀ ਚਾਚੀ ਕਮਲਜੀਤ ਕੌਰ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਿੱਚ ਸਾਡਾ ਕੋਈ ਕਸੂਰ ਨਹੀਂ ਸੀ ਅਤੇ ਸਾਡੇ ਨਾਲ ਸਰਾਸਰ ਧੱਕਾ ਹੋਇਆ ਹੈ ਕਿਉਂਕਿ ਇਸ ਘਰ ਵਿੱਚ ਅਸੀਂ ਦੋ ਪਰਿਵਾਰ ਰਹਿੰਦੇ ਹਾਂ, ਗੁਰਸਾਹਿਬ ਸਿੰਘ ਇਕੱਲਾ ਰਹਿੰਦਾ ਹੈ ਅਤੇ ਇਸ ਘਰ ਦੇ ਅੰਦਰ ਹੀ ਸਾਡਾ ਆਪਣਾ ਘਰ ਹੈ ਜਿਸ ਚ ਸਾਡਾ ਪਰਿਵਾਰ ਰਹਿੰਦਾ ਹੈ ਅਤੇ ਸਾਡੇ ਦੋਹਾਂ ਘਰਾਂ ਦਾ ਇੱਕੋ ਹੀ ਗੇਟ ਹੈ ਫਿਰ ਇਸ ਵਿੱਚ ਸਾਨੂੰ ਵੀ ਬਲੀ ਦਾ ਬੱਕਰਾ ਕਿਉਂ ਬਣਾਇਆ ਗਿਆ ਹੈ । ਇਸ ਮੌਕੇ ਵੱਡੀ ਗਿਣਤੀ ਚ ਮੁਹੱਲਾ ਨਿਵਾਸੀ ਹਾਜਿਰ ਸਨ ।

# ਥਾਣਾ ਮੁਖੀ ਭਦੌੜ ਵੱਲੋਂ ਟਰੈਫਿਕ ਸਮੱਸਿਆ ਵਿੱਚ ਕੀਤਾ ਜਾਵੇਗਾ ਸੁਧਾਰ



ਭਦੌੜ, 17 ਜਨਵਰੀ (ਸੁਖਵਿੰਦਰ ਪਲਾਹਾ): ਸ਼ਹਿਰ ਭਦੌੜ ਵਿੱਚ ਅੱਜਕੱਲ ਕੰਟਰੋਲ ਤੋਂ ਬਾਹਰ ਹੋਈ ਟਰੈਫਿਕ ਸਮੱਸਿਆ ਦਿਨੋ ਦਿਨ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ, ਜਿਸ ਤੇ ਚਿੰਤਾ ਜਾਹਿਰ ਕਰਦਿਆਂ ਥਾਣਾ ਮੁਖੀ ਭਦੌੜ ਹਰਸਿਮਰਨਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟਰੈਫਿਕ ਦੀ ਵਧ ਰਹੀ ਇਸ ਸਮੱਸਿਆ ਵੱਲ ਜਲਦ ਹੀ ਧਿਆਨ ਦੇ ਕੇ ਉਸਾਰੂ ਕਦਮ ਚੁੱਕੇ ਜਾਣਗੇ ।ਉਹਨਾਂ ਕਿਹਾ ਕਿ ਥਾਣਾ ਭਦੌੜ ਵੱਲੋਂ ਵੱਡੇ ਟਰਾਲਿਆਂ ਤੇ ਦਿਨ ਦੇ ਟਾਈਮ ਸ਼ਹਿਰ ਵਿੱਚੋਂ ਲੰਘਣ ਉੱਤੇ ਪਾਬੰਦੀ ਲਗਾਈ ਹੋਈ ਹੈ, ਇਸ ਤੋਂ ਇਲਾਵਾ ਸੜਕ ਦੇ ਦੋਵਾਂ ਸਾਈਡਾਂ ਤੇ ਦੁਕਾਨਦਾਰਾਂ ਵੱਲੋਂ ਕੀਤੇ ਹੋਏ ਨਜਾਇਜ਼ ਕਬਜ਼ਿਆਂ ਨੂੰ ਵੀ ਜਲਦੀ ਹੀ ਛੁਡਵਾ ਕੇ ਟਰੈਫਿਕ ਨੂੰ ਹੋਰ ਸੁਖਾਲਾ ਕੀਤਾ ਜਾਵੇਗਾ ।ਉਹਨਾਂ ਕਿਹਾ ਕਿ ਕੁੱਝ ਨਾਬਾਲਿਗ ਬੱਚੇ ਵੀ ਦੁਪਹੀਆ ਵਹੀਕਲਜ਼ ਲੈ ਕੇ ਘੁੰਮਦੇ ਨਜ਼ਰ ਆਉਂਦੇ ਹਨ ,ਅਸੀਂ ਟਰੈਫਿਕ ਸਮੱਸਿਆ ਦੇ ਮੱਦੇ ਨਜ਼ਰ ਉਹਨਾਂ ਦੇ ਮਾਪਿਆਂ ਨਾਲ ਅਤੇ ਸਕੂਲਾਂ ਵਿੱਚ ਸੈਮੀਨਾਰ ਕਰਵਾ ਕੇ ਇਸ ਸਬੰਧੀ ਜਾਗਰੂਕ ਕਰਾਂਗੇ ।ਉਹਨਾਂ ਬੱਚਿਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਕਿ ਆਪਣੇ ਬੱਚਿਆਂ ਨੂੰ ਵਹੀਕਲਜ਼ ਦੇ ਕੇ ਸ਼ਹਿਰ ਅੰਦਰ ਨਾ ਭੇਜਿਆ ਜਾਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਐਕਸੀਡੈਂਟ ਹੋਣ ਤੋਂ ਵੀ ਬਚਿਆ ਜਾ ਸਕਦਾ ਹੈ, ਕਿਉਂਕਿ ਨਾਬਾਲਿਗ ਬੱਚਿਆਂ ਨੂੰ ਬਿਨਾਂ ਲਾਈਸੈਂਸ ਵ੍ਹੀਕਲ ਦੇਣਾ ਇੱਕ ਕਾਨੂੰਨਨ ਅਪਰਾਧ ਹੈ।ਉਹਨਾਂ ਕਿਹਾ ਕਿ ਥਾਣਾ ਭਦੌੜ ਵੱਲੋਂ ਵੱਖ-ਵੱਖ ਸਮੇਂ ਤੇ ਵਾਹਨਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਜਿਨਾਂ ਦੇ ਕਾਗਜ਼ਾਤ ਅਧੂਰੇ ਹੁੰਦੇ ਹਨ ਜਾਂ ਵਹੀਕਲਾਂ ਉੱਪਰ ਨੰਬਰ ਪਲੇਟ ਨਹੀਂ ਲੱਗੀ ਹੁੰਦੀ ਉਹਨਾਂ ਦੇ ਥਾਣਾ ਭਦੌੜ ਵੱਲੋਂ ਚਾਲਾਨ ਵੀ ਕੱਟੇ ਜਾਂਦੇ ਹਨ। ਇਸ ਮੌਕੇ ਹੈੱਡ ਕਾਂਸਟੇਬਲ ਨਿਰਮਲ ਸਿੰਘ ਹਰਦੀਪ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਿਰ ਸਨ।।ਉਹਨਾਂ ਕਿਹਾ ਕਿ ਥਾਣਾ ਭਦੌੜ ਵੱਲੋਂ ਵੱਖ-ਵੱਖ ਸਮੇਂ ਤੇ ਵਾਹਨਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਜਿਨਾਂ ਦੇ ਕਾਗਜ਼ਾਤ ਅਧੂਰੇ ਹੁੰਦੇ ਹਨ ਜਾਂ ਵਹੀਕਲਾਂ ਉੱਪਰ ਨੰਬਰ ਪਲੇਟ ਨਹੀਂ ਲੱਗੀ ਹੁੰਦੀ ਉਹਨਾਂ ਦੇ ਥਾਣਾ ਭਦੌੜ ਵੱਲੋਂ ਚਾਲਾਨ ਵੀ ਕੱਟੇ ਜਾਂਦੇ ਹਨ। ਇਸ ਮੌਕੇ ਹੈੱਡ ਕਾਂਸਟੇਬਲ ਨਿਰਮਲ ਸਿੰਘ ਹਰਦੀਪ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਿਰ ਸਨ।

# ਕਾਰ ਨੂੰ ਅੱਗ ਲੱਗਣ ਕਾਰਨ ਮਾਂ ਅਤੇ ਧੀ ਜ਼ਿੰਦਾ ਸੜੇ





ਸੁਨਾਮ ਊਧਮ ਸਿੰਘ ਵਾਲਾ, 17 ਜਨਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਨਜ਼ਦੀਕੀ ਪਿੰਡ ਸੁੱਲਰਘਰਾਟ ਨੇੜੇ ਨਹਿਰ ਦੀ ਪਟੜੀ 'ਤੇ ਅੱਜ ਸਵੇਰੇ ਵਾਪਰੇ ਇੱਕ ਭਿਆਨਕ ਕਾਰ ਸੜਕ ਹਾਦਸੇ ਵਿੱਚ, ਇੱਕ ਮਾਂ ਅਤੇ ਧੀ ਕਾਰ ਵਿੱਚ ਜ਼ਿੰਦਾ ਸੜ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਮਾਂ ਅਤੇ ਧੀ ਆਪਣੀ ਕਾਰ ਰਾਹੀਂ ਪਿੰਡ ਮੋੜਾਂ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਜਾ ਰਹੀਆਂ ਸਨ ਕਿ ਅਚਾਨਕ ਉਹਨਾਂ ਦੀ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਗੱਡੀ ਇੱਕ ਦਰਖ਼ਤ ਵਿੱਚ ਜਾ ਟਕਰਾਈ ਅਤੇ ਮੌਕੇ 'ਤੇ ਗੱਡੀ ਨੂੰ ਅੱਗ ਲੱਗ ਗਈ ਇੱਕ ਦਰੱਖਤ ਨਾਲ ਟਕਰਾਉਣ ਤੋਂ ਬਾਅਦ ਅੱਗ ਲੱਗ ਗਈ, ਜਿਸ ਨਾਲ ਦੋਹਾਂ ਮਾਂ ਅਤੇ ਧੀ ਗੱਡੀ ਦੇ ਅੰਦਰ ਹੀ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਉਹਨਾਂ ਦੀ ਮੌਤ ਹੋ ਗਈ, ਲੜਕੀ ਦੀ ਉਮਰ ਲੱਗਭੱਗ 35 ਸਾਲ ਦੀ ਸੀ ਅਤੇ ਇੱਕ ਪੁਲਿਸ ਮੁਲਾਜ਼ਮ ਸੀ, ਇਸ ਹਾਦਸੇ ਦੀ ਖ਼ਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।ਮੌਕੇ 'ਤੇ ਪਹੁੰਚੀ ਪੁਲਿਸ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਜਾਂਚ ਤੋਂ ਬਾਅਦ ਹੀ ਲੱਗੇਗਾ।

# ਦੁਬਈ ਦੇ ਨੰਬਰ 'ਤੇ ਫਿਰੌਤੀ ਮੰਗਣ ਵਾਲਾ ਪੁਲਿਸ ਮੁਕਾਬਲੇ ਵਿੱਚ ਜ਼ਖਮੀ

## ਤਇਮੀਗ੍ਰੇਸ਼ਨ ਵਪਾਰੀ ਕੋਲੋਂ ਮੰਗੀ ਸੀ ਫਿਰੌਤੀ, ਚੋਰੀ ਦਾ ਮੋਟਰਸਾਈਕਲ ਅਤੇ ਦੇਸੀ ਕੱਟਾ ਬਰਾਮਦ



ਬਠਿੰਡਾ, 17 ਜਨਵਰੀ( ਦੀਪਕ ਸ਼ਰਮਾ) :ਬਠਿੰਡਾ ਪੁਲਿਸ ਨੇ ਸ਼ਨੀਵਾਰ ਸਵੇਰੇ ਇੱਕ ਇਮੀਗ੍ਰੇਸ਼ਨ ਕਾਰੋਬਾਰੀ ਤੋਂ ਇੱਕ ਕਰੋੜ ਰੁਪਏ ਦੀ ਫ਼ਿਰੌਤੀ ਮੰਗਣ ਵਾਲੇ ਮੁਲਜ਼ਮ ਨੂੰ ਪੁਲਿਸ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਹੈ। ਪਿੰਡ ਕਟਾਰ ਸਿੰਘ ਵਾਲਾ ਨੇੜੇ ਹੋਈ ਇਸ ਗੋਲੀਬਾਰੀ ਵਿੱਚ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ ਹੈ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਪੁਲਿਸ ਟੀਮ 'ਤੇ ਜਾਨਲੇਵਾ ਹਮਲਾ ਕਰਨ ਦਾ ਇੱਕ ਹੋਰ ਨਵਾਂ ਮਾਮਲਾ ਵੀ ਦਰਜ ਕਰ ਲਿਆ ਹੈ।ਜਾਣਕਾਰੀ ਅਨੁਸਾਰ ਪਿੰਡ ਗੁਲਾਬਗੜ੍ਹ ਦੇ ਰਹਿਣ ਵਾਲੇ ਬੇਅੰਤ ਸਿੰਘ, ਜੋ ਮੋਹਾਲੀ ਅਤੇ ਦੁਬਈ ਵਿੱਚ ਇਮੀਗ੍ਰੇਸ਼ਨ ਸੈਂਟਰ ਚਲਾਉਂਦੇ ਹਨ, ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ 9 ਅਤੇ 10 ਜਨਵਰੀ ਨੂੰ ਉਨ੍ਹਾਂ ਦੇ ਦੁਬਈ ਵਾਲੇ ਮੋਬਾਈਲ ਨੰਬਰ 'ਤੇ ਵਾਟਸਐਪ ਕਾਲਾਂ ਆਈਆਂ ਸਨ।ਅਣਪਛਾਤੇ ਵਿਅਕਤੀ ਨੇ 1ਕਰੋੜ ਰੁਪਏ ਦੀ ਫ਼ਿਰੌਤੀ ਦੀ ਮੰਗ ਕਰਦਿਆਂ ਧਮਕੀ ਦਿੱਤੀ ਸੀ ਕਿ ਜੇਕਰ ਪੈਸੇ ਨਾ ਦਿੱਤੇ ਤਾਂ ਉਸ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ।ਥਾਣਾ ਸਦਰ ਬਠਿੰਡਾ ਵੱਲੋਂ ਇਸ ਮਾਮਲੇ ਦੀ ਜਾਂਚ ਟੈਕਨੀਕਲ ਮਾਹਿਰਾਂ ਨੂੰ ਸੌਂਪੀ ਗਈ, ਜਿਨ੍ਹਾਂ ਨੇ ਮੁਲਜ਼ਮ ਦੀ ਪਛਾਣ ਸੇਵਕ ਸਿੰਘ ਨਿਵਾਸੀ ਪਿੰਡ ਮਾਹੀਨੰਗਲ ਵਜੋਂ ਕੀਤੀ।ਇਸ ਮੌਕੇ ਐਸ.ਐਸ.ਪੀ. ਡਾ. ਜੋਤੀ ਯਾਦਵ ਬੈਂਸ ਨੇ ਘਟਨਾ ਸਥਾਨ ਦਾ ਜਾਇਜ਼ਾ ਲੈਣ ਮਗਰੋਂ ਦੱਸਿਆ ਕਿ ਸ਼ਨੀਵਾਰ ਸਵੇਰੇ ਚੌਕੀ ਇੰਡਸਟਰੀਅਲ ਏਰੀਆ ਦੇ ਇੰਚਾਰਜ ਸਬ-ਇੰਸਪੈਕਟਰ ਧਰਮਵੀਰ ਸਿੰਘ ਨੂੰ ਮੁਖ਼ਬਰ ਤੋਂ ਸੂਚਨਾ ਮਿਲੀ ਸੀ ਕਿ ਮੁਲਜ਼ਮ ਸੇਵਕ ਸਿੰਘ ਚੋਰੀ ਦੇ ਲਾਲ ਰੰਗ ਦੇ ਹੀਰੋ ਪੈਸ਼ਨ ਮੋਟਰਸਾਈਕਲ 'ਤੇ ਪਿੰਡ ਕਟਾਰ ਸਿੰਘ ਵਾਲਾ ਤੋਂ ਕੋਟਸ਼ਮੀਰ ਵੱਲ ਜਾ ਰਿਹਾ ਹੈ।ਜਦੋਂ ਪੁਲਿਸ ਟੀਮ ਨੇ ਨਾਕਾਬੰਦੀ ਕਰਕੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ, ਤਾਂ ਮੁਲਜ਼ਮ ਨੇ ਪੁਲਿਸ 'ਤੇ 12 ਬੋਰ ਦੇ ਦੇਸੀ ਕੱਟੇ ਨਾਲ ਫਾਇਰਿੰਗ ਸ਼ੁਰੂ ਕਰ ਦਿੱਤੀ।ਪੁਲਿਸ ਨੇ ਆਤਮ-ਰੱਖਿਆ ਵਿੱਚ ਜਵਾਬੀ ਫਾਇਰਿੰਗ ਕੀਤੀ, ਜਿਸ ਦੌਰਾਨ ਇੱਕ ਗੋਲੀ ਸੇਵਕ ਸਿੰਘ ਦੀ ਸੱਜੀ ਲੱਤ 'ਤੇ ਲੱਗੀ। ਪੁਲਿਸ ਨੇ ਤੁਰੰਤ ਉਸ ਨੂੰ ਕਾਬੂ ਕਰਕੇ ਹਸਪਤਾਲ ਪਹੁੰਚਾਇਆ।ਪੁਲਿਸ ਅਨੁਸਾਰ ਮੁਲਜ਼ਮ ਸੇਵਕ ਸਿੰਘ ਪਹਿਲਾਂ ਵੀ ਚੋਰੀ ਅਤੇ ਨਸ਼ਾ ਤਸਕਰੀ ਵਰਗੇ ਸੰਗੀਨ ਮਾਮਲਿਆਂ ਵਿੱਚ ਨਾਮਜ਼ਦ ਰਿਹਾ ਹੈ। ਉਸ ਕੋਲੋਂ ਬਰਾਮਦ ਮੋਟਰਸਾਈਕਲ ਵੀ ਚੋਰੀ ਦਾ ਨਿੱਕਲਿਆ। ਐਸ.ਐਸ.ਪੀ. ਨੇ ਸਪੱਸ਼ਟ ਕੀਤਾ ਕਿ ਕਾਨੂੰਨ ਵਿਵਸਥਾ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਫਿਲਹਾਲ ਪੁਲਿਸ ਮੁਲਜ਼ਮ ਦੇ ਮੋਬਾਈਲ ਡਾਟਾ ਅਤੇ ਹੋਰ ਸੰਪਰਕਾਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਫ਼ਿਰੌਤੀ ਦੇ ਪਿੱਛੇ ਕੋਈ ਵੱਡਾ ਗੈਂਗ ਤਾਂ ਸ਼ਾਮਲ ਨਹੀਂ ਹੈ। ਹਸਪਤਾਲ ਤੋਂ ਛੁੱਟੀ ਮਿਲਣ ਉਪਰੰਤ ਮੁਲਜ਼ਮ ਨੂੰ ਰਿਮਾਂਡ 'ਤੇ ਲੈ ਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਅਲਪਾਈਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਨੈਸ਼ਨਲ ਖੇਡਾਂ ਵਿੱਚ ਮੱਲਾਂ ਮਾਰੀਆਂ




ਭਵਾਨੀਗੜ੍ਹ, 17 ਜਨਵਰੀ (ਅਮਨਦੀਪ ਸਿੰਘ ਮਾਝਾ) :26 ਤੋਂ 28 ਦਸੰਬਰ ਤੱਕ ਅਸਾਮ ਵਿਖੇ ਹੋਈਆਂ 22ਵੀਂ ਨੈਸ਼ਨਲ ਖੇਡਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਅਲਪਾਈਨ ਪਬਲਿਕ ਸਕੂਲ , ਭਵਾਨੀਗੜ੍ਹ ਦੇ ਵਿਦਿਆਰਥੀਆਂ ਸਹਿਜਵੀਰ ਸਿੰਘ ਤੇ ਜਪਨੀਤ ਕੌਰ ਨੇ ਅੰਡਰ-14 ਖੇਡਦਿਆਂ 'ਕੁੰਗ-ਫੂ-ਵੁਸ਼ੂ' ਖੇਡ ਵਿੱਚੋਂ ਚਾਂਦੀ ਦਾ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਸਕੂਲ ਮੈਨੇਜਰ ਸ. ਹਰਮੀਤ ਸਿੰਘ ਗਰੇਵਾਲ ਅਤੇ ਪ੍ਰਿੰਸੀਪਲ ਰੋਮਾ ਅਰੋੜਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਸਕੂਲ ਦੇ ਡੀ.ਪੀ. ਸ.ਅਮਨਜੋਤ ਸਿੰਘ ਦੀ ਮਿਹਨਤ ਦਾ ਨਤੀਜਾ ਹੈ ਜਿਸਦੇ ਸਦਕਾ ਵਿਦਿਆਰਥੀਆਂ ਨੇ ਨੈਸ਼ਨਲ ਪੱਧਰ ਤੱਕ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਚਮਕਾਇਆ ਹੈ, ਜੋ ਕਿ ਸਭ ਲਈ ਹੀ ਬਹੁਤ ਮਾਣ ਵਾਲੀ ਗੱਲ ਹੈ।

# ਮੇਹਰ ਸਿੰਘ ਸਰਾਓ ਦੀ ਯਾਦ ਨੂੰ ਸਮਰਪਿਤ ਦੂਸਰਾ ਅੱਖਾਂ ਦਾ ਕੈਂਪ 24 ਫਰਵਰੀ ਨੂੰ

ਲਹਿਰਾਗਾਗਾ, 17 ਜਨਵਰੀ (ਗੁਰਦੀਪ ਸਿੰਘ):ਹਲਕਾ ਲਹਿਰਾਗਾਗਾ ਦੇ ਉੱਘੇ ਸਮਾਜ ਸੇਵਕ ਸਰਦਾਰ ਛੱਜੂ ਸਿੰਘ ਸਰਾਓ ਕਾਲਵੰਜਾਰਾ ਵੱਲੋਂ ਵਿਸ਼ਵ ਪ੍ਰਸਿੱਧ ਸੰਸਥਾ ਸ਼ੰਕਰਾ ਅੱਖਾਂ ਦਾ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਦੂਸਰਾ ਅੱਖਾਂ ਦਾ ਮੁਫ਼ਤ ਚੈਕਅਪ ਅਤੇ ਆਪਰੇਸ਼ਨ ਕੈਂਪ 24 ਫਰਵਰੀ ਦਿਨ ਮੰਗਲਵਾਰ ਨੂੰ ਪਿੰਡ ਕਾਲਵੰਜਾਰਾ ਵਿਖੇ ਲਗਾਇਆ ਜਾ ਰਿਹਾ ਹੈ, ਸਰਦਾਰ ਛੱਜੂ ਸਿੰਘ ਸਰਾਓ ਨੇ ਪੱਤਰਕਾਰ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਕੈਂਪ ਉਹਨਾਂ ਵੱਲੋਂ ਆਪਣੇ ਦਾਦਾ ਜੀ ਸਵਰਗਵਾਸੀ ਸਰਦਾਰ ਮੇਹਰ ਸਿੰਘ ਸਰਾਓ ਦੀ ਯਾਦ ਨੂੰ ਸਮਰਪਿਤ ਲਗਾਇਆ ਜਾਵੇਗਾ, ਉਹਨਾਂ ਕਿਹਾ ਕਿ ਮਰੀਜ਼ ਤੋਂ ਕਿਸੇ ਤਰ੍ਹਾਂ ਦਾ ਕੋਈ ਵੀ ਖਰਚਾ ਨਹੀਂ ਲਿਆ ਜਾਵੇਗਾ।ਅੱਖਾਂ ਦਾ ਚੈੱਕ ਅਪ, ਦਵਾਈਆਂ, ਆਪਰੇਸ਼ਨ ਅਤੇ ਆਉਣ ਜਾਣ ਦਾ ਪ੍ਰਬੰਧ ਬਿਲਕੁਲ ਫਰੀ ਹੋਵੇਗਾ,



ਸਰਦਾਰ ਛੱਜੂ ਸਿੰਘ ਸਰਾਓ ਇਲਾਕੇ ਲਈ ਸਮਾਜ ਭਲਾਈ ਕੰਮਾਂ ਵਿੱਚ ਹਮੇਸ਼ਾ ਮੂਹਰਲੀ ਕਤਾਰ ਵਿੱਚ ਖੜ੍ਹੇ ਹੋ ਕੇ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਇਲਾਕੇ ਵਿੱਚ ਸਮਾਜ ਸੇਵੀ ਤੇ ਇੱਕ ਹਰਮਨ ਪਿਆਰੀ ਸ਼ਖ਼ਸ਼ੀਅਤ ਵਜੋਂ ਜਾਣਿਆ ਜਾਂਦਾ ਹੈ, ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਪਿੰਡ ਕਾਲਵੰਜਾਰਾ ਲਹਿਰਾ ਪਾਤੜਾਂ ਰੋਡ ਤੇ ਲਹਿਰਾਗਾਗਾ ਤੋਂ ਲੱਗ ਭੱਗ ਸੱਤ ਕਿਲੋਮੀਟਰ ਦੂਰੀ ਤੇ ਸਥਿਤ ਹੈ,

# ਬਰਿੰਦਰ ਕੁਮਾਰ ਗੋਇਲ ਵੱਲੋਂ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਲਈ ਕੇਜਰੀਵਾਲ ਦਾ ਧੰਨਵਾਦ

ਖਨੌਰੀ, 17 ਜਨਵਰੀ: (ਓਮਪ੍ਰਕਾਸ਼ ਮੁਆਲ) :ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਅਤੇ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦੇ ਫ਼ੈਸਲੇ ਅਤੇ ਕਰਮਚਾਰੀਆਂ ਦੇ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵੱਲੋਂ ਹਾਲ ਹੀ ਵਿੱਚ ਇਨ੍ਹਾਂ ਲੋਕ-ਪੱਖੀ ਅਤੇ ਕਰਮਚਾਰੀ-ਪੱਖੀ ਫ਼ੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।ਮੀਟਿੰਗ ਦੌਰਾਨ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ, ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦਾ ਫ਼ੈਸਲਾ ਇੱਕ ਲੋਕ-ਪੱਖੀ ਕਦਮ ਹੈ, ਜੋ ਆਮ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਦੇ ਨਾਲ-ਨਾਲ ਉੱਨਤ ਡਾਕਟਰੀ ਇਲਾਜ ਲਈ ਦੂਰ-ਦੁਰਾਡੇ ਦੇ ਸ਼ਹਿਰਾਂ ਤੇ ਉਨ੍ਹਾਂ ਦੀ ਨਿਰਭਰਤਾ ਨੂੰ ਘਟਾਏਗਾ।ਕੈਬਨਿਟ ਮੰਤਰੀ ਨੇ ਕਿਹਾ ਕਿ 440 ਬੈੱਡਾਂ ਅਤੇ 100 ਐਮ.ਬੀ.ਬੀ.ਐਸ. ਸੀਟਾਂ ਦੀ ਸਮਰੱਥਾ ਵਾਲਾ ਪ੍ਰਸਤਾਵਿਤ ਮੈਡੀਕਲ ਕਾਲਜ ਮਾਲਵਾ ਖੇਤਰ ਵਿੱਚ ਜਨਤਕ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰੇਗਾ ਅਤੇ ਡਾਕਟਰੀ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਨੌਜਵਾਨਾਂ ਲਈ ਬਿਹਤਰ ਮੌਕੇ ਪੈਦਾ ਕਰੇਗਾ।ਕਰਮਚਾਰੀਆਂ ਦੀ ਭਲਾਈ ਸਬੰਧੀ ਲਏ ਗਏ ਫ਼ੈਸਲੇ ਤੇ ਚਾਨਣਾ ਪਾਉਂਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ, ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਦੇ ਸਟਾਫ ਨੂੰ ਸਰਕਾਰੀ ਵਿਭਾਗਾਂ ਵਿੱਚ ਐਡਜਸਟ ਕਰਨ ਸਬੰਧੀ ਕੈਬਨਿਟ ਦੀ ਪ੍ਰਵਾਨਗੀ ਇੱਕ ਸਪੱਸ਼ਟ ਸੰਦੇਸ਼ ਹੈ ਕਿ ਸੂਬਾ ਸਰਕਾਰ ਆਪਣੇ ਕਰਮਚਾਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਸਰਕਾਰ ਨੇ ਸਮੇਂ ਸਿਰ ਦਖ਼ਲ ਦੇ ਕੇ ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਨਤਕ ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਅਤੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਦੀ ਸਥਾਪਨਾ ਨਾਲ ਖੇਤਰ ਦੇ ਲੱਖਾਂ ਲੋਕਾਂ ਨੂੰ ਲਾਭ ਹੋਵੇਗਾ ਅਤੇ ਕਰਮਚਾਰੀਆਂ ਦੇ ਮਸਲੇ ਦਾ ਹੱਲ ਕਰਨਾ ਇਹ ਦਰਸਾਉਂਦਾ ਹੈ ਕਿ ਸਰਕਾਰ ਵੱਲੋਂ ਬਿਨਾਂ ਦੇਰੀ ਦੇ ਨਿਆਂ ਅਤੇ ਰਾਹਤ ਪ੍ਰਦਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

# ਪੁਲਿਸ ਵੱਲੋਂ ਆਪ੍ਰੇਸ਼ਨ 'ਕਾਸੋ' ਤਹਿਤ ਵੱਖ ਵੱਖ ਥਾਵਾਂ 'ਤੇ ਵੱਡੀ ਪੱਧਰ 'ਤੇ ਛਾਪੇਮਾਰੀ

## ਨਸ਼ਾ ਤਸੱਕਰਾਂ ਦੀ ਥਾਂ ਸਿਰਫ਼ ਜੇਲ - ਡੀ.ਐਸ.ਪੀ. ਗੁਰਪ੍ਰੀਤ ਸਿੰਘ

ਧੂਰੀ,17 ਜਨਵਰੀ (ਰਾਜੇਸ਼ਵਰ ਪਿੰਟੂ) : ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ, ਸ੍ਰੀ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅੱਜ ਧੂਰੀ ਪੁਲਿਸ ਵੱਲੋਂ ਆਪ੍ਰੇਸ਼ਨ 'ਕਾਸੋ' ਚਲਾਇਆ ਗਿਆ। ਇਸ ਕਾਰਵਾਈ ਦੀ ਅਗਵਾਈ ਡੀ.ਐਸ.ਪੀ. ਧੂਰੀ ਗੁਰਪ੍ਰੀਤ ਸਿੰਘ ਨੇ ਕੀਤੀ। ਅਪਰੇਸ਼ਨ ਦੌਰਾਨ ਪੁਲਿਸ ਨੇ ਸ਼ਹਿਰ ਦੇ ਉਨ੍ਹਾਂ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਜੋ ਨਸ਼ਿਆਂ ਦੀ ਵਿਕਰੀ ਲਈ ਸੰਵੇਦਨਸ਼ੀਲ ਮੰਨੇ ਜਾਂਦੇ ਹਨ। ਇਸ ਮੁਹਿੰਮ ਵਿੱਚ ਥਾਣਾ ਸਿਟੀ ਧੂਰੀ ਅਤੇ ਥਾਣਾ ਸਦਰ ਧੂਰੀ ਦੀ ਪੁਲਿਸ ਨੇ ਸਾਂਝੇ ਤੌਰ ਤੇ ਹਿੱਸਾ ਲਿਆ। ਐਸ.ਐਚ.ਓ ਸਦਰ ਇੰਸਪੈਕਟਰ ਕਰਨਵੀਰ ਸੰਧੂ ਅਤੇ ਰੀਡਰ ਰਾਜ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮਾਂ ਨੇ ਪੂਰੇ ਇਲਾਕੇ ਨੂੰ ਸੀਲ ਕਰਕੇ ਸ਼ੱਕੀ ਘਰਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ।ਮੀਡੀਆ ਨੂੰ ਜਾਣਕਾਰੀ ਦਿੰਦਿਆਂ ਡੀ.ਐਸ.ਪੀ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਚਾਰ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਨ੍ਹਾਂ ਕੋਲੋਂ



ਗੰਭੀਰਤਾ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਿਨਾਂ ਦਸਤਾਵੇਜ਼ਾਂ ਅਤੇ ਸ਼ੱਕੀ ਹਾਲਤ ਵਿੱਚ ਮਿਲੇ ਦੋਪਹੀਆ ਅਤੇ ਚਾਰਪਹੀਆ ਵਾਹਨਾਂ ਨੂੰ ਪੁਲਿਸ ਨੇ ਆਪਣੇ ਕਬਜ਼ੇ ਵਿੱਚ ਲਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਹਰੇਕ ਸ਼ੱਕੀ ਟਿਕਾਣੇ ਤੇ ਜਾ ਕੇ ਤਲਾਸ਼ੀ ਲਈ ਤਾਂ ਜੋ ਕੋਈ ਵੀ ਗੈਰ-ਕਾਨੂੰਨੀ ਵਸਤੂ ਬਰਾਮਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਮਾੜੇ ਅਨਸਰ ਜਾਂ ਤਾਂ ਨਸ਼ੇ ਦਾ ਕਾਲਾ ਕਾਰੋਬਾਰ ਛੱਡ ਦੇਣ ਅਤੇ ਜਾਂ ਫਿਰ ਧੂਰੀ ਛੱਡ ਕੇ ਚਲੇ ਜਾਣ, ਕਿਉਂਕਿ ਨਸ਼ਾ ਤਸੱਕਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਸ਼ਾ ਤਸੱਕਰਾਂ ਦੀਆਂ ਪ੍ਰੋਪਰਟੀਆਂ ਦੀ ਤਲਾਸ਼ ਕਰਕੇ ਫਰੀਜ ਕਰਵਾਉਣ ਦੀ ਕਾਰਵਾਈ ਵੀ ਜਾਰੀ ਹੈ। ਉਨ੍ਹਾ ਕਿਹਾ ਕਿ ਨਸ਼ਾ ਜੋ ਅੱਗ ਹੈ, ਜੋ ਕਿਸੇ ਵੀ ਪਰਿਵਾਰ ਨਾਲ ਲਿਹਾਜ ਨਹੀਂ ਕਰਦੀ ਅਤੇ ਨਸ਼ੇ ਨਾਲ ਕੀਤੀ ਕਮਾਈ ਕਦੇ ਕਿਸੇ ਨੂੰ ਵਫ਼ਾ ਨਹੀਂ ਕਰਦੀ। ਉਨ੍ਹਾ ਕਿਹਾ ਕਿ ਨਸ਼ਾ ਤਸੱਕਰਾਂ ਦੀ ਥਾਂ ਸਿਰਫ਼ ਜੇਲ੍ਹ ਚ ਹੈ।ਪੁਲਿਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਸਖ਼ਤੀ ਨਾਲ ਜਾਰੀ ਰਹੇਗੀ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਸਮਾਜ ਸਿਰਜਣ ਲਈ ਪੁਲਿਸ ਦਾ ਸਾਥ ਦੇਣ। ਜੇਕਰ ਕਿਸੇ ਨੂੰ ਵੀ ਆਪਣੇ ਆਲੇ-ਦੁਆਲੇ ਨਸ਼ਾ ਵਿਕਣ ਜਾਂ ਕਿਸੇ ਸ਼ੱਕੀ ਵਿਅਕਤੀ ਦੀ ਮੌਜੂਦਗੀ ਬਾਰੇ ਪਤਾ ਲੱਗਦਾ ਹੈ, ਤਾਂ ਉਹ ਤੁਰੰਤ ਸੂਚਨਾ ਦੇਣ। ਪੁਲਿਸ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

# ਏਐਸਆਈ 'ਤੇ ਗੰਭੀਰ ਦੋਸ਼, ਹਾਦਸੇ ਵਿੱਚ ਮਰੇ ਨੌਜਵਾਨ ਦੇ ਨਾਂ 'ਤੇ 1.50 ਲੱਖ ਰੁਪਏ ਲੈਣ ਦਾ ਮਾਮਲਾ ਦਰਜ

ਮਲੋਟ, 17 ਜਨਵਰੀ (ਅਮਨਦੀਪ ਸਿੰਘ ਮਹਿਰਾ ) : ਪੰਜਾਬ ਸਰਕਾਰ ਭਲੇ ਹੀ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਦੇ ਦਾਅਵੇ ਕਰਦੀ ਹੋਈ ਭ੍ਰਿਸ਼ਟ ਅਧਿਕਾਰੀਆਂ ਖ਼ਿਲਾਫ਼ ਦਰਜ ਕੇਸਾਂ ਦੇ ਅੰਕੜੇ ਗਿਣਵਾ ਕੇ ਆਪਣੀ ਪਿੱਠ ਥਪਥਪਾਉਂਦੀ ਫਿਰੇ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਕਹਾਣੀ ਬਿਆਨ ਕਰ ਰਹੀ ਹੈ। ਰੋਜ਼ਾਨਾ ਸਾਹਮਣੇ ਆ ਰਹੇ ਮਾਮਲੇ ਸਰਕਾਰ ਦੇ ਦਾਵਿਆਂ ਦੀ ਹਕੀਕਤ ਖੋਲ੍ਹ ਕੇ ਰੱਖ ਰਹੇ ਹਨ।ਤਾਜ਼ਾ ਮਾਮਲਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ ਮਲੋਟ ਨਾਲ ਸਬੰਧਿਤ ਹੈ, ਜਿੱਥੇ ਤੈਨਾਤ ਏਐਸਆਈ ਕੇਵਲ ਸਿੰਘ 'ਤੇ ਸੜਕ ਹਾਦਸੇ ਵਿੱਚ ਮਰੇ ਨੌਜਵਾਨ ਦੇ ਪਿਤਾ ਵੱਲੋਂ ਗੰਭੀਰ ਦੋਸ਼ ਲਗਾਉਂਦਿਆਂ ਮਾਮਲਾ ਦਰਜ ਕਰਵਾਇਆ ਗਿਆ ਹੈ। ਡੀਐਸਪੀ ਮਲੋਟ ਨੂੰ ਦਿੱਤੀ ਗਈ ਸ਼ਿਕਾਇਤ ਦੇ ਵਿੱਚ ਉਕਤ ਦੋਸ਼ ਲਾਉਂਦਿਆਂ ਮ੍ਰਿਤਕ ਦੇ ਪਿਤਾ ਨੇ ਦਿੱਤੀ ਗਈ ਸ਼ਿਕਾਇਤ ਦੇ ਅਧਾਰ 'ਤੇ ਡੀਐਸਪੀ ਅੰਗਰੇਜ਼ ਸਿੰਘ ਨੇ ਤੁਰੰਤ ਕਾਰਵਾਈ ਕਰਦਿਆਂ ਏਐਸਆਈ ਕੇਵਲ ਸਿੰਘ ਦੇ ਖਿਲਾਫ ਮੁਕਦਮਾ ਦਰਜ ਕਰ ਲਿਆ ਇਸ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਪਿੰਡ ਭੂੰਡੜ ਨਿਵਾਸੀ ਚੰਦ ਰਾਮ ਨੇ ਡੀਐਸਪੀ ਮਲੋਟ ਅੰਗਰੇਜ਼ ਸਿੰਘ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੇ ਪੁੱਤਰ ਗੁਰਕੀਰਤ ਸਿੰਘ ਦੀ 11 ਜਨਵਰੀ 2025 ਨੂੰ ਸ਼ਾਮ ਕਰੀਬ 7:30 ਵਜੇ ਪਿੰਡ ਕਰਨੀਵਾਲਾ ਨੇੜੇ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਹਾਦਸੇ ਦੌਰਾਨ ਉਸ ਦੀ ਕਾਰ ਨੰਬਰ 9152 ਦੀ ਟੱਕਰ ਪਿਕਅੱਪ ਵਾਹਨ ਨੰਬਰ 5412 ਨਾਲ ਹੋ ਗਈ ਸੀ।ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਘਟਨਾ ਨੂੰ ਰੱਬ ਦਾ ਭਾਣਾ ਮੰਨਦਿਆਂ ਕਿਸੇ ਵੀ ਕਿਸਮ ਦੀ ਕਾਨੂੰਨੀ ਕਾਰਵਾਈ ਨਾ ਕਰਨ ਬਾਰੇ ਪੁਲਿਸ ਨੂੰ ਲਿਖਤੀ ਤੌਰ 'ਤੇ ਸੂਚਿਤ ਕਰ ਦਿੱਤਾ ਸੀ। ਇਸ ਦੇ ਬਾਵਜੂਦ ਦੋਸ਼ ਹੈ ਕਿ ਡਿਊਟੀ 'ਤੇ ਤੈਨਾਤ ਏਐਸਆਈ ਕੇਵਲ ਸਿੰਘ ਨੇ ਪੈਸੇ ਵਸੂਲਣ ਦੀ ਨੀਅਤ ਨਾਲ ਪਰਿਵਾਰ ਨੂੰ ਪ੍ਰੇਸ਼ਾਨ ਕੀਤਾ ਅਤੇ ਲਾਸ਼ ਤੱਕ ਚੁੱਕਣ ਨਹੀਂ ਦਿੱਤੀ।ਪਰਿਵਾਰ ਦਾ ਦਾਅਵਾ ਹੈ ਕਿ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਏਐਸਆਈ ਵੱਲੋਂ 1.50 ਲੱਖ ਰੁਪਏ ਵਿੱਚ 'ਰਾਜ਼ੀਨਾਮੇ' ਦੀ ਗੱਲ ਕਰਕੇ ਸੌਦੇਬਾਜ਼ੀ ਕੀਤੀ ਗਈ, ਜਿਸ ਵਿੱਚੋਂ 1 ਲੱਖ ਰੁਪਏ ਪਿਕਅੱਪ ਵਾਹਨ ਦੇ ਡਰਾਈਵਰ ਕੋਲੋਂ ਵਸੂਲੇ ਗਏ। ਪਰਿਵਾਰ ਦਾ ਕਹਿਣਾ ਹੈ ਕਿ ਇਸ ਮਾਮਲੇ ਨਾਲ ਸਬੰਧਿਤ ਪੱਕੇ ਸਬੂਤ ਉਨ੍ਹਾਂ ਕੋਲ ਮੌਜੂਦ ਹਨ, ਜੋ ਜਾਂਚ ਅਧਿਕਾਰੀਆਂ ਨੂੰ ਸੌਂਪ ਦਿੱਤੇ ਗਏ ਹਨ।ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ। ਅਤੇ ਏਐਸਆਈ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਥਾਣਾ ਸਿਟੀ ਮਲੋਟ ਦੇ ਇੰਚਾਰਜ ਇੰਸਪੈਕਟਰ ਵਰੁਣ ਯਾਦਵ ਨੇ ਦੱਸਿਆ ਕਿ ਕੇਵਲ ਸਿੰਘ ਦੇ ਵਿਰੁੱਧ ਭਰਿਸ਼ਟਾਚਾਰ ਦੇ ਤਹਿਤ ਮੁਕਦਮਾ ਦਰਜ ਕਰਕੇ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੇ ਅਦਾਲਤ ਵੱਲੋਂ ਉਸ ਨੂੰ ਜੇਲ ਭੇਜ ਦਿੱਤਾ ਗਿਆ

# ਪਿਆਸੇ ਲੋਕਾਂ ਦਾ ਪ੍ਰਸ਼ਾਸਨ ਵਿਰੁੱਧ ਹੱਲਾ-ਬੋਲ: ਖਾਲੀ ਬਾਲਟੀਆਂ ਖੜਕਾ ਕੇ , ਕਿਹਾ- ਸਾਨੂੰ ਲਾਰੇ ਨਹੀਂ, ਪਾਣੀ ਚਾਹੀਦੈ

ਬਠਿੰਡਾ, 17 ਜਨਵਰੀ (ਦੀਪਕ ਸ਼ਰਮਾ) : ਨਗਰ ਨਿਗਮ ਦੇ ਲਾਰੇ ਅਤੇ ਜਲ ਸਪਲਾਈ ਵਿਭਾਗ ਦੀ ਕਥਿਤ ਲਾਪਰਵਾਹੀ ਕਾਰਨ ਸ਼ਹਿਰ ਦੇ ਗੋਪਾਲ ਨਗਰ ਅਤੇ ਅਰਜੁਨ ਨਗਰ ਦੇ ਲੋਕਾਂ ਦਾ ਜੀਣਾ ਮੁਹਾਲ ਹੋ ਗਿਆ ਹੈ। ਪਿਛਲੇ ਪੰਜ ਦਿਨਾਂ ਤੋਂ ਬੂੰਦ-ਬੂੰਦ ਪਾਣੀ ਨੂੰ ਤਰਸ ਰਹੇ ਇਨ੍ਹਾਂ ਇਲਾਕਿਆਂ ਦੇ ਨਿਵਾਸੀਆਂ ਦਾ ਅੱਜ ਸਬਰ ਟੁੱਟ ਗਿਆ ਅਤੇ ਉਨ੍ਹਾਂ ਨੇ ਖਾਲੀ ਬਾਲਟੀਆਂ ਖੜਕਾਉਂਦੇ ਹੋਏ ਨਿਗਮ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ। ਕੌਂਸਲਰ ਹਰਵਿੰਦਰ ਸਿੰਘ ਲੱਡੂ ਦੀ ਅਗਵਾਈ ਹੇਠ ਇਕੱਠੇ ਹੋਏ ਸੈਂਕੜੇ ਲੋਕਾਂ ਨੇ ਪ੍ਰਸ਼ਾਸਨਿਕ ਅਫ਼ਸਰਾਂ ਦੀ ਜੰਮ ਕੇ ਖ਼ਬਰ ਲਈ ਅਤੇ ਤੁਰੰਤ ਸਪਲਾਈ ਬਹਾਲ ਕਰਨ ਦੀ ਮੰਗ ਕੀਤੀ।ਪ੍ਰਦਰਸ਼ਨ ਦੌਰਾਨ ਕੌਂਸਲਰ ਹਰਵਿੰਦਰ ਸਿੰਘ ਲੱਡੂ ਨੇ ਕਿਹਾ ਕਿ ਗੋਪਾਲ ਨਗਰ ਅਤੇ ਅਰਜੁਨ ਨਗਰ ਵਿੱਚ ਪਿਛਲੇ ਪੰਜ ਦਿਨਾਂ ਤੋਂ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਬਣੀ ਹੋਈ ਹੈ। ਲੋਕ ਰੋਜ਼ਾਨਾ ਦੇ ਕੰਮਾਂ ਲਈ ਵੀ ਪਾਣੀ ਨੂੰ ਤਰਸ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਗੰਭੀਰ ਸਮੱਸਿਆ ਬਾਰੇ ਨਗਰ ਨਿਗਮ ਅਤੇ ਜਲ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਵਾਰ-ਵਾਰ ਫ਼ੋਨ ਕੀਤੇ ਗਏ ਅਤੇ ਲਿਖਤੀ ਜਾਣਕਾਰੀ ਦਿੱਤੀ ਗਈ, ਪਰ ਅਫ਼ਸਰਸ਼ਾਹੀ ਨੇ ਅਜੇ ਤੱਕ ਮੌਕਾ ਦੇਖਣਾ ਵੀ ਮੁਨਾਸਿਬ ਨਹੀਂ ਸਮਝਿਆ। ਅਫ਼ਸਰਾਂ ਦੀ ਇਸ ਬੇਰੁਖ਼ੀ ਕਾਰਨ ਹੀ ਅੱਜ ਮੁਹੱਲਾ ਨਿਵਾਸੀਆਂ ਨੂੰ ਸੜਕਾਂ ਤੇ ਉਤਰਨ ਲਈ ਮਜਬੂਰ ਹੋਣਾ ਪਿਆ ਹੈ।ਪ੍ਰਦਰਸ਼ਨ ਵਿੱਚ ਸ਼ਾਮਲ ਔਰਤਾਂ ਨੇ ਆਪਣਾ ਦੁੱਖੜਾ ਸੁਣਾਉਂਦਿਆਂ ਕਿਹਾ ਕਿ ਪਾਣੀ ਨਾ ਆਉਣ ਕਾਰਨ ਘਰਾਂ ਦੀ ਰਸੋਈ ਤੋਂ ਲੈ ਕੇ ਸਾਫ਼-ਸਫ਼ਾਈ ਤੱਕ ਦੇ ਸਾਰੇ ਕੰਮ ਠੱਪ ਪਏ ਹਨ। ਮਜਬੂਰਨ ਲੋਕਾਂ ਨੂੰ ਧਰਤੀ ਹੇਠਲਾ ਗੰਦਾ ਤੇ ਖਾਰਾ ਪਾਣੀ ਵਰਤਣਾ ਪੈ ਰਿਹਾ ਹੈ, ਜਿਸ ਨਾਲ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ




ਵਿਗੜਨ ਦਾ ਖ਼ਤਰਾ ਪੈਦਾ ਹੋ ਗਿਆ ਹੈ। ਔਰਤਾਂ ਨੇ ਸਵਾਲ ਕੀਤਾ ਕਿ ਜੇਕਰ ਨਿਗਮ ਪਾਣੀ ਵਰਗੀ ਮੁਢਲੀ ਸਹੂਲਤ ਵੀ ਮੁਹੱਈਆ ਨਹੀਂ ਕਰਵਾ ਸਕਦਾ, ਤਾਂ ਉਹ ਟੈਕਸ ਕਿਸ ਗੱਲ ਦਾ ਵਸੂਲ ਰਿਹਾ ਹੈ ? ਇਸ ਮੌਕੇ ਕੌਂਸਲਰ ਲੱਡੂ ਨੇ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਅੱਜ ਸ਼ਾਮ ਤੱਕ ਦੋਵਾਂ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਸੁਚਾਰੂ ਰੂਪ ਵਿੱਚ ਬਹਾਲ ਨਾ ਕੀਤੀ ਗਈ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਨਗਰ ਨਿਗਮ ਦੇ ਦਫ਼ਤਰ ਦਾ ਘੇਰਾਓ ਕੀਤਾ ਜਾਵੇਗਾ ਅਤੇ ਇਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਲੋਕਾਂ ਦੇ ਇਸ ਤਿੱਖੇ ਤੇਵਰਾਂ ਨੇ ਸਾਫ਼ ਕਰ ਦਿੱਤਾ ਹੈ ਕਿ ਹੁਣ ਉਹ ਨਿਗਮ ਦੇ ਖੋਖਲੇ ਭਰੋਸਿਆਂ ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹਨ।

# ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਖਨੌਰੀ ਵਿਚ ਕੱਢੀ ਗਈ ਜਾਗਰੂਕਤਾ ਰੈਲੀ

ਖਨੌਰੀ ,17 ਜਨਵਰੀ (ਓਮਪ੍ਰਕਾਸ਼ ਮੁਆਲ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਖਨੌਰੀ ਸ਼ਹਿਰ ਵਿੱਚ ਨਗਰ ਪੰਚਾਇਤ ਖਨੌਰੀ ਵੱਲੋਂ ਕਾਰਜ ਸਾਧਕ ਅਫਸਰ ਬਰਜਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰੀਤੂ ਰਾਣੀ, ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਸੀਨੂੰ ਗਰਗ, ਮੀਤ ਪ੍ਰਧਾਨ ਸ੍ਰੀਮਤੀ ਕੁਲਦੀਪ ਕੌਰ ਦੀ ਅਗਵਾਈ ਹੇਠ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਲਗਾਤਾਰ ਜਾਗਰੂਕਤਾ



ਰੈਲੀਆਂ ਕੱਢੀਆਂ ਜਾ ਰਹੀਆਂ ਹਨ ਅਤੇ ਲੋਕਾਂ ਵੱਲੋਂ ਵੀ ਇਸ ਮੁਹਿੰਮ ਦਾ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸੇ ਮੁਹਿੰਮ ਤਹਿਤ ਅੱਜ ਵੀ ਖਨੌਰੀ ਵਿਖੇ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਦੌਰਾਨ ਨਗਰ ਪੰਚਾਇਤ ਤੇ ਕਰਮਚਾਰੀਆਂ ਅਤੇ ਸ਼ਹਿਰ ਵਾਸੀਆਂ ਵੱਲੋਂ ਹੱਥਾਂ ਵਿੱਚ ਨਸ਼ਿਆਂ ਖ਼ਿਲਾਫ਼ ਅਤੇ ਨਸ਼ੇ ਛੱਡੋ ਕੋਹੜ ਵੱਡੋ ਆਦਿ ਦੇ ਲਿਖੀਆਂ ਹੋਈਆਂ ਤਖ਼ਤੀਆਂ ਬੈਨਰ ਆਪਣੇ ਹੱਥਾਂ ਵਿੱਚ ਫੜੇ ਹੋਏ ਸਨ ਅਤੇ ਉਹਨਾਂ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਪ੍ਰਤੀ ਜਾਗਰੂਕਤਾ ਕਰਦੇ ਨਾਹਰੇ ਲਗਾਏ ਜਾ ਰਹੇ ਸਨ। ਇਸ ਜਾਗਰੂਕਤਾ ਰੈਲੀ ਦੌਰਾਨ ਸ਼ਾਮਿਲ ਸੀਨੀਅਰ ਆਪ ਆਗੂ ਅਤੇ ਨਗਰ ਪੰਚਾਇਤ ਖਨੌਰੀ ਦੀ ਸੀਨੀਅਰ ਮੀਤ ਪ੍ਰਧਾਨ ਸ੍ਰੀਮਤੀ ਸ਼ੀਨੂ ਗਰਗ ਦੇ ਪਤੀ ਵਿਸ਼ਾਲ ਕਾਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਜੰਗ ਹੁਣ ਸਰਕਾਰੀ ਮੁਹਿੰਮ ਨਹੀਂ ਰਹੀ ਬਲਕਿ ਇਹ ਇੱਕ ਲੋਕ ਲਹਿਰ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਮੌਕੇ ਕੌਂਸਲਰ ਹਰਬੰਸ ਲਾਲ ਨੇ ਕਿਹਾ ਕਿ ਨਸ਼ਿਆਂ ਨੇ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ ਅਤੇ ਇਸ ਬੁਰਾਈ ਨੂੰ ਜੜ੍ਹੋਂ ਮੁਕਾਉਣ ਲਈ ਸਰਕਾਰ ਦੇ ਨਾਲ ਲੋਕਾਂ ਦੀ ਸਾਂਝੀ ਭੂਮਿਕਾ ਬਹੁਤ ਜਰੂਰੀ ਹੈ। ਇਸ ਰੈਲੀ ਦੌਰਾਨ ਪ੍ਰਧਾਨ ਸ੍ਰੀਮਤੀ ਰੀਤੂ ਰਾਣੀ, ਐਸ ਐਚ ਓ ਖਨੌਰੀ ਸੁਖਜੀਤ ਸਿੰਘ, ਕੌਂਸਲਰ ਜਿਨ੍ਹਾਂ ਵਿਚ ਕ੍ਰਿਸ਼ਨ ਗੋਇਲ, ਮਹਾਵੀਰ ਸਿੰਘ ਠੇਕੇਦਾਰ, ਸ੍ਰੀਮਤੀ ਸ਼ਿੰਦਰਜੀਤ ਕੌਰ, ਬਲਵਿੰਦਰ ਸਿੰਘ, ਅੰਕੁਰ ਸਿੰਗਲਾ, ਸੀਨੂੰ ਗਰਗ, ਕੁਲਦੀਪ ਸਿੰਘ ਪੂਨੀਆ, ਸ੍ਰੀਮਤੀ ਜਸਮੇਲ ਕੌਰ, ਸੁਭਾਸ਼ ਚੰਦ, ਸ੍ਰੀਮਤੀ ਨੀਰੂ ਗੋਇਲ, ਸ੍ਰੀਮਤੀ ਕੁਲਦੀਪ ਕੌਰ ਸਮੇਤ ਬਜਿੰਦਰ ਸਿੰਘ, ਜੋਰਾ ਸਿੰਘ ਉੱਪਲ, ਰਣਜੀਤ ਸਿੰਘ ਜੀਤੀ ਨੰਬਰਦਾਰ, ਜਸਵਿੰਦਰ ਸਿੰਘ ਜੱਸੂ ਠੇਕੇਦਾਰ, ਪਵਨ ਗੋਇਲ ਸਮੇਤ ਨਗਰ ਪੰਚਾਇਤ ਖਨੌਰੀ ਦੇ ਹਰਦੀਪ ਸਿੰਘ, ਤੋਂ ਇਲਾਵਾ ਹੋਰ ਵੀ ਕਰਮਚਾਰੀ ਅਤੇ ਸ਼ਹਿਰ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਪੰਜਾਬੀ ਮੰਚ ਲਾਈਵ ਨੇ ਘੱਟ ਗਿਣਤੀਆਂ 'ਤੇ ਕੀਤੀ ਵਿਚਾਰ ਚਰਚਾ

ਭਗਤਾ ਭਾਈ ਕਾ, 17 ਜਨਵਰੀ (ਸਵਰਨ ਸਿੰਘ ਭਗਤਾ) : ਵਿਦੇਸ਼ ਦੀ ਧਰਤੀ ਉੱਤੇ ਰਹਿ ਕੇ -ਪੰਜਾਬੀ ਮੰਚ ਲਾਈਵ ਯੂ ਐਸ ਏ ਲਗਾਤਾਰ ਮਾਤ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ ਲਈ ਸੁਹਿਰਦ ਉਪਰਾਲੇ ਕਰਦਾ ਆ ਰਿਹਾ ਹੈ। ਇਹ ਵਿਚਾਰ ਮੰਚ ਦੇ ਕਰਤਾ ਧਰਤਾ ਅਮਰੀਕ ਸਿੰਘ ਕੰਗ ਨੇ ਸਾਂਝੇ ਕੀਤੇ। ਇਸੇ ਲੜੀ ਦੇ ਤਹਿਤ ਲੰਘੇ ਸ਼ਨੀਵਾਰ ਨੂੰ ਭਾਰਤੀ ਸਮੇਂ ਦੇ ਅਨੁਸਾਰ ਰਾਤੀਂ 8 ਵਜੇ ਭਾਰਤ ਦੇ ਭਖਦੇ ਮਸਲੇ ਹਿੰਦੁਸਤਾਨ ਵਿੱਚ ਇਸਾਈਆਂ ਉੱਪਰ ਹਮਲੇ ਵਿਸ਼ੇ 'ਤੇ ਵਿਚਾਰ ਚਰਚਾ ਕੀਤੀ ਗਈ। ਆਇਰਲੈਂਡ ਤੋਂ ਧਰਮਿੰਦਰ ਸਿੰਘ ਕੰਗ ਇਸ ਵਿਚਾਰ ਚਰਚਾ ਦਾ ਸੰਚਾਲਨ ਕਰ ਰਹੇ ਸਨ। ਯੂਐਸਏ ਤੋਂ ਅਮਰੀਕ ਸਿੰਘ ਕੰਗ ਨੇ ਘੱਟ ਗਿਣਤੀਆਂ ਇਸਾਈ ਭਾਈਚਾਰੇ ਉੱਤੇ ਵੱਧ ਰਹੇ ਹਮਲਿਆਂ ਉੱਤੇ ਚਿੰਤਾ



ਜ਼ਾਹਿਰ ਕੀਤੀ। ਉਹਨਾਂ ਨੇ ਲੰਘੇ ਸਾਲ 2025 ਵਿੱਚ ਰਿਪੋਰਟ ਵਾਈਜ਼ ਇਹਨਾਂ ਹਮਲਿਆਂ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਘੱਟ ਗਿਣਤੀਆਂ ਉੱਪਰ ਹਮਲੇ ਸਾਡੇ ਦੇਸ਼ ਦੀ ਆਨ ਅਤੇ ਸ਼ਾਨ ਨੂੰ ਦੁਨੀਆ ਅੱਗੇ ਨੀਵਾਂ ਕਰਦੇ ਹਨ। ਇਸ ਵਿਚਾਰ ਚਰਚਾ ਵਿੱਚ ਹਿੱਸਾ ਲੈ ਰਹੇ ਅੰਮ੍ਰਿਤਪਾਲ ਕਲੇਰ ਨੇ ਕਿਹਾ ਕਿ ਕ੍ਰਿਸਮਸ ਉੱਤੇ ਭਾਰਤ ਵਿੱਚ ਹੋਏ ਹਮਲੇ ਸਾਡੇ ਭਾਰਤ ਦੀ ਭਾਈਚਾਰਕ ਸਾਂਝ ਉੱਤੇ ਧੱਬਾ ਲਾਉਂਦੇ ਹਨ। ਭਾਰਤ ਵਿੱਚ ਵੱਖ -ਵੱਖ ਧਰਮਾਂ ਦੇ ਲੋਕ ਰਹਿੰਦੇ ਹਨ। ਭਾਰਤੀ ਹਰ ਧਰਮ ਦੇ ਤਿਉਹਾਰ ਨੂੰ ਆਪਸੀ ਸਾਂਝ ਨਾਲ ਮਨਾਉਂਦੇ ਹਨ।

# ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਕਿਸਾਨਾਂ ਨੇ ਕੀਤੀ ਜ਼ਿਲ੍ਹਾ ਪੱਧਰੀ ਮੀਟਿੰਗ

ਬਾਜਾਖਾਨਾ,17 ਜਨਵਰੀ ( ਅਵਤਾਰ ਸਿੰਘ ਮੱਲਾ ): ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਫ਼ਰੀਦਕੋਟ ਦੇ ਕਿਸਾਨਾਂ ਦੀ ਮੀਟਿੰਗ ਬਾਜਾਖਾਨਾ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਹੋਈ। ਇਸ ਮੌਕੇ ਫ਼ਰੀਦਕੋਟ ਜ਼ਿਲ੍ਹੇ ਦੇ ਪ੍ਰਧਾਨ ਸ੍ਰ ਬੋਹੜ ਸਿੰਘ ਰੁਪੱਈਆਂ ਵਾਲਾ ਨੇ ਮੀਟਿੰਗ ਵਿੱਚ ਪਹੁੰਚ ਕੇ ਕਿਸਾਨਾਂ ਨੂੰ ਆ ਰਹੀਆਂ ਦਿੱਕਤਾਂ ਪ੍ਰੇਸ਼ਾਨੀਆਂ ਤੇ ਕਿਸਾਨਾਂ ਨਾਲ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। ਮੀਟਿੰਗ ਵਿੱਚ ਪਾਸ ਕੀਤੇ ਗਏ ਏਜੰਡਿਆਂ ਨੂੰ ਲੈਕੇ ਬੋਹੜ ਸਿੰਘ ਰੁਪੱਈਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਨੂੰ ਲੈਕੇ 22 ਜਨਵਰੀ ਨੂੰ ਐਸ ਐਸ ਪੀ ਫਰੀਦਕੋਟ ਦੇ ਦਫ਼ਤਰ ਇੱਕ ਵੱਡਾ ਇਕੱਠ ਕਰਕੇ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾਂ ਮਸਲਿਆਂ ਬਾਰੇ ਗੱਲਬਾਤ ਕਰਦਿਆਂ ਕਿਹਾ ਸਾਡੇ ਨੌਜਵਾਨ ਆਗੂ ਵਿਪਨ ਸਿੰਘ ਸੇਖੋਂ ਫਿੱਡੇ ਕਲਾਂ ਦੀ ਪ੍ਰਸ਼ਾਸਨ ਵੱਲੋਂ ਸੁਣਵਾਈ ਨਹੀਂ ਕੀਤੀ ਜਾ ਰਹੀ, ਬਲਾਕ ਸਾਦਿਕ ਦੇ ਪਿੰਡ ਮੁਮਾਰਾ ਦੇ ਕਿਸਾਨ ਦਾ ਮਸਲਾ ਅਤੇ ਪਿੰਡ ਲੰਭਵਾਲੀ ਦੇ ਕਿਸਾਨ ਰੁਲਦੂ ਸਿੰਘ ਦੀ ਜ਼ਮੀਨ 'ਤੇ ਇੱਕ ਪੈਟਰੋਲ ਪੰਪ ਦੇ ਮਾਲਕ ਵਲੋਂ ਕੀਤੇ ਗਏ ਕਬਜ਼ੇ ਦਾ ਮਾਮਲਾ ਸਮੇਤ ਹੋਰ ਮਾਮਲਿਆਂ ਦੇ ਹੱਲ ਲਈ ਐਸ ਐਸ ਪੀ ਫਰੀਦਕੋਟ ਦੇ ਧਰਨਾ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਹੋਣ ਵਾਲੀ ਇਕੱਤਰਤਾ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਸ਼ਮੂਲੀਅਤ ਕਰਨਗੇ। ਇਸ ਮੌਕੇ ਆਗੂਆਂ ਵੱਲੋਂ ਬਿਜਲੀ ਸਮਝੌਤੇ ਦੇ ਸਬੰਧ ਵਿੱਚ ਪਿੰਡ ਇਕਾਈਆਂ ਦੇ ਕਿਸਾਨਾਂ ਨੂੰ ਸਮਾਰਟ ਮੀਟਰ ਉਤਾਰ ਕੇ ਬਿਜਲੀ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੀਆਂ ਵੀ ਡਿਊਟੀਆਂ ਲਗਾਈਆਂ ਗਈਆਂ। ਇਸ ਮੀਟਿੰਗ ਵਿੱਚ ਪ੍ਰਧਾਨ ਬੋਹੜ ਸਿੰਘ ਰੁਪੱਈਆਂ ਵਾਲਾ ਤੋਂ ਇਲਾਵਾ, ਗੁਰਾਂਦਿੱਤਾ ਸਿੰਘ ਬਾਜਾਖਾਨਾ ਜ਼ਿਲ੍ਹਾ ਖਜ਼ਾਨਚੀ, ਨਿਰਮਲ ਸਿੰਘ ਪ੍ਰਧਾਨ ਬਲਾਕ ਕੋਟਕਪੂਰਾ, ਸ਼ਿੰਦਰਪਾਲ ਸਿੰਘ ਪ੍ਰਧਾਨ ਜੈਤੋ ਬਲਾਕ, ਨਾਇਬ ਸਿੰਘ ਸ਼ੇਰ ਸਿੰਘ ਵਾਲਾ, ਬਲਜਿੰਦਰ ਸਿੰਘ ਵਾੜਾ ਭਾਈਕਾ ਪ੍ਰਧਾਨ ਬਲਾਕ ਬਾਜਾਖਾਨਾ, ਜਤਿੰਦਰ ਜੀਤ ਸਿੰਘ ਭਿੰਡਰ ਜੈਤੋ, ਅੰਗਰੇਜ਼ ਸਿੰਘ ਵਾਂਦਰ, ਗੁਰਪ੍ਰੀਤ ਸਿੰਘ ਸਿੱਧੂ, ਇਕਬਾਲ ਸਿੰਘ ਬਾਜਾਖਾਨਾ,ਲਾਭ ਸਿੰਘ ਝੱਖੜਵਾਲਾ, ਗੁਰਾਂਦਿੱਤਾ ਸਿੰਘ ਵਾੜਾ ਭਾਈਕਾ, ਬੂਟਾ ਸਿੰਘ ਉਕੰਦਵਾਲਾ, ਹਰਭਗਵਾਨ ਸਿੰਘ ਉਕੰਦਵਾਲਾ, ਬੇਅੰਤ ਸਿੰਘ ਵਾਂਦਰ,ਨਾਹਰ ਸਿੰਘ ਪੱਪਾ ਡੋਡ,ਹਰਚਰਨ ਸਿੰਘ ਡੋਡ ਆਦਿ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

# ਧੁੰਦ ਕਾਰਨ ਵਾਪਰੇ ਹਾਦਸਿਆਂ ਵਿੱਚ 5 ਮੌਤਾਂ, ਕਈ ਜ਼ਖ਼ਮੀ

## ਖ਼ੁਸ਼ੀਆਂ ਦੇ ਸਫ਼ਰ ਦਾ ਦਰਦਨਾਕ ਅੰਤ: ਸ਼ਿਮਲਾ ਘੁੰਮ ਕੇ ਵਾਪਸ ਆ ਰਹੇ ਸੀ ਮ੍ਰਿਤਕ

ਬਠਿੰਡਾ, 17 ਜਨਵਰੀ ( ਦੀਪਕ ਸ਼ਰਮਾ) :ਕੁਦਰਤ ਦੀ ਕਰੋਪੀ ਕਹੀਏ ਜਾਂ ਸੰਘਣੀ ਧੁੰਦ ਦੀ ਮਾਰ, ਸ਼ਨੀਵਾਰ ਦੀ ਸਵੇਰ ਬਠਿੰਡਾ ਜ਼ਿਲ੍ਹੇ ਲਈ ਮੌਤ ਦਾ ਸੁਨੇਹਾ ਲੈ ਕੇ ਆਈ। ਹੱਡ ਚੀਰਵੀਂ ਠੰਢ ਅਤੇ ਜ਼ੀਰੋ ਵਿਜ਼ੀਬਿਲਟੀ ਕਾਰਨ ਨੈਸ਼ਨਲ ਹਾਈਵੇਅ 'ਤੇ ਵਾਪਰੇ ਦੋ ਵੱਖ-ਵੱਖ ਹਾਦਸਿਆਂ ਨੇ ਕਈ ਹੱਸਦੇ-ਖੇਡਦੇ ਪਰਿਵਾਰ ਉਜਾੜ ਦਿੱਤੇ। ਸਭ ਤੋਂ ਦਰਦਨਾਕ ਹਾਦਸਾ ਬਠਿੰਡਾ-ਬੀਕਾਨੇਰ ਨੈਸ਼ਨਲ ਹਾਈਵੇਅ 'ਤੇ ਵਾਪਰਿਆ, ਜਿੱਥੇ ਸ਼ਿਮਲਾ ਦੀਆਂ ਵਾਦੀਆਂ ਦਾ ਆਨੰਦ ਮਾਣ ਕੇ ਆਪਣੇ ਘਰ ਪਰਤ ਰਹੇ ਪੰਜ ਨੌਜਵਾਨਾਂ ਦੀ ਗੱਡੀ ਸੜਕ ਵਿਚਕਾਰ ਬਣੇ ਡਿਵਾਈਡਰ ਨਾਲ ਜਾ ਟਕਰਾਈ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਫਾਰਚੂਨਰ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ।ਉਸ ਵਿੱਚ ਸਵਾਰ ਮਹਿਲਾ ਕਾਂਸਟੇਬਲ ਸਮੇਤ ਪੰਜਾਂ ਜਣਿਆਂ ਦੀ ਮੌਤ ਹੋ ਗਈ।ਜਾਣਕਾਰੀ ਅਨੁਸਾਰ ਗੁਜਰਾਤ ਪੁਲਿਸ ਵਿੱਚ ਤਾਇਨਾਤ ਮਹਿਲਾ ਕਾਂਸਟੇਬਲ ਅਮਿਤਾ ਆਪਣੇ ਚਾਰ ਦੋਸਤਾਂ ਅੰਕੁਸ਼, ਭਰਤ, ਚੇਤਨ ਅਤੇ ਸਤੀਸ਼ (ਨਿਵਾਸੀ ਬਨਾਸਕਾਂਠਾ, ਗੁਜਰਾਤ) ਨਾਲ ਫਾਰਚੂਨਰ ਗੱਡੀ ਰਾਹੀਂ ਹਿਮਾਚਲ ਪ੍ਰਦੇਸ਼ ਘੁੰਮਣ ਆਈ ਸੀ। ਸ਼ਨੀਵਾਰ ਸਵੇਰੇ ਜਦੋਂ ਉਹ ਬਠਿੰਡਾ ਦੇ ਪਿੰਡ ਗੁਰਥੜੀ ਨੇੜੇ ਪਹੁੰਚੇ ਤਾਂ ਸੰਘਣੀ ਧੁੰਦ ਕਾਰਨ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ। ਗੱਡੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਚਾਲਕ ਸੰਤੁਲਨ ਖੋ ਬੈਠਾ ਅਤੇ ਗੱਡੀ ਸਿੱਧੀ ਡਿਵਾਈਡਰ ਵਿੱਚ ਜਾ ਵੱਜੀ। ਟੱਕਰ ਇੰਨੀ ਭਿਆਨਕ ਸੀ ਕਿ ਗੱਡੀ ਦੇ ਪਰਖੱਚੇ ਉੱਡ ਗਏ ਅਤੇ ਗੱਡੀ ਸਵਾਰ ਪੰਜੇ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਇਸ ਸਬੰਧੀ ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਸੀ।ਹਾਦਸੇ ਵਾਲੀ ਜਗ੍ਹਾ 'ਤੇ ਸੜਕ ਦਾ ਇੱਕ ਪਾਸਾ ਬੰਦ ਹੋਣਾ ਅਤੇ ਤੇਜ਼ ਰਫ਼ਤਾਰ ਵੀ ਇਸ ਤ੍ਰਾਸਦੀ ਦਾ ਵੱਡਾ ਕਾਰਨ ਬਣੀ।**ਲਹਿਰਾ ਮੁਹੱਬਤ ਨੇੜੇ 6 ਵਾਹਨ ਆਪਸ ਵਿੱਚ ਭਿੜੇ** ਦੂਜੇ ਪਾਸੇ, ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇਅ 'ਤੇ ਲਹਿਰਾ ਮੁਹੱਬਤ ਰੇਲਵੇ ਫਾਟਕ ਨੇੜੇ ਧੁੰਦ ਕਾਰਨ ਵੱਡਾ ਹਾਦਸਾ ਟਲ ਗਿਆ, ਪਰ ਇੱਥੇ ਵੀ 6 ਵਾਹਨ ਆਪਸ ਵਿੱਚ ਬੁਰੀ ਤਰ੍ਹਾਂ ਟਕਰਾ ਗਏ। ਹਾਦਸੇ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਇੱਕ ਬੋਲੈਰੋ ਪਿਕਅੱਪ ਦਾ ਟਾਇਰ ਫਟ ਗਿਆ ਅਤੇ ਉਹ ਡਿਵਾਈਡਰ 'ਤੇ ਚੜ੍ਹ ਗਈ। ਇਸ ਤੋਂ ਬਾਅਦ ਪਿੱਛੇ ਆ ਰਹੀਆਂ ਮਰਸਡੀਜ਼, ਸਵਿਫਟ ਅਤੇ ਫਾਰਚੂਨਰ ਗੱਡੀਆਂ ਇੱਕ-ਦੂਜੇ ਵਿੱਚ ਜਾ ਵੱਜੀਆਂ। ਇਸ ਲੜੀਵਾਰ ਟੱਕਰ ਵਿੱਚ ਮਰਸਡੀਜ਼ ਚਾਲਕ ਬਲਵੰਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇੱਕ ਮੋਟਰਸਾਈਕਲ ਸਵਾਰ ਨੇ ਗੱਡੀ ਹੇਠ ਆਉਣ ਤੋਂ ਪਹਿਲਾਂ ਛਾਲ ਮਾਰ ਕੇ ਆਪਣੀ ਜਾਨ ਬਚਾਈ।ਹਾਦਸਿਆਂ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਅਤੇ ਸਥਾਨਕ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕੀਤੇ। ਗੁਜਰਾਤ ਵਾਲੇ ਹਾਦਸੇ ਦੇ ਮ੍ਰਿਤਕਾਂ ਦੀਆਂ ਦੇਹਾਂ ਨੂੰ ਏਮਸ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਿਸ ਅਧਿਕਾਰੀਆਂ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਧੁੰਦ ਦੇ ਮੌਸਮ ਵਿੱਚ ਗੱਡੀਆਂ ਦੀ ਰਫ਼ਤਾਰ ਘੱਟ ਰੱਖਣ, ਫੌਗ ਲਾਈਟਾਂ ਦੀ ਵਰਤੋਂ ਕਰਨ ਅਤੇ ਸੜਕ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਤਾਂ ਜੋ ਅਜਿਹੇ ਦਰਦਨਾਕ ਹਾਦਸਿਆਂ ਨੂੰ ਰੋਕਿਆ ਜਾ ਸਕੇ।



# ਪ੍ਰਦੂਸ਼ਿਤ ਪਾਣੀ ਦੀ ਸਪਲਾਈ ਦੇ ਮਸਲੇ ਬਾਰੇ ਹੋਈ ਮੀਟਿੰਗ

## ਕਾਰਜਸਾਧਕ ਅਫ਼ਸਰ ਨੇ ਮੰਗਿਆ ਇੱਕ ਹਫ਼ਤੇ ਦਾ ਸਮਾਂ



ਲਹਿਰਾਗਾਗਾ, 17 ਜਨਵਰੀ (ਗੁਰਦੀਪ ਸਿੰਘ) : ਨਗਰ ਕੌਂਸਲ, ਲਹਿਰਾਗਾਗਾ ਵੱਲੋਂ ਸ਼ਹਿਰ ਵਿੱਚ ਵਾਟਰ ਵਰਕਸ ਤੋਂ ਲਗਾਤਾਰ ਕੀਤੀ ਜਾ ਰਹੀ ਪ੍ਰਦੂਸ਼ਿਤ ਤੇ ਸੀਵਰੇਜ ਮਿਲੇ ਪਾਣੀ ਦੀ ਮੁਸ਼ਕ ਮਾਰਦੀ ਸਪਲਾਈ ਦੇ ਗੰਭੀਰ ਮਸਲੇ 'ਤੇ ਪਿਛਲੇ ਦਿਨਾਂ ਤੋਂ ਚੱਲ ਰਹੀ ਲੋਕਾਂ ਦੀ ਸਰਗਰਮੀ ਅਤੇ ਜਲ ਸਰੋਤ ਮੰਤਰੀ ਸ੍ਰੀ ਵਰਿੰਦਰ ਗੋਇਲ ਨੂੰ ਦਿੱਤੇ ਮੰਗ ਪੱਤਰ ਅਤੇ ਸੰਘਰਸ਼ ਦੇ ਅਲਟੀਮੇਟਮ ਦੇ ਸਿੱਟੇ ਵੱਜੋਂ ਸਾਫ ਪਾਣੀ ਦੀ ਸਪਲਾਈ ਵਿੱਚ 60% ਤੱਕ ਸੁਧਾਰ ਹੋਇਆ ਹੈ। ਸ਼ਹਿਰ ਦੇ ਲੋਕਾਂ ਦੀ ਸਿਹਤ ਨਾਲ ਜੁੜੇ ਇਸ ਗੰਭੀਰ ਮਸਲੇ ਤੇ ਅੱਜ ਬਿਰਧ ਆਸ਼ਰਮ ਵਿੱਚ ਹੋਈ ਇੱਕ ਭਰਵੀਂ ਮੀਟਿੰਗ ਵਿੱਚ ਇਹ ਗੱਲ ਨੋਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁਲਾਰਿਆ ਨੇ ਕਿਹਾ ਕਿ ਪਿਛਲੇ ਦਿਨਾਂ ਵਿੱਚ ਹੋਈ ਲੋਕਾਂ ਦੀ ਸਰਗਰਮੀ ਨੂੰ ਫਲ ਪੈਂਦਾ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਨੇ ਆਗੂਆਂ ਨੂੰ ਫ਼ੋਨ ਕਰਕੇ ਰਹਿੰਦੇ 40% ਕੰਮ ਲਈ ਇੱਕ ਇੱਕ ਹਫ਼ਤੇ ਦਾ ਸਮਾਂ ਹੋਰ ਮੰਗਿਆ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪ੍ਰਸ਼ਾਸ਼ਨ ਨੂੰ ਇਹ ਸਮਾਂ ਦਿੱਤਾ ਜਾਵੇ ਕਿਉਂਕਿ ਮੰਡੀ ਵਾਲੇ ਪਾਸੇ ਗੰਦੇ ਪਾਣੀ ਦੀ ਸਮੱਸਿਆ ਹੱਲ ਹੋਈ ਜਾਪਦੀ ਹੈ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਸ਼ਹਿਰ ਦੇ ਪਿੰਡ ਵਾਲੇ ਪਾਸੇ ਵੱਖਰਾ ਜਲ ਘਰ ਬਣਾਇਆ ਜਾਵੇ। ਇਸ ਲਈ ਇਕ ਮੰਗ ਪੱਤਰ ਸਾਰੇ ਕੌਂਸਲਰਾਂ ਤੋਂ ਦਸਤਖ਼ਤ ਕਰਵਾ ਕੇ ਜਲਦੀ ਹੀ ਪ੍ਰਸ਼ਾਸ਼ਨ ਨੂੰ ਦਿੱਤਾ ਜਾਵੇਗਾ। ਮੀਟਿੰਗ ਨੂੰ ਮਹਿੰਦਰ ਸਿੰਘ, ਜਗਜੀਤ ਭੁਟਾਲ, ਲਛਮਣ ਅਲੀਸ਼ੇਰ, ਵਿੱਕੀ ਸਿੰਗਲਾ, ਗੁਰਚਰਨ ਸਿੰਘ, ਗੁਰਨਾਮ ਸਿੰਘ ਸੰਧੂ ਨੰਬਰਦਾਰ, ਤਰਨ ਖਰੌੜ, ਨਰਿੰਦਰ ਸ਼ਰਮਾ, ਚਰਨਜੀਤ ਤੋਂ ਇਲਾਵਾ ਹੋਰਨਾਂ ਬੁਲਾਰਿਆ ਨੇ ਕਿਹਾ ਕਿ ਨਗਰ ਕੌਂਸਲ ਦੀ ਕਾਰਗੁਜਾਰੀ ਦੇਖਣ ਤੋਂ ਬਾਅਦ ਅਗਲਾ ਫੈਸਲਾ ਕਰਨ ਲਈ ਫਿਰ ਮੀਟਿੰਗ ਸੱਦੀ ਜਾਵੇਗੀ।



# ਪਟਿਆਲਾ-ਆਸ/ਪਾਸ



# ਨਗਰ ਨਿਗਮ 'ਚ ਐਫ ਐਂਡ ਸੀ.ਸੀ. ਵਿਭਾਗ ਦੀ ਮੀਟਿੰਗ

## ➢ਡੇਅਰੀ ਮਾਲਕਾਂ ਲਈ ਸਖ਼ਤ ਹਦਾਇਤਾਂ, ਟੈਂਡਰ ਲੈ ਚੁੱਕੇ ਠੇਕੇਦਾਰਾਂ ਦੀ ਕਾਰਗੁਜ਼ਾਰੀ ਬਾਰੇ ਵਿਸ਼ੇਸ਼ ਗੱਲਬਾਤ




ਪਟਿਆਲਾ, 17 ਜਨਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਵਿੱਚ ਮੇਅਰ ਅਤੇ ਕਮਿਸ਼ਨਰ ਦੀ ਅਗਵਾਈ ਹੇਠ ਐਫ ਐਂਡ ਸੀਸੀ ਵਿਭਾਗ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸ਼ਹਿਰ ਦੀ ਸਫ਼ਾਈ, ਸੇਵਾਵਾਂ ਦੀ ਸੁਚਾਰੂ ਪ੍ਰਬੰਧਕੀ ਅਤੇ ਚੱਲ ਰਹੇ ਵਿਕਾਸੀ ਕੰਮਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਦੋ ਵਿਸ਼ੇਸ਼ ਏਜੰਡੇ ਰੱਖੇ ਗਏ, ਜਿਸ ਵਿੱਚ ਖਾਸ ਤੌਰ 'ਤੇ ਡੇਅਰੀ ਮਾਲਕਾਂ ਲਈ ਸਖ਼ਤ ਹਦਾਇਤਾਂ ਅਤੇ ਟੈਂਡਰ ਲੈ ਚੁੱਕੇ ਠੇਕੇਦਾਰਾਂ ਦੀ ਕਾਰਗੁਜ਼ਾਰੀ ਬਾਰੇ ਵਿਸ਼ੇਸ਼ ਗੱਲਬਾਤ ਕੀਤੀ ਗਈ। ਇਸ ਮੌਕੇ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਜੀਤ ਸਿੰਘ ਜੱਗਾ ਅਤੇ ਹੋਰ ਸੀਨੀਅਰ ਅਧਿਕਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਜੀਤ ਸਿੰਘ ਨੇ ਪਹਿਲੇ ਵਿਸ਼ੇਸ਼ ਏਜੰਡੇ ਵਿੱਚ ਸਪੱਸ਼ਟ ਕੀਤਾ ਕਿ ਜਿਨ੍ਹਾਂ ਡੇਅਰੀ ਮਾਲਕਾਂ ਵੱਲੋਂ ਆਪਣੀਆਂ ਡਾਇਰੀਆਂ ਨਿਰਧਾਰਤ ਥਾਵਾਂ 'ਤੇ ਸ਼ਿਫਟ ਨਹੀਂ ਕੀਤੀਆਂ ਗਈਆਂ ਅਤੇ ਜੋ ਅਜੇ ਵੀ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਉਨ੍ਹਾਂ ਖ਼ਿਲਾਫ਼ 26 ਜਨਵਰੀ ਤੋਂ ਬਾਅਦ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਕਾਰਵਾਈ ਦੌਰਾਨ ਡੇਅਰੀਆਂ ਦੇ ਪਾਣੀ, ਸੀਵਰੇਜ਼ ਅਤੇ ਬਿਜਲੀ ਦੇ ਕਨੈਕਸ਼ਨ ਕੱਟਣ ਤੱਕ ਦੇ ਕਦਮ ਸ਼ਾਮਲ ਹੋਣਗੇ। ਉਨ੍ਹਾਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਸ਼ਹਿਰ ਵਿੱਚ ਸਿਹਤ, ਸਫ਼ਾਈ ਅਤੇ ਆਵਾਜਾਈ ਨਾਲ ਜੁੜੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਨਿਯਮਾਂ ਦੀ ਪਾਲਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਦੂਜੇ ਵਿਸ਼ੇਸ਼ ਏਜੰਡੇ ਤਹਿਤ ਠੇਕੇਦਾਰਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਨਗਰ ਨਿਗਮ ਵੱਲੋਂ ਵੱਖ-ਵੱਖ ਠੇਕੇਦਾਰਾਂ ਨੂੰ ਕਈ ਵਿਕਾਸੀ ਕੰਮ ਅਲਾਟ ਕੀਤੇ ਜਾਂਦੇ ਹਨ, ਪਰ ਕਈ ਮਾਮਲਿਆਂ ਵਿੱਚ ਕੰਮ ਸਮੇਂ ਸਿਰ ਮੁਕੰਮਲ ਨਹੀਂ ਕੀਤੇ ਜਾਂਦੇ। ਇਸ ਸੰਬਧੀ ਫੈਸਲਾ ਕੀਤਾ ਗਿਆ ਕਿ ਜੇਕਰ ਕਿਸੇ ਠੇਕੇਦਾਰ ਨੇ ਕੰਮ ਸ਼ੁਰੂ ਤਾਂ ਕਰ ਦਿੱਤਾ ਹੋਵੇ ਪਰ ਨਿਰਧਾਰਤ ਸਮੇਂ ਅਨੁਸਾਰ ਪੂਰਾ ਨਾ ਹੋ ਰਿਹਾ ਹੋਵੇ, ਤਾਂ ਕਾਨੂੰਨ ਅਨੁਸਾਰ 10 ਫ਼ੀਸਦੀ ਪੈਨਲਟੀ ਲਗਾਈ ਜਾਵੇਗੀ ਅਤੇ ਬਨਦੀ ਸਜ਼ਾ ਵੀ ਦਿੱਤੀ ਜਾਵੇਗੀ। ਜੇਕਰ ਕਿਸੇ ਠੇਕੇਦਾਰ ਵੱਲੋਂ ਕੰਮ ਸ਼ੁਰੂ ਹੀ ਨਹੀਂ ਕੀਤਾ ਜਾਂਦਾ, ਤਾਂ ਉਸ ਨੂੰ ਨਿਯਮਾਂ ਅਨੁਸਾਰ ਬਲੈਕਲਿਸਟ ਕਰਨ ਬਾਰੇ ਵੀ ਫੈਸਲਾ ਲਿਆ ਗਿਆ। ਮੀਟਿੰਗ ਦੌਰਾਨ ਮੇਅਰ ਅਤੇ ਕਮਿਸ਼ਨਰ ਵੱਲੋਂ ਸਾਂਝੇ ਤੌਰ 'ਤੇ ਦੱਸਿਆ ਗਿਆ ਕਿ ਕਈ ਵਾਰ ਠੇਕੇਦਾਰ ਨਵੇਂ ਟੈਂਡਰਾਂ ਵਿੱਚ ਸਿਰਫ਼ ਬਿਡ ਕੈਪੈਸਟੀ ਦੀ ਅੰਡਰਟੇਕਿੰਗ ਲਗਾ ਕੇ ਟੈਂਡਰ ਹਾਸਲ ਕਰ ਲੈਂਦੇ ਹਨ, ਖ਼ਾਸ ਕਰਕੇ ਉਹਨਾਂ ਮਾਮਲਿਆਂ ਵਿੱਚ ਜਿੱਥੇ ਟੈਂਡਰ ਦੀ ਲਾਗਤ ਇੱਕ ਕਰੋੜ ਰੁਪਏ ਤੋਂ ਘੱਟ ਹੁੰਦੀ ਹੈ, ਕਿਉਂਕਿ ਇਸ ਸ਼੍ਰੇਣੀ ਦੇ ਟੈਂਡਰਾਂ ਵਿੱਚ ਬਿਡ ਕੈਪੈਸਟੀ ਬਾਰੇ ਵਧੇਰੇ ਦਸਤਾਵੇਜ਼ੀ ਪਾਬੰਦੀਆਂ ਨਹੀਂ ਹੁੰਦੀਆਂ, ਇਸ ਕਰਕੇ ਕੁਝ ਠੇਕੇਦਾਰ ਆਪਣੀ ਅਸਲ ਸਮਰੱਥਾ ਤੋਂ ਵੱਧ ਕੰਮ ਲੈ ਲੈਂਦੇ ਹਨ ਅਤੇ ਬਾਅਦ ਵਿੱਚ ਕੰਮ ਅਧੂਰਾ ਛੱਡ ਦਿੱਤਾ ਜਾਂਦਾ ਹੈ।ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ, ਮੀਟਿੰਗ ਵਿੱਚ ਇਹ ਮਹੱਤਵਪੂਰਨ ਫੈਸਲਾ ਕੀਤਾ ਗਿਆ ਕਿ ਅਗਾਂਹ ਤੋਂ ਇੱਕ ਕਰੋੜ ਰੁਪਏ ਤੋਂ ਘੱਟ ਦੇ ਟੈਂਡਰਾਂ ਲਈ ਵੀ ਸਿਰਫ਼ ਅੰਡਰਟੇਕਿੰਗ ਹੀ ਨਹੀਂ, ਸਗੋਂ ਬਿਡ ਕੈਪੈਸਟੀ ਦੀ ਵਿਸਥਾਰ ਨਾਲ ਗਿਣਤੀ, ਮੌਜੂਦਾ ਕੰਮਾਂ (ਵਰਕ ਇਨ ਹੈਂਡਸ) ਦੀ ਪੂਰੀ ਜਾਣਕਾਰੀ ਅਤੇ ਸੰਬੰਧਤ ਦਸਤਾਵੇਜ਼ ਲਾਜ਼ਮੀ ਕੀਤੇ ਜਾਣ। ਇਹ ਸਾਰਾ ਰਿਕਾਰਡ ਘੱਟੋ-ਘੱਟ ਸੰਬੰਧਤ ਨਿਗਮ ਇੰਜੀਨੀਅਰ ਜਾਂ ਕਾਰਜਕਾਰੀ ਇੰਜੀਨੀਅਰ ਵੱਲੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ। ਇਸ ਦੇ ਆਧਾਰ 'ਤੇ ਹੀ ਠੇਕੇਦਾਰ ਦੀ ਬਚਦੀ ਬਿਡ ਕੈਪੈਸਟੀ/ਵਿੱਤੀ ਯੋਗਤਾ ਦੀ ਸ਼ਰਤ ਪੂਰੀ ਹੋਣ 'ਤੇ ਟੈਂਡਰ ਅਲਾਟ ਕੀਤੇ ਜਾਣਗੇ।ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਹ ਕਦਮ ਸਿਰਫ਼ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਹੀ ਨਹੀਂ, ਸਗੋਂ ਸ਼ਹਿਰ ਵਿੱਚ ਚੱਲ ਰਹੇ ਵਿਕਾਸੀ ਕੰਮਾਂ ਨੂੰ ਸਮੇਂ-ਸਿਰ ਅਤੇ ਗੁਣਵੱਤਾ ਨਾਲ ਪੂਰਾ ਕਰਨ ਲਈ ਵੀ ਲਏ ਜਾ ਰਹੇ ਹਨ। ਮੀਟਿੰਗ ਦੇ ਅੰਤ ਵਿੱਚ ਮੇਅਰ ਅਤੇ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਇਨ੍ਹਾਂ ਫੈਸਲਿਆਂ ਦੀ ਤੁਰੰਤ ਤਾਮੀਲ ਕਰਵਾਈ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਢਿਲਾਈ ਨੂੰ ਬਰਦਾਸ਼ਤ ਨਾ ਕੀਤਾ ਜਾਵੇ।

# ਲੋਕ ਮਿਲਣੀ ਪ੍ਰੋਗਰਾਮ ਰਾਹੀਂ ਸਰਕਾਰ ਅਤੇ ਲੋਕਾਂ ਵਿਚਕਾਰ ਸਿੱਧਾ ਸੰਪਰਕ ਕਾਇਮ : ਹਰਚੰਦ ਸਿੰਘ ਬਰਸਟ

## ਚੇਅਰਮੈਨ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਸਮਾਣਾ, 17 ਜਨਵਰੀ (ਵਿਜੇ ਕੁਮਾਰ/ਜਵੰਦਾ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਆਏ ਲੋਕਾਂ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਨੇ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੇ ਪਹੁੰਚੇ ਸਰਪੰਚਾਂ ਅਤੇ ਹੋਰ ਖੇਤਰਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਉਨ੍ਹਾਂ ਦਾ ਹੱਲ ਕੀਤਾ ਗਿਆ। ਸ. ਬਰਸਟ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮਾਂ ਰਾਹੀਂ ਸਰਕਾਰ ਤੇ ਲੋਕਾਂ ਦਰਮਿਆਨ ਸਿੱਧਾ ਰਾਬਤਾ ਕਾਇਮ ਹੁੰਦਾ ਹੈ। ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਲੋਕਾ ਨੂੰ ਪੇਸ਼ ਆਉਣ ਵਾਲੀਆਂ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਯਕੀਨ ਦਿਵਾਇਆ ਕਿ ਲੋਕਾਂ ਨੂੰ ਕਿਸੇ ਕਿਸਮ ਦੀਆਂ ਮੁਸ਼ਕਲਾਂ ਪੇਸ਼ ਨਹੀਂ ਆਉਣ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਦੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ ਯੋਜਨਾਵਾਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚੇ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਅਤੇ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਅੱਗੇ ਵਧਾਉਣਾ ਹੈ। ਸ. ਬਰਸਟ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੀ ਚਹੁੰਪੱਖੀ ਵਿਕਾਸ ਅਤੇ ਤਰੱਕੀ ਲਈ ਵਚਨਬੱਧ ਹੈ ਅਤੇ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਭਵਿੱਖ ਵਿੱਚ ਵੀ ਆਯੋਜਿਤ ਕੀਤੇ ਜਾਂਦੇ ਰਹਿਣਗੇ। ਇਸ ਮੌਕੇ ਸੋਮਚੰਦ ਸੋਮੀ ਸਰਪੰਚ ਤਰਖਾਣ ਮਾਜਰਾ, ਮਨਪ੍ਰੀਤ ਸਿੰਘ ਸਰਪੰਚ ਵਜੀਦਪੁਰ, ਭਿੰਦਰ ਸਿੰਘ ਸਰਪੰਚ ਨਵੀਂ ਰੌਣੀ, ਪਰਗਟ ਸਿੰਘ ਸਰਪੰਚ ਢਕੱੜਬਾ, ਸਤਗੁਰ ਸਿੰਘ ਸਰਪੰਚ ਤਰੋੜਾ ਕਲਾਂ, ਸੁਰਜੀਤ ਸਿੰਘ ਪੰਚਾਇਤ ਮੈਂਬਰ, ਨਾਇਬ ਸਿੰਘ ਸਾਬਕਾ ਸਰਪੰਚ ਕਾਦਰਾਬਾਦ, ਸ਼ਾਮ ਲਾਲ ਦੱਤ, ਜਸਪਾਲ ਸਿੰਘ ਬੀਬੀਪੁਰ, ਮਨਦੀਪ ਸਿੰਘ ਗਿੰਨੀ, ਕਰਮਜੀਤ ਸਿੰਘ ਹੈਪੀ, ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਸਾਹਿਬ ਸਿੰਘ, ਜਸਵਿੰਦਰ ਸਿੰਘ, ਕਿਰਨਜੀਤ ਸਿੰਘ, ਨਰਦੀਪ ਸਿੰਘ, ਪਰਗਟ ਸਿੰਘ, ਰੁਪਿੰਦਰ ਸਿੰਘ, ਗੁਰਮੁੱਖ ਸਿੰਘ, ਬਲਕਾਰ ਸਿੰਘ, ਮਨਦੀਪ ਸਿੰਘ ਨੰਬਰਦਾਰ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਜਨ ਹਿੱਤ ਸੰਮਤੀ ਵੱਲੋਂ ਕੌਮੀ ਸੜਕ ਸੁਰੱਖਿਆ ਮਹੀਨੇ ਤਹਿਤ ਵਾਹਨਾਂ ਉੱਪਰ ਰਿਫ਼ਲੈਕਟਰ ਲਗਾਉਣੇ ਸ਼ਲਾਘਾਯੋਗ ਉਪਰਾਲਾ : ਡੀ.ਐਸ.ਪੀ. ਚਹਿਲ



ਪਟਿਆਲਾ, 17 ਜਨਵਰੀ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਿਟੀ 1 ਟ੍ਰੈਫਿਕ ਪਟਿਆਲਾ ਦੇ ਸਹਿਯੋਗ ਨਾਲ ਕੌਮੀ ਰੋਡ ਸੇਫਟੀ ਮਹੀਨੇ ਤਹਿਤ ਰਿਫ਼ਲੈਕਟਰ ਲਗਾਉਣ ਲਈ ਫੁਆਰਾ ਚੌਕ ਪਟਿਆਲਾ ਵਿਖੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ,ਜਿਸ ਵਿਚ ਮੁੱਖ ਮਹਿਮਾਨ ਡੀ ਐਸ ਪੀ ਟ੍ਰੈਫਿਕ ਪਟਿਆਲਾ ਪੁਨੀਤ ਸਿੰਘ ਚਹਿਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਏ.ਐਸ.ਆਈ ਜਪਨਾਮ ਸਿੰਘ ਵਿਰਕ ਇੰਚਾਰਜ ਸਿਟੀ-1 ਟ੍ਰੈਫਿਕ ਪਟਿਆਲਾ ਨੇ ਕੀਤੀ।ਵਿਸ਼ੇਸ਼ ਤੌਰ ਮੀਤ ਪ੍ਰਧਾਨ ਸੁਰਵਿੰਦਰ ਸਿੰਘ ਛਾਬੜਾ, ਅਨਿਲ ਭਾਰਤੀ,ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਐਸ ਪੀ ਪਰਾਸ਼ਰ, ਸਤੀਸ਼ ਜੋਸ਼ੀ, ਏ ਐਸ ਆਈ ਅਮਰਜੀਤ ਸਿੰਘ, ਹੌਲਦਾਰ ਗੁਰਪਿਆਰ ਸਿੰਘ, ਹੌਲਦਾਰ ਜੰਗ ਸਿੰਘ,ਭੁਪਿੰਦਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ ਨੇ ਸ਼ਿਰਕਤ ਕੀਤੀ।ਇਸ ਮੌਕੇਂ ਡੀ.ਐਸ.ਪੀ. ਟ੍ਰੈਫਿਕ ਪਟਿਆਲਾ ਪੁਨੀਤ ਸਿੰਘ ਚਹਿਲ ਨੇ ਕਿਹਾ ਕਿ ਸੜਕ ਸੁਰੱਖਿਆ ਮਹੀਨੇ ਤਹਿਤ ਉਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਸਕੂਲਾਂ ਕਾਲਜਾਂ, ਯੂਨੀਵਰਸਿਟੀ, ਟਰੱਕ ਯੂਨੀਅਨ, ਟੈਕਸੀ ਸਟੈਂਡ ਵਿਖੇ ਜਾ ਕੇ ਨੌਜਵਾਨਾਂ ਅਤੇ ਪਬਲਿਕ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਤਹਿਤ ਧੁੰਦ ਦੇ ਮੌਸਮ ਨੂੰ ਵੇਖਦਿਆਂ ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੇ ਸਹਿਯੋਗ ਨਾਲ ਫੁਆਰਾ ਚੌਕ ਪਟਿਆਲਾ ਵਿਖੇ ਟਰੈਕਟਰ ਟਰਾਲੀਆਂ, ਟਰੱਕਾਂ,ਕਾਰਾਂ ਅਤੇ ਹੋਰ ਵਹੀਕਲਜ਼ ਉਪਰ ਰਿਫ਼ਲੈਕਟਰ ਲਗਾਏ ਗਏ, ਤਾਂ ਜੋ ਧੁੰਦ ਕਾਰਨ ਕੋਈ ਹਾਦਸਾ ਨਾ ਵਾਪਰ ਸਕੇ।ਉਹਨਾਂ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਵੀ ਅਪੀਲ ਕੀਤੀ ਕਿ ਸਕੂਲ ਦੇ ਸਟਾਫ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਕੂਲ ਵਿੱਚ ਨਾਬਾਲਗ ਬੱਚਿਆਂ ਨੂੰ ਵਹੀਕਲ ਲੈ ਕੇ ਆਉਣ ਤੋਂ ਮਨ੍ਹਾ ਕਰਨ। ਇਸ ਮੌਕੇ 200 ਦੇ ਕਰੀਬ ਟਰੈਕਟਰ ਟਰਾਲੀਆਂ, ਟਰੱਕਾਂ, ਕਾਰਾਂ, ਆਟੋ ਰਿਕਸ਼ਾ ਅਤੇ ਹੋਰ ਵਹੀਕਲਜ਼ ਉਪਰ ਰਿਫ਼ਲੈਕਟਰ ਲਗਾਏ ਗਏ।

## ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਜ਼ਖ਼ਮੀ

ਪਟਿਆਲਾ, 17 ਜਨਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਯੋਗੀਤਾ ਪੁੱਤਰੀ ਰਵਿੰਦਰ ਕੁਮਾਰ ਵਾਸੀ ਗਲੀ ਨੰ: 8 ਤੇਗ ਕਲੋਨੀ ਪਟਿਆਲਾ ਨੇ ਅਣਪਛਾਤੇ ਗੱਡੀ ਦੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਸਕੂਟਰੀ 'ਤੇ ਸਵਾਰ ਹੋ ਕੇ ਵਾਈ.ਪੀ.ਐਸ ਚੌਕ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਪਿਤਾ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਕੁਲਦੀਪ ਸਿੰਘ ਥਿੰਦ ਬਣੇ ਕੰਬੋਜ ਭਲਾਈ ਬੋਰਡ ਦੇ ਮੈਂਬਰ



ਪਾਤੜਾਂ, 17 ਜਨਵਰੀ (ਹਰਮਿੰਦਰ ਕਰਤਾਰਪੁਰ): ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਬਣਾਏ ਗਏ ਕੰਬੋਜ ਭਲਾਈ ਬੋਰਡ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ ਨੂੰ ਮੈਂਬਰ ਨਿਯੁਕਤ ਕੀਤਾ ਗਿਆ।ਇਸ ਸਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਕੁਲਦੀਪ ਸਿੰਘ ਥਿੰਦ ਵੱਲੋਂ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ ਗਈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ ਸਮੇਤ ਸਮੁੱਚੇ ਪੰਜਾਬ ਵਿੱਚ ਕੰਬੋਜ ਭਾਈਚਾਰੇ ਵੱਲੋਂ ਆਮ ਆਦਮੀ ਪਾਰਟੀ ਨੂੰ ਦਿਲ ਖੋਲ੍ਹ ਕੇ ਸਮਰਥਨ ਦਿੱਤਾ ਗਿਆ ਸੀ, ਜਿਸ ਬਦੌਲਤ ਅੱਜ ਸੂਬੇ ਵਿੱਚ ਲੋਕਾਂ ਦੀ ਆਪਣੀ ਸਰਕਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਲੇ ਦਿਨਾਂ 'ਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚੋਂ ਹੋਰ ਆਗੂਆਂ ਅਤੇ ਵਰਕਰਾਂ ਨੂੰ ਸੰਗਠਨ ਅਤੇ ਸਰਕਾਰ ਵਿੱਚ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਵੱਲੋਂ ਕੁਲਦੀਪ ਸਿੰਘ ਥਿੰਦ ਨੂੰ ਕੰਬੋਜ ਭਲਾਈ ਬੋਰਡ ਵਿੱਚ ਮੈਂਬਰ ਨਿਯੁਕਤ ਹੋਣ ਉਪਰੰਤ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦਲਬੀਰ ਸਿੰਘ ਹਰਚੰਦਪੁਰਾ ਹਵੇਲੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਾਬਾ ਬੀਰਾ ਸਿੰਘ ਅਰਨੋਂ,ਯੂਥ ਪ੍ਰਧਾਨ ਮਨਵੀਰ ਸਿੰਘ ਮੰਨਾ ਸੰਧੂ, ਗੋਲਡੀ ਬਰਾਸ ਬਲਾਕ ਸੰਮਤੀ ਮੈਂਬਰ, ਸਰਪੰਚ ਬਲਜਿੰਦਰ ਸਿੰਘ ਜੋਗੇਵਾਲ, ਸਰਪੰਚ ਸੰਦੀਪ ਸਿੰਘ ਤੇਈਪੁਰ, ਸਰਪੰਚ ਹਰਦੀਪ ਸਿੰਘ ਸੰਧੂ, ਚੇਅਰਮੈਨ ਡਾਕਟਰ ਡੀਡੀ ਸਿੰਗਲਾ,ਮਦਨ ਲਾਲ ਗੋਇਲ ਸਿਟੀ ਪ੍ਰਧਾਨ, ਸਰਪੰਚ ਕਰਨੈਲ ਸਿੰਘ ਨਾਮਸੋਤ, ਰਣਜੀਤ ਸਿੰਘ ਵਿਰਕ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ,ਲਾਭ ਸਿੰਘ ਡਰੋਲੀ ਆਦਿ ਵਲੋਂ ਵੀ ਕੁਲਦੀਪ ਸਿੰਘ ਥਿੰਦ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੁਲਦੀਪ ਸਿੰਘ ਥਿੰਦ ਕੰਬੋਜ ਭਾਈਚਾਰੇ ਦੀ ਭਲਾਈ ਪਹਿਲਾਂ ਵੀ ਦਿਨ ਰਾਤ ਸਖਤ ਮਿਹਨਤ ਕਰ ਰਹੇ ਸਨ ਪਰ ਹੁਣ ਉਹ ਪਹਿਲਾਂ ਨਾਲੋਂ ਜ਼ਿਆਦਾ ਮਿਹਨਤ ਕਰਕੇ ਕੰਬੋਜ ਭਾਈਚਾਰੇ ਦੀ ਭਲਾਈ ਲਈ ਕੰਮ ਕਰਨਗੇ।

## ਰੇਲਵੇ ਪੁਲਿਸ ਨੂੰ ਕੱਟੀ ਹੋਈ ਲਾਸ਼ ਮਿਲੀ, ਸ਼ਨਾਖਤ ਲਈ ਮੋਰਚਰੀ 'ਚ ਰੱਖੀ



ਨਾਭਾ, 17 ਜਨਵਰੀ (ਬਲਜਿੰਦਰ ਮਾਨ) : ਨਾਭਾ ਰੇਲਵੇ ਪੁਲਿਸ ਨੂੰ ਰੇਲਵੇ ਲਾਈਨ ਤੋਂ ਸਿਰ ਅਤੇ ਤੜ ਅਲੱਗ ਹੋਈ ਲਾਸ਼ ਬਰਾਮਦ ਹੋਈ ਹੈ ਜਿਸ ਦੀ ਉਮਰ 23 ਤੋਂ 28 ਸਾਲ ਲੱਗਦੀ ਹੈ ਜਿਸ ਦੀ ਪਹਿਚਾਣ ਲਈ ਸਿਵਲ ਹਸਪਤਾਲ ਨਾਭਾ ਦੀ ਮੋਰਚਰੀ ਵਿਖੇ ਸ਼ਨਾਖਤ ਲਈ ਰੱਖੀ ਗਈ ਹੈ ਇਸ ਸਬੰਧੀ ਚੌਕੀ ਇੰਚਾਰਜ ਏ ਐਸ ਆਈ ਬਹਾਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿ ਇਸ ਦੀ ਪਹਿਚਾਣ ਲਈ ਅਸੀਂ ਆਲੇ ਦੁਆਲੇ ਛਾਣਬੀਨ ਕਰ ਚੁੱਕੇ ਹਾਂ। ਇਸ ਦੀ ਉਮਰ ਲਗਭਗ 23 ਤੋਂ 28 ਸਾਲ ਦੇ ਵਿਚਕਾਰ ਲੱਗਦੀ ਹੈ। ਇਸ ਦੇ ਸ਼ਨਾਖਤ ਲਈ ਰੇਲਵੇ ਪੁਲਿਸ ਚੌਕੀ ਨਾਭਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ । ਚੌਕੀ ਇੰਚਾਰਜ ਬਹਾਦਰ ਸਿੰਘ ਮੋਬਾਇਲ ਨੰਬਰ 98142-60197, 98555-40440, ਇਸ ਸਬੰਧੀ ਜਿਸ ਨੂੰ ਵੀ ਕੋਈ ਜਾਣਕਾਰੀ ਮਿਲੇ ਤਾਂ ਇਹਨਾਂ ਨੰਬਰਾਂ ਤੇ ਸਾਂਝੀ ਕਰ ਸਕਦਾ ਹੈ।

# ਪ੍ਰਾਚੀਨ ਮੰਦਰ ਕੇਦਾਰ ਨਾਥ ਵਿਖੇ ਚਾਰ ਦਿਨਾਂ ਸਮਾਗਮ ਦੌਰਾਨ ਲੰਗਰ ਲਗਾਇਆ



ਪਟਿਆਲਾ, 17 ਜਨਵਰੀ (ਚ.ਨ.ਸ.) : ਭੋਲੇ ਬਾਬਾ ਜੀ ਦੇ ਪਵਿੱਤਰ ਮਾਘ ਮਹੀਨੇ ਵਿੱਚ 4 ਦਿਨਾਂ ਦੇ ਸਮਾਗਮ ਬੜੇ ਧੂਮ-ਧਾਮ ਨਾਲ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿੱਚ ਸੁਧਾਰ ਸਭਾ ਵੱਲੋਂ ਮਨਾਇਆ ਗਿਆ। ਇਸ ਮੌਕੇ ਰਣਜੀਤ ਸਿੰਘ ਚੱਡੋਕ ਐਮ.ਸੀ. ਵਾਰਡ ਨੰਬਰ 32, ਅਤੇ ਸੁਧਾਰ ਸਭਾ ਦੇ ਸਾਰੇ ਮੈਂਬਰ ਅਤੇ ਕਾਲੋਨੀ ਔਰਤਾਂ, ਪੁਰਸ਼ ਅਤੇ ਬੱਚੇ ਵੱਡੀ ਸੰਖਿਆ ਵਿੱਚ ਪਹੁੰਚੇ। ਇਸ ਮੌਕੇ ਰੇਵੜੀਆਂ, ਗੱਚਕ, ਮੂੰਗਫਲੀ ਦਾ ਪ੍ਰਸ਼ਾਦ ਵੰਡਿਆ ਗਿਆ ਅਤੇ ਚਾਹ ਅਤੇ ਪਕੌੜਿਆਂ ਦਾ ਲੰਗਰ ਵੀ ਲਗਾਇਆ ਗਿਆ। ਸੜਕ ਤੇ ਆਉਂਦੇ ਜਾਂਦਿਆਂ ਨੇ ਲੋਹੜੀ ਦਾ ਮੱਥਾ ਟੇਕਿਆ ਅਤੇ ਚਾਹ ਅਤੇ ਪਕੌੜਿਆਂ ਦਾ ਲੰਗਰ ਛੱਕਿਆ। ਇਸ ਮੌਕੇ ਵਾਇਸ ਪ੍ਰਧਾਨ ਸ਼ਿਵ ਸੈਨਾ ਰਣਦੀਪ ਹੈਪੀ ਨੇ ਬੜੀ ਸ਼ਲਾਘਾ ਕੀਤੀ । ਓਮ ਪ੍ਰਕਾਸ਼ ਠੇਕੇਦਾਰ ਨੇ ਖਾਸ ਕਰਕੇ ਪ੍ਰਸੰਸਾ ਕੀਤੀ ਜਿਹੜਾ ਤੁਸੀਂ ਕਲੋਨੀ ਵਿੱਚ ਲੰਗਰ ਲਗਾਉਂਦੇ ਹੋ ਇਸ ਨਾਲ ਲੋੜਵੰਦ ਸੰਗਤ ਲੰਗਰ ਛਕਦੀ ਹੈ ਬਹੁਤ ਸੇਵਾ ਦਾ ਕੰਮ ਹੈ। ਇਸ ਦਿਨ ਖਾਸ ਕਰਕੇ ਪ੍ਰਾਚੀਨ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ ਪੁਰਾਣੀ ਦਾਨਾ ਮੰਡੀ ਨਾਭਾ ਗੇਟ ਦੇ ਅਹੁਦੇਦਾਰ ਅਤੇ ਜੋਗਿੰਦਰ ਸ਼ਰਮਾ ਸ਼ਰਮਾ ਜਨਰਲ ਸਕੱਤਰ ਸ੍ਰੀ ਬ੍ਰਾਹਮਣ ਸਭਾ ਵੱਲੋਂ ਆ ਕੇ ਪ੍ਰਸ਼ਾਦ ਗ੍ਰਹਿਣ ਕੀਤਾ ਅਤੇ ਮੰਦਿਰ ਵਿਖੇ ਮੱਥਾ ਟੇਕਿਆ ਅਤੇ ਸ਼ਲਾਘਾ ਕੀਤੀ ।

## ਟਰੱਕ ਚੋਰੀ, ਮਾਮਲਾ ਦਰਜ

ਪਟਿਆਲਾ, 17 ਜਨਵਰੀ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲਰ ਜਗਨਦੀਪ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਖਾਲਸਾ ਕਲੋਨੀ ਸਨੌਰ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਦਾ ਟਰੱਕ ਜੋ ਕਿ ਈਸ਼ਵਰ ਨਗਰ ਦੇਵੀਗੜ੍ਹ ਪਟਿਆਲਾ ਰੋਡ ਨੇੜੇ ਗੁਰਦੁਆਰਾ ਨਾਨਕਸਰ ਸਾਹਿਬ ਪਾਸ ਖੜ੍ਹਾ ਸੀ, ਚੋਰੀ ਕਰ ਲਿਆ। ਪੁਲਿਸ ਨੇ ਧਾਰਾ 303(2) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸਕੂਲੀ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਬੂਟ ਵੰਡੇ



ਸਮਾਣਾ, 17 ਜਨਵਰੀ (ਵਿਜੇ ਕੁਮਾਰ) : ਸਰਦੀ ਦੇ ਮੌਸਮ ਨੂੰ ਵੇਖਦੇ ਹੋਏ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਸਪੁੱਤਰ ਗੁਰਵਿੰਦਰ ਸਿੰਘ ,ਨੂੰਹ ਸੰਦੀਪ ਕੌਰ ਅਤੇ ਪਤਨੀ ਸ਼ਰਨਜੀਤ ਕੌਰ ਪਬਲਿਕ ਸੀਨੀ: ਸੈਕੰਡਰੀ ਸਕੂਲ ਦੇ ਜ਼ਰੂਰਤਮੰਦ ਬੱਚਿਆਂ ਨੂੰ ਬੂਟ ਵੰਡਦੇ ਹੋਏ। ਇਸ ਮੌਕੇ ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਰਮਨ ਗੁਪਤਾ, ਪ੍ਰਿੰਸੀਪਲ ਸੁਨੀਤਾ ਗਰਗ, ਪ੍ਰਿੰਸੀਪਲ ਅਨਿਰੁਧ ਗਰਗ ਤੇ ਸਮੂਹ ਸਟਾਫ ਹਾਜ਼ਰ ਸੀ

# ਸਰਕਾਰੀ ਸਕੂਲਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਨਹੀਂ ਮਿਲੀਆਂ ਵਰਦੀਆਂ : ਜਸਵਿੰਦਰ ਸਿੰਘ



ਦੇਵੀਗੜ੍ਹ, 17 ਜਨਵਰੀ (ਗੁਰਜੀਤ ਸਿੰਘ ਢੋਟ) : ਸਿੱਖਿਆ ਕ੍ਰਾਂਤੀ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ ਸਾਬਤ ਹੋਈ ਹੈ। ਦਸ ਮਹੀਨੇ ਬੀਤਣ ਮਗਰੋਂ ਵੀ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵਰਦੀਆਂ ਪ੍ਰਾਪਤ ਨਹੀਂ ਹੋਈਆਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਤੇ ਪਰਮਜੀਤ ਸਿੰਘ ਪਟਿਆਲਾ ਨੇ ਦੱਸਿਆ ਕਿ ਸਰਕਾਰ ਦੀ ਨਲਾਇਕੀ ਕਰਕੇ ਹੁਣ ਤੱਕ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਵਰਦੀਆਂ ਨਸੀਬ ਨਹੀਂ ਹੋਈਆਂ। ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੀਸੀ ਮੁੰਡਿਆਂ ਅਤੇ ਜਨਰਲ ਕੈਟਾਗਰੀ ਦੇ ਬੱਚਿਆਂ ਨੂੰ ਵਰਦੀਆਂ ਦੇਣ ਦੇ ਪੈਸੇ ਹੁਣ ਤੱਕ ਸਰਕਾਰ ਨੇ ਖਜ਼ਾਨਾ ਦਫਤਰ ਰਾਹੀਂ ਰੋਕੇ ਹੋਏ ਹਨ। ਖਜ਼ਾਨਾ ਦਫਤਰਾਂ ਰਾਹੀ ਵਰਦੀਆਂ ਦੇ ਹੁਣ ਤੱਕ ਕੋਈ ਵੀ ਬਿੱਲ ਹੁਣ ਤੱਕ ਪਾਸ ਨਹੀਂ ਹੋਏ। ਜਿਹੜੀਆਂ ਵੀ ਦੁਕਾਨਾਂ ਤੋਂ ਅਧਿਆਪਕਾਂ ਨੇ ਵਰਦੀਆਂ ਖਰੀਦੀਆਂ ਹਨ, ਉਹ ਦੁਕਾਨਦਾਰ ਬਿਨਾਂ ਪੈਮੈਂਟ ਤੋਂ ਬੱਚਿਆਂ ਨੂੰ ਵਰਦੀਆਂ ਨਹੀਂ ਦੇ ਰਹੇ। ਉਹਨਾਂ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਰਕਾਰ ਸਾਡੇ ਖਾਤਿਆਂ ਵਿੱਚ ਪੇਮੈਂਟ ਜਾਰੀ ਨਹੀਂ ਕਰਦੀ ਉਦੋਂ ਤੱਕ ਉਹ ਬੱਚਿਆਂ ਨੂੰ ਵਰਦੀਆਂ ਨਹੀਂ ਦੇ ਸਕਦੇ। ਸਿੱਖਿਆ ਕ੍ਰਾਂਤੀ ਦੇ ਵੱਡੇ ਵੱਡੇ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੀ ਫੂਕ ਪੂਰੀ ਤਰ੍ਹਾਂ ਨਿਕਲ ਚੁੱਕੀ ਹੈ। ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ,ਹਰਦੀਪ ਸਿੰਘ ਪਟਿਆਲਾ, ਜਗਪ੍ਰੀਤ ਸਿੰਘ ਭਾਟੀਆ, ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਹਰਪ੍ਰੀਤ ਸਿੰਘ ਉਪਲ, ਗੁਰਪ੍ਰੀਤ ਸਿੰਘ ਸਿੱਧੂ , ਗੁਰਵਿੰਦਰ ਸਿੰਘ ਖੰਗੂੜਾ, ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ , ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੋਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ ਸਾਥੀ ਹਾਜ਼ਰ ਰਹੇ।

## ਠੋਸ ਕਚਰਾ ਸਾੜਨ ਖ਼ਿਲਾਫ਼ ਜਾਗਰੂਕਤਾ ਪ੍ਰੋਗਰਾਮ



ਭਾਦਸੋਂ, 17 ਜਨਵਰੀ (ਭਰਪੂਰ ਸਿੰਘ ਮੱਟਰਾਂ) : ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਗਰ ਨਿਗਮ/ਨਗਰ ਕੌਂਸਲ ਖੇਤਰਾਂ ਵਿੱਚ ਮਿਊਂਸਿਪਲ ਠੋਸ ਕਚਰਾ ਸਾੜਨ ਦੀ ਪ੍ਰਥਾ ਨੂੰ ਸਖ਼ਤੀ ਨਾਲ ਰੋਕਣ ਲਈ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਰੀਜਨਲ ਦਫ਼ਤਰ ਪਟਿਆਲਾ ਵੱਲੋਂ ਅੱਜ ਨਗਰ ਕੌਂਸਲ ਭਾਦਸੋਂ ਵਿਖੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਬੋਰਡ ਦੇ ਅਧਿਕਾਰੀਆਂ ਵੱਲੋਂ ਨਗਰ ਕੌਂਸਲ ਦੇ ਸੈਨਿਟਰੀ ਇੰਸਪੈਕਟਰਾਂ ਅਤੇ ਸਫ਼ਾਈ ਸੇਵਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਨੂੰ ਮਿਊਂਸਿਪਲ ਠੋਸ ਕਚਰਾ ਸਾੜਨ ਨਾਲ ਹੋਣ ਵਾਲੇ ਗੰਭੀਰ ਵਾਤਾਵਰਨਕ ਨੁਕਸਾਨ ਅਤੇ ਜਨਤਕ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਬੋਰਡ ਦੇ ਅਧਿਕਾਰੀਆਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਠੋਸ ਕਚਰਾ ਸਾੜਨ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਜਾਵੇ। ਸਾਰੇ ਕਰਮਚਾਰੀਆਂ ਨੂੰ ਆਪਣੇ ਖੇਤਰ ਵਿੱਚ ਸਫ਼ਾਈ ਬਣਾਈ ਰੱਖਣ ਅਤੇ ਕਚਰੇ ਦੇ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ।

# 21 ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਜਲ ਸਪਲਾਈ ਇਨਲਿਸਟਮੈਂਟ ਅਤੇ ਆਊਟਸੋਰਸ ਕਾਮੇ ਕਰਨਗੇ ਰੋਸ ਮੁਜ਼ਾਹਰਾ

ਸਮਾਣਾ, 17 ਜਨਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ. 26ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਦਰਸ ਵੀਰ ਸਿੰਘ ਰਾਣਾ ਅਤੇ ਆਊਟ ਸੋਰਸ ਵਰਕਰ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਬਰਨਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਤੇ ਇਨਲਿਸਟਮੈਂਟ ਅਤੇ ਆਊਟਸੋਰਸ ਕਾਮਿਆਂ ਦੀਆਂ ਸੇਵਾਵਾਂ ਵਿਭਾਗ ਵਿੱਚ ਪੱਕੇ ਕਰਨ ਜਲ ਸਕੀਮਾਂ ਦੇ ਪੰਚਾਇਤੀਕਰਨ ਰੱਦ ਕਰਨ ਆਦਿ ਮੰਗਾਂ ਸਬੰਧੀ ਵਿਚਾਰ ਹੋਏ ਅਤੇ ਵਰਕਰਾਂ ਦੀ ਲਾਮਬੰਦੀ ਅਤੇ ਸੰਘਰਸ਼ ਸੰਬੰਧੀ ਫੈਸਲੇ ਹੋਏ, ਜਿਸ ਦੀ ਜਾਣਕਾਰੀ ਦਿੰਦਿਆਂ ਡਿਵੀਜ਼ਨ ਪ੍ਰਧਾਨ ਹਰਪਾਲ ਸਿੰਘ ਰੇਤਗੜ੍ਹ ਨੇ ਦੱਸਿਆ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਲੰਮੇ ਸਮੇਂ ਤੋਂ ਜਲ ਸਪਲਾਈ ਵਿਭਾਗ ਵਿੱਚ ਇਨਲਿਸਟਮੈਂਟ ਅਤੇ ਆਊਟਸੋਰਸ ਕਾਮੇ ਜੋ ਬਹੁਤ ਹੀ ਨਿਗੂਣੀਆਂ ਤਨਖਾਹਾਂ ਤੇ ਸੰਤਾਪ ਭੋਗ ਰਹੇ ਹਨ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਉਹਨਾਂ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਦਿੱਤਾ ਸਮੇਂ ਸਮੇਂ 'ਤੇ ਜਲ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ ;ਪੰਜਾਬ ਸਰਕਾਰ ਦੇ ਮੰਤਰੀਆਂ ;ਮੁਲਾਜ਼ਮਾਂ ਨੂੰ ਪੱਕੇ ਕਰਨ ਕਮੇਟੀ ਨੂੰ ਮੰਗ ਪੱਤਰ ਭੇਜੇ ਗਏ ਪਰ ਹੁਣ ਤੱਕ ਸਰਕਾਰ ਵੱਲੋਂ ਕਮੇਟੀਆਂ ਬਣਾ ਕੇ ਅਤੇ ਪ੍ਰਪੋਜਲਾਂ ਬਣਾਉਣ ਦੇ ਬਹਾਨੇ ਸਿਰਫ ਸਮਾਂ ਹੀ ਲੰਘਾਇਆ ਜਾ ਰਿਹਾ ਹੈ ਜਥੇਬੰਦੀ ਨੂੰ ਕੋਈ ਠੋਸ ਕਾਰਵਾਈ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਜਿਸ ਤੋਂ ਮਜਬੂਰ ਹੋ ਕੇ ਵਰਕਰਾਂ ਦੇ ਹਿੱਤ ਲਈ ਜਥੇਬੰਦੀ ਵੱਲੋਂ ਮਿਤੀ 21 ਜਨਵਰੀ 2026 ਨੂੰ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਰਿਹਾਇਸ ਵਿਖੇ ਵਿਸ਼ਾਲ ਰੋਸਮਈ ਧਰਨਾ ਮੁਜਾਹਰਾ ਕੀਤਾ ਜਾਵੇਗਾ। ਇਸ ਸਮੇਂ ਉਹਨਾਂ ਨੇ ਪੀ.ਡਬਲਯੂ.ਡੀ. ਤਾਲਮੇਲ ਸੰਘਰਸ਼ ਕਮੇਟੀ ਸਮੇਤ ਸਮੂਹ ਜਨਤਕ ਜਥੇਬੰਦੀਆਂ ਨੂੰ ਉਹਨਾਂ ਦੇ ਸੰਘਰਸ਼ ਦੀ ਹਮਾਇਤ ਕਰਨ ਦੀ ਅਪੀਲ ਕੀਤੀ।

# ਅਵਿਕਰਮਜੀਤ ਸਿੰਘ ਦੀ ਬੇਵਕਤੀ ਮੌਤ 'ਤੇ ਗਰੁੜ ਪੁਰਾਣ ਦੇ ਭੋਗ ਪਾਏ

## ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ

ਘਨੌਰ, 17 ਜਨਵਰੀ (ਮਦਨ ਲਾਲ): ਬਚਿੱਤਰ ਸਿੰਘ ਅਸ਼ਟਾਮ ਫਰੋਸ਼ ਦੇ ਲੜਕੇ ਅਵਿਕਰਮਜੀਤ ਸਿੰਘ ਦੀ ਬੇਵਕਤੀ ਮੌਤ 'ਤੇ ਪਰਿਵਾਰ ਵੱਲੋਂ ਆਤਮਿਕ ਸ਼ਾਂਤੀ ਲਈ ਗਰੁੜ ਪੁਰਾਣ ਦੇ ਭੋਗ ਅਤੇ ਅੰਤਿਮ ਅਰਦਾਸ ਕਰਵਾਈ ਗਈ। ਇਸ ਦੁੱਖਦਾਇਕ ਮੌਕੇ 'ਤੇ ਵੱਡੀ ਗਿਣਤੀ ਵਿੱਚ ਸਿਆਸੀ, ਸਮਾਜਿਕ ਸ਼ਖ਼ਸੀਅਤਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਪੱਤਰਕਾਰ ਭਾਈਚਾਰੇ ਨੇ ਸ਼ਮੂਲੀਅਤ ਕਰਕੇ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ।ਇਸ ਮੌਕੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਪੀਆਰਟੀਸੀ ਦੇ ਉਪ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਮ੍ਰਿਤਕ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਤੋਂ ਇਲਾਵਾ ਤਹਿਸੀਲ ਘਨੌਰ ਦੇ ਜੁਆਇੰਟ ਸਬ ਰਜਿਸਟਰਾਰ ਕਰਨੈਲ ਸਿੰਘ, ਸਮੂਹ ਅਸ਼ਟਾਮ ਫਰੋਸ਼, ਟਾਈਪਿਸਟਾਂ, ਅਰਜ਼ੀ ਨਵੀਸਾਂ ਅਤੇ ਵਸੀਕਾ ਨਵੀਸਾਂ ਸਮੇਤ ਤਹਿਸੀਲ ਸਟਾਫ ਵੀ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹਾ ਨਜ਼ਰ ਆਇਆ। ਪੱਤਰਕਾਰ ਭਾਈਚਾਰੇ ਵੱਲੋਂ ਵੀ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਸਭ ਵਕਤਾਵਾਂ ਨੇ ਅਵਿਕਰਮਜੀਤ ਸਿੰਘ ਦੀ ਅਕਾਲ ਚਲਾਣੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ।

# ਤਾਈਕਵਾਂਡੋਂ ਖੇਡ 'ਚ ਗੋਲਡ ਮੈਡਲ ਜੇਤੂ ਵਿਦਿਆਰਥਣ ਦਾ ਸਕੂਲ 'ਚ ਭਰਵਾਂ ਸਵਾਗਤ



ਡਕਾਲਾ/ਬਲਬੇੜ੍ਹਾ, 17 ਜਨਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਸਕੂਲ ਗੇਮ ਫੈਡਰੇਸ਼ਨ ਆਫ ਇੰਡੀਆ ਵੱਲੋਂ ਅੰਡਰ 14 ਅਧੀਨ ਤਾਈਕਵਾਂਡੋ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਸਕੂਲ ਆਫ ਐਮੀਨੈਂਸ ਬਲਬੇੜ੍ਹਾ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਯਸ਼ਿਤਾ ਦੁਆਰਾ ਖੇਡ 'ਚ ਕਠਿਨ ਮਿਹਨਤ ਸਦਕਾ ਗੋਲਡ ਮੈਡਲ ਪ੍ਰਾਪਤ ਕਰਕੇ ਆਪਣੇ ਸਕੂਲ ,ਮਾਪਿਆਂ ਤੇ ਖੇਤਰ ਦਾ ਨਾਮ ਰੋਸ਼ਨ ਕੀਤਾ।ਇਸ ਪ੍ਰਾਪਤੀ ਨੂੰ ਲੈ ਕੇ ਪ੍ਰਿੰਸੀਪਲ ਵਿਕਰਮਜੀਤ ਦੀ ਅਗਵਾਈ ਹੇਠ ਸਕੂਲ ਸਟਾਫ ਵੱਲੋਂ ਗੋਲਡ ਮੈਡਮ ਵਿਦਿਆਰਥਣ ਯਾਸ਼ਿਕਾ ਨੂੰ ਉਸ ਦੇ ਘਰ ਤੋਂ ਸਤਿਕਾਰ ਸਾਹਿਤ ਸਕੂਲ ਲੈ ਕੇ ਆਏ ਤੇ ਵਿਦਿਆਰਥਣ ਦਾ ਸਕੂਲ ਪੁੱਜਣ 'ਤੇ ਭਰਵਾਂ ਸਵਾਗਤ ਕਰਕੇ ਸਨਮਾਨਿਤ ਕੀਤਾ। ਸਰਪੰਚ ਕੁਲਵੰਤ ਸਿੰਘ ਬਲਬੇੜ੍ਹਾ ਨੇ ਵਿਦਿਆਰਥਣ ਯਾਸ਼ਿਕਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਹਰ ਖੇਤਰ 'ਚ ਮੋਹਰੀ ਬਣਾ ਰਹੀ ਹੈ। ਸਾਨੂੰ ਲੋੜ ਹੈ ਕਿ ਅਸੀਂ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਵਧੇਰੇ ਲਾਭ ਉਠਾਈਏ।ਇਸ ਮੌਕੇ ਕੈਂਪਸ ਮੈਨੇਜਰ ਮੱਖਣ ਸਿੰਘ ਦੁਆਰਾ ਅਤੇ ਸਕੂਲ ਸਟਾਫ ਅਤੇ ਮੌਕੇ 'ਤੇ ਮੌਜੂਦ ਮੈਂਬਰਾਂ ਦੁਆਰਾ ਵਿਦਿਆਰਥਣ ਨੂੰ ਨਗਦ ਰਾਸ਼ੀ ਦੇ ਕੇ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਕਾਰ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ,ਕੁਲਵੰਤ ਸਿੰਘ ਸਰਪੰਚ,ਪ੍ਰਧਾਨ ਮਦਨ ਵਰਮਾਂ ਬਲਬੇੜ੍ਹਾ, ਸੁੱਖਾ ਰਾਮ ਚੇਅਰਮੈਨ ਸਕੂਲ ਮਨੈਜਮੈਂਟ , ਡੀਪੀਈ ਮੋਹਿਤ ਕੁਮਾਰ , ਲੈਕਚਰਾਰ ਅਮਰਦੀਪ ਸਿੰਘ ਵਿਰਕ , ਨਰਿੰਦਰ ਸਿੰਘ , ਮਨਜੀਤ ਕੌਰ ਸਮੂਹ ਸਟਾਫ ਮੈਂਬਰ ਤੋਂ ਇਲਾਵਾ ਪਿੰਡ ਦੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

## ਨਿੱਜੀ ਰੰਜਿਸ਼ ਦੇ ਚਲਦਿਆਂ ਕੀਤੀ ਕੁੱਟਮਾਰ

ਘਨੌਰ, 17 ਜਨਵਰੀ (ਵਿਨੋਦ ਸ਼ਰਮਾ) : ਥਾਣਾ ਖੇੜੀ ਗੰਡਿਆ ਪੁਲਿਸ ਕੋਲ ਜਸਵਿੰਦਰ ਸਿੰਘ ਪੁੱਤਰ ਰਾਮ ਰਤਨ ਵਾਸੀ ਪਿੰਡ ਆਕੜੀ ਨੇ ਕਥਿਤ ਦੋਸ਼ੀਆਂ ਸਤਵਿੰਦਰ ਸਿੰਘ, ਵੀਰਦਵਿੰਦਰ ਸਿੰਘ ਪੁੱਤਰਾਨ ਬਲਜੀਤ ਸਿੰਘ ਵਾਸੀ ਪਿੰਡ ਆਕੜੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਪਿੰਡ ਦੇ ਹੈਡ ਗ੍ਰੰਥੀ ਅਤੇ ਮੋਹਤਬਰ ਵਿਅਕਤੀਆਨ ਨਾਲ ਪਿੰਡ ਵਿੱਚੋਂ ਲੰਗਰ ਵਾਸਤੇ ਗਰਾਹੀ ਇਕੱਠੀ ਕਰ ਰਿਹਾ ਸੀ ਤਾਂ ਕਥਿਤ ਦੋਸ਼ੀਆਂ ਨੇ ਕਿਸੇ ਨਿੱਜੀ ਰੰਜਿਸ਼ ਕਰਕੇ ਉਸ ਦੀ ਕੁੱਟਮਾਰ ਕੀਤੀ ਅਤੇ ਗਰਾਹੀ ਦੇ ਇਕੱਠੇ ਕੀਤੇ ਹੋਏ 20,000 ਰੁਪਏ ਖੋਹ ਕੇ ਫਰਾਰ ਹੋ ਗਏ। ਪੁਲਿਸ ਨੇ ਧਾਰਾ 304, 115(2), 3(5) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# 15 ਗ੍ਰਾਮ ਹੈਰੋਇਨ ਸਮੇਤ ਮੁਲਜ਼ਮ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ



ਸਮਾਣਾ, 17 ਜਨਵਰੀ (ਵਿਜੇ ਕੁਮਾਰ) ਸਦਰ ਪੁਲਿਸ ਨੇ ਇਕ ਵਿਅਕਤੀ ਨੂੰ 15 ਗ੍ਰਾਮ ਹੈਰੋਇਨ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ਼ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਵਿਕਾਸ ਕੁਮਾਰ ਨਿਵਾਸੀ ਸੇਖੋਂ ਕਲੋਨੀ ਸਮਾਣਾ ਵਜੋਂ ਕੀਤੀ ਗਈ। ਸਦਰ ਪੁਲਸ ਮੁੱਖੀ ਅਜੇ ਕੁਮਾਰ ਪਰੋਚਾ ਨੇ ਦੱਸਿਆ ਕਿ ਏ.ਐਸ.ਆਈ.ਨਿਰਮਲ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਪਿੰਡ ਮੁਰਾਦਪੁਰਾ 'ਚ ਮੌਜੂਦ ਸੀ। ਉਸ ਨੂੰ ਸੂਚਨਾਂ ਮਿਲੀ ਕਿ ਮੁਲਜ਼ਮ ਪਿੰਡ ਮਿਆਲ ਕਲਾਂ ਦੀ ਅਨਾਜ਼ ਮੰਡੀ 'ਚ ਬੈਠਾ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਸ ਪਾਰਟੀ ਸਣੇ ਰੇਡ ਦੌਰਾਨ 15 ਗ੍ਰਾਮ ਹੈਰੋਇਨ ਬਰਾਮਦ ਹੋਣ ਤੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਖ੍ਰੀਦ ਅਤੇ ਵੇਚਣ ਸੰਬਧੀ ਪੁਛਗਿੱਛ ਲਈ ਦੋ ਦਿਨ ਦਾ ਰਿਮਾਂਡ ਹਾਸਲ ਕਰਕੇ ਪੁਲਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।



## ਪਟਿਆਲਾ-ਆਸ/ਪਾਸ



# 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਤਹਿਤ ਨਸ਼ਾ ਵਿਰੋਧੀ ਮੁਹਿੰਮ ਨੂੰ ਭਰਵਾਂ ਹੁੰਗਾਰਾ : ਵਿਧਾਇਕ ਦੇਵ ਮਾਨ

### ➢ਨਸ਼ਾ ਤਸਕਰਾਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਵਰੁਣ ਸ਼ਰਮਾ

ਨਾਭਾ, 17 ਜਨਵਰੀ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਨਸ਼ਾ ਵਿਰੋਧੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਇਹ ਪ੍ਰਗਟਾਵਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਦੂਜੇ ਪੜਾਅ ਵਿੱਚ ਨਾਭਾ ਸ਼ਹਿਰ ਦੇ ਵਾਰਡ ਨੰਬਰ 17 ਬੌੜਾਂ ਗੇਟ ਵਿਖੇ ਕਰਵਾਏ ਵਿਸ਼ਾਲ ਸੈਮੀਨਾਰ ਤੇ ਸਮਾਗਮ ਦੌਰਾਨ ਕੀਤਾ। ਉਨ੍ਹਾਂ ਦੇ ਨਾਲ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਵਰੁਣ ਸ਼ਰਮਾ ਵੀ ਮੌਜੂਦ ਸਨ। ਉਨ੍ਹਾਂ ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾਇਆ ਜਾਵੇਗਾ। ਵਿਧਾਇਕ ਦੇਵ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਮਕਸਦ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਪਿੰਡਾਂ ਤੇ ਵਾਰਡਾਂ ਦੇ ਪਹਿਰੇਦਾਰਾਂ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਸਮਾਜ ਨੂੰ ਇਸ ਭਿਆਨਕ ਬੁਰਾਈ ਤੋਂ ਮੁਕਤ ਕੀਤਾ ਜਾ ਸਕੇ। ਇਸ ਮੌਕੇ ਐਸ ਐਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲੇ ਜ਼ਿਲ੍ਹੇ ਵਿੱਚ ਬੀਤੇ ਸਾਲ 1000 ਤੋਂ ਵੱਧ ਨਸ਼ਾ ਤਸਕਰਾਂ ਦੇ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ ਅਤੇ ਸੇਫ ਪੰਜਾਬ ਹੈਲਪਲਾਈਨ ਦੇ ਤਹਿਤ 450 ਤੋਂ ਵੱਧ ਨਸ਼ਾ ਤਸਕਰਾਂ ਦੇ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਸਮਾਗਮ ਮੌਕੇ ਨਸ਼ਿਆਂ ਵਿਰੋਧੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਵੇਦ ਪ੍ਰਕਾਸ਼ ਕਾਲੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਵਿਧਾਇਕ ਦੇਵ ਮਾਨ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬਾਬਾ ਨਰਿੰਦਰ ਸਿੰਘ ਅਲਹੌਰਾਂ ਸਾਹਿਬ, ਤੇਜਿੰਦਰ ਸਿੰਘ ਖਹਿਰਾ, ਗੁਲਾਬ ਮਾਨ, ਇੰਸਪੈਕਟਰ ਜਸਵਿੰਦਰ ਸਿੰਘ , ਸਬ ਇੰਸਪੈਕਟਰ ਸੌਰਭ ਸੱਭਰਵਾਲ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁੱਖੇਵਾਲ, ਅਸ਼ੋਕ ਅਰੋੜਾ, ਜਸਵੰਤ ਸਿੰਘ , ਭੁਪਿੰਦਰ ਸਿੰਘ ਕੱਲਰ ਮਾਜਰੀ, ਜਸਵੀਰ ਸਿੰਘ ਵਜੀਦਪੁਰ, ਸੁਖਦੀਪ ਸਿੰਘ ਖਹਿਰਾ, ਕ੍ਰਿਸ਼ਨ ਕੁਮਾਰ ਕੌਂਸਲਰ, ਰਵੀ, ਦੀਪ ਉਧਮ, ਲਾਲੀ ਫਤਿਹਪੁਰ, ਗੁਰਵਿੰਦਰ ਸਿੰਘ ਕੁਲਾਰਾਂ, ਸੋਨੀ ਨਿਰਮਾਣਾਂ, ਮੱਖਣ ਸਿੰਘ ਨਿਰਮਾਣਾਂ, ਦਵਿੰਦਰ ਸਿੰਘ ਕੁਲਾਰਾਂ, ਮਨਜੋਤ ਸਿੰਘ ਲੱਧਾਹੇੜੀ, ਰਾਜੀ ਪਾਠਕ, ਗੁਰਦਿੱਤ ਸਿੰਘ ਬਿਸ਼ਨਪੁਰਾ, ਪ੍ਰਭ ਸਿੰਘ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਨਿਵਾਸੀ ਮੌਜੂਦ ਸਨ।




# ਨਾਮਧਾਰੀ ਸੰਪਰਦਾ ਦੀ ਦਲੇਰੀ ਤੇ ਤਿਆਗ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ : ਹਰਦੀਪ ਸਿੰਘ ਮੁੰਡੀਆਂ

### 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ 'ਚ ਰਾਜ ਪੱਧਰੀ ਸ਼ਹੀਦੀ ਸਮਾਗਮ

ਮਲੇਰਕੋਟਲਾ, 17 ਜਨਵਰੀ (ਚ.ਨ.ਸ.) : ਨਾਮਧਾਰੀ ਸੰਪਰਦਾ ਵੱਲੋਂ ਦੇਸ਼ ਦੀ ਆਜ਼ਾਦੀ, ਧਰਮ ਅਤੇ ਮਨੁੱਖੀ ਕਦਰਾਂ ਦੀ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਭਾਰਤੀ ਇਤਿਹਾਸ ਵਿੱਚ ਸਦਾ ਸੁਨਹਿਰੀ ਅੱਖਰਾਂ ਨਾਲ ਦਰਜ ਰਹਿਣਗੀਆਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ (ਪੰਜਾਬ) ਹਰਦੀਪ ਸਿੰਘ ਮੁੰਡੀਆਂ ਨੇ ਨਾਮਧਾਰੀ ਸ਼ਹੀਦੀ ਸਮਾਰਕ ਮਾਲੇਰਕੋਟਲਾ ਵਿਖੇ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਕਰਵਾਏ ਗਏ ਰਾਜ ਪੱਧਰੀ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤਾ।ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਨਾਮਧਾਰੀ ਸੰਪਰਦਾ ਸਾਦਗੀ, ਸੱਚਾਈ, ਨਿਮਰਤਾ ਅਤੇ ਤਿਆਗ ਦੀ ਜਿਊਂਦੀ ਜਾਗਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦਰਸਾਏ ਅਹਿੰਸਾ, ਨਾ-ਮਿਲਵਰਤਨ ਅਤੇ ਨਾ-ਫੁਰਮਾਨੀ ਦੇ ਰਸਤੇ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਨਵੀਂ ਦਿਸ਼ਾ ਦਿੱਤੀ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਲੋਕਾਂ ਵਿੱਚ ਜਾਗਰੂਕਤਾ ਦੀ ਚਿੰਗਾਰੀ ਮਾਲੇਰਕੋਟਲਾ ਦੀ ਇਸ ਪਵਿੱਤਰ ਧਰਤੀ ਤੋਂ ਹੀ ਉੱਠੀ ਸੀ।ਉਨ੍ਹਾਂ ਕਿਹਾ ਕਿ 66 ਨਾਮਧਾਰੀ ਸ਼ਹੀਦ ਸਿੰਘਾਂ ਦੀ ਕੁਰਬਾਨੀ ਸਿਰਫ਼ ਇੱਕ ਧਾਰਮਿਕ ਸੰਪਰਦਾ ਦੀ ਨਹੀਂ, ਸਗੋਂ ਪੂਰੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਬੁਨਿਆਦ ਹੈ। ਅੱਜ ਦੀ ਪੀੜ੍ਹੀ ਲਈ ਇਹ ਬਲਿਦਾਨ ਪ੍ਰੇਰਨਾ ਸਰੋਤ ਹਨ ਕਿ ਅਸੀਂ ਸੱਚ, ਇਮਾਨਦਾਰੀ ਅਤੇ ਦੇਸ਼ ਸੇਵਾ ਦੇ ਰਸਤੇ 'ਤੇ ਅੱਗੇ ਵਧੀਏ। ਉਹਨਾਂ ਦੱਸਿਆ ਕਿ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਪਹੁੰਚਣਾ ਸੀ ਪਰ ਕੁਝ ਨਾ ਟਾਲੇ ਜਾਣ ਵਾਲੇ ਕਾਰਨਾਂ ਕਰਕੇ ਉਹ ਪਹੁੰਚ ਨਹੀਂ ਸਕੇ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰੂਆਂ ਅਤੇ ਨਾਮਧਾਰੀ ਸੰਪਰਦਾ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਆਪਣੀ ਜ਼ਿੰਦਗੀ ਨੂੰ ਉੱਚੇ ਆਦਰਸ਼ਾਂ ਨਾਲ ਜੋੜਨ ਅਤੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਅਹਿਮ ਰੋਲ ਅਦਾ ਕਰਨ। ਸਮਾਗਮ ਦੌਰਾਨ ਮੌਜੂਦਾ ਗੱਦੀਨਸ਼ੀਨ ਨਾਮਧਾਰੀ ਉਦੈ ਸਿੰਘ ਜੀ ਵੀ ਮੌਜੂਦ ਸਨ । ਇਸ ਮੌਕੇ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਅਤੇ ਨਾਮਧਾਰੀ ਸੁਰਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ,ਵਿਧਾਇਕ ਸਮਰਾਲਾ ਜਗਤਾਰ ਸਿੰਘ ਦਿਆਲਪੁਰ,ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ, ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ,ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ,ਐਸ.ਪੀ.ਸਤਪਾਲ ਸ਼ਰਮਾਂ,ਐਸ.ਡੀ.ਐਮ.ਗੁਰਮੀਤ ਕੁਮਾਰ ਬਾਂਸਲ,ਨਾਮਧਾਰੀ ਸੁਰਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਹਾਜ਼ਰ ਸਨ।ਸਮੂਹ ਸੰਗਤ ਵੱਲੋਂ 66 ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਉਨ੍ਹਾਂ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਸੰਕਲਪ ਲਿਆ ਗਿਆ ।



# ਯੂਥ ਕਾਂਗਰਸ ਵੱਲੋਂ ਚੋਣਾਂ ਦੀਆਂ ਨਾਮਜ਼ਦਗੀਆਂ ਸ਼ੁਰੂ



ਪਟਿਆਲਾ, 17 ਜਨਵਰੀ (ਰੁਪਾਣਾ) : ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਮੈਂਬਰਸ਼ਿਪ ਅਤੇ ਚੋਣਾਂ ਕਾਂਗਰਸ ਦਫ਼ਤਰ, ਚੰਡੀਗੜ੍ਹ ਵਿਖੇ ਸ਼ੁਰੂ ਕੀਤੀਆਂ ਜਾਣਗੀਆਂ। ਅੱਜ ਇੱਥੇ ਪ੍ਰੈਸ ਕਾਨਫਰੰਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਨਰੇਸ਼ ਕੁਮਾਰ ਦੁੱਗਲ, ਸ਼੍ਰੀ ਸ਼ਿਸ਼ਿਰ ਸ਼੍ਰੀਵਾਸਤਵ ਪੀ.ਅਰ.ਓ, ਸ.ਹਰਵਿੰਦਰ ਸਿੰਘ ਨਿੱਪੀ ਜੀ ਸਪੋਕਸਮੈਨ ਤੇ ਮੈਂਬਰ ਪੀਪੀਸੀਸੀ, ਸ਼੍ਰੀ ਰਾਜੇਸ਼ ਮੰਡੋਰਾ ਬਲਾਕ ਪ੍ਰਧਾਨ, ਮਦਨ ਲਾਲ ਭਾਵਰੀ, ਜਿੰਮੀ, ਗੌਤਮ ਸਲੂਜਾ ਤੇ ਦੀਪ ਟੰਡਨ ਸੋਸ਼ਲ ਮੀਡੀਆ ਇੰਚਾਰਜ, ਰਾਜੇਸ਼ ਬੱਗਣ, ਗੌਰਵ ਗੋਇਲ, ਮਹਿੰਦਰ ਸਿੰਘ, ਮੋਹਿਤ ਸ਼ਰਮਾ, ਅਸ਼ੋਕ ਸ਼ਰਮਾ, ਵਿਨੋਦ ਮਲਹੋਤਰਾ ਨੇ ਦੱਸਿਆ ਕਿ ਨਾਮਜ਼ਦਗੀ ਪ੍ਰਕਿਰਿਆ ਵਿਚ ਆਈਵਾਈਸੀ ਐਂਡਰਾਇਡ ਐਪ ਰਾਹੀਂ ਔਨਲਾਈਨ ਸ਼ੁਰੂ ਕੀਤੀ ਜਾ ਰਹੀ ਹੈ। ਪੂਰੀ ਮੈਂਬਰਸ਼ਿਪ ਨਾਮਜ਼ਦਗੀ ਅਤੇ ਚੋਣ ਮਾਡਲ ਦੇ ਵੇਰਵੇ ਵੈੱਬਸਾਈਟ 'ਤੇ ਉਪਲੱਬਧ ਹਨ। ਨਾਮਜ਼ਦਗੀਆਂ 16 ਜਨਵਰੀ, 2026 (ਸਵੇਰੇ 9 ਵਜੇ) ਤੋਂ 23 ਜਨਵਰੀ, 2026 (ਸ਼ਾਮ 5 ਵਜੇ) ਤੱਕ ਹੋਣਗੀਆਂ। ਆਈਵਾਈਸੀ ਐਂਡਰਾਇਡ ਐਪ ਨਾਲ। ਯੂਥ ਕਾਂਗਰਸ ਬਲਾਕ ਮੈਂਬਰਸ਼ਿਪ ਅਤੇ ਨਾਮਜ਼ਦਗੀਆਂ ਕਮੇਟੀਆਂ, ਅਸੈਂਬਲੀ ਕਮੇਟੀਆਂ, ਜ਼ਿਲ੍ਹਾ ਕਮੇਟੀਆਂ (ਜਨਰਲ ਸਕੱਤਰ ਅਤੇ ਪ੍ਰਧਾਨ), ਅਤੇ ਸਟੇਟ ਕਮੇਟੀ (ਜਨਰਲ ਸਕੱਤਰ ਅਤੇ ਪ੍ਰਧਾਨ) ਲਈ ਹੋਣਗੀਆਂ। ਨਿਯਮਾਂ ਅਨੁਸਾਰ ਇਨ੍ਹਾਂ ਕਮੇਟੀਆਂ ਲਈ ਰਾਖਵੇਂਕਰਨ ਵੀ ਉਪਲੱਬਧ ਹਨ। 18 ਤੋਂ 35 ਸਾਲ ਦੀ ਉਮਰ ਦੇ ਨੌਜਵਾਨ ਇਸ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦੇ ਹਨ। ਜਨਮ ਦੀ ਕੱਟਆਫ ਮਿਤੀ 15 ਜਨਵਰੀ, 1990 ਤੋਂ 16 ਜਨਵਰੀ, 2008 ਹੈ। ਪੰਜਾਬ ਨੂੰ ਚਾਰ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਹਰੇਕ ਜ਼ੋਨ ਵਿੱਚ ਇੱਕ ZRO ਮੌਜੂਦ ਰਹੇਗਾ। ਪੂਰੀ ਜਾਣਕਾਰੀ ਵੈੱਬਸਾਈਟ 'ਤੇ ਉਪਲੱਬਧ ਹੈ।

# ਸਿਟੀ ਪੁਲਿਸ ਵੱਲੋਂ ਨਸ਼ੇੜੀਆਂ ਵੱਲੋਂ ਵਰਤੀਆਂ ਜਾਂਦੀਆਂ ਵਿਰਾਨ ਥਾਵਾਂ ਦੀ ਚੈਕਿੰਗ



ਸਮਾਣਾ, 17 ਜਨਵਰੀ (ਵਿਜੇ ਕੁਮਾਰ) : ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਸ਼ਨੀਵਾਰ ਨੂੰ ਸਿਟੀ ਪੁਲਸ ਨੇ ਨਸ਼ੇੜੀਆਂ ਵੱਲੋਂ ਨਸ਼ਾ ਕਰਨ ਲਈ ਵਰਤੀਆਂ ਜਾਂਦੀਆਂ ਸ਼ਹਿਰ ਦੀਆਂ ਵੱਖ-ਵੱਖ ਵਿਰਾਨ ਥਾਵਾਂ 'ਤੇ ਚੈਕਿੰਗ ਕੀਤੀ। ਜਾਣਕਾਰੀ ਦਿੰਦਿਆਂ ਸਿਟੀ ਪੁਲਿਸ ਮੁਖੀ ਬਲਜੀਤ ਸਿੰਘ ਨੇ ਦੱਸਿਆ ਕਿ ਸ਼ਹਿਰ ਵਿਚ ਖਾਲੀ ਪਲਾਟਾਂ, ਖੰਡਰ ਇਮਾਰਤਾਂ, ਪੁਰਾਣੀਆਂ ਸਰਾਵਾਂ ਆਦਿ ਵਿਚ ਨਸ਼ੇੜੀ ਨਸ਼ਾ ਕਰਨ ਲਈ ਉਕਤ ਥਾਵਾਂ ਦੀ ਵਰਤੋਂ ਕਰਨ ਦੀਆਂ ਰੋਜ਼ਾਨਾ ਸ਼ਿਕਾਇਤਾ ਮਿਲ ਰਹੀਆਂ ਸਨ। ਜਿਸ ਕਾਰਨ ਸ਼ਨੀਵਾਰ ਨੂੰ ਸਿਟੀ ਪੁਲਸ ਵੱਲੋਂ ਕਈ ਥਾਵਾਂ 'ਤੇ ਚੈਕਿੰਗ ਕੀਤੀ ਗਈ ਹੈ, ਤਾਂ ਕਿ ਨਸ਼ੇੜੀਆਂ ਨੂੰ ਕਾਬੂ ਕੀਤਾ ਜਾ ਸਕੇ।

# ਪਿੰਡ ਕੁਲਾਰਾਂ 'ਚ ਨਸ਼ਿਆਂ ਵਿਰੁੱਧ ਰੈਲੀ

ਸਮਾਣਾ, 17 ਜਨਵਰੀ (ਸੁਖਜਿੰਦਰ ਸਿੰਘ ਕੁਲਾਰਾ) : ਨੇੜਲੇ ਪਿੰਡ ਕੁਲਾਰਾਂ ਵਿਖੇ 'ਆਪ' ਦੇ ਬਲਾਕ ਪ੍ਰਧਾਨ ਘੱਗਾ ਡਾਕਟਰ ਮੁਕੇਸ਼ ਕੁਮਾਰ ਸ਼ਰਮਾ ਅਗਵਾਈ ਹੇਠ ਪਿੰਡ ਵਾਸੀਆਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਇਕ ਜਾਗਰੂਕਤਾ ਰੈਲੀ ਕੱਢੀ ਗਈ। ਇਹ ਰੈਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਮਰਥਨ ਵਿੱਚ ਕੱਢੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਨੇ ਭਾਗ ਲਿਆ।ਰੈਲੀ ਦੌਰਾਨ ਨਸ਼ਿਆਂ ਦੇ ਖ਼ਿਲਾਫ਼ ਨਾਅਰੇ ਲਗਾਏ ਗਏ ਅਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਡਾਕਟਰ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਸਿਰਫ਼ ਇਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਹ ਮੁਹਿੰਮ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਵੱਲ ਇਕ ਮਜ਼ਬੂਤ ਕਦਮ ਹੈ। ਡਾ. ਮੁਕੇਸ਼ ਕੁਮਾਰ ਸ਼ਰਮਾ ਅਤੇ ਬੰਟੀ ਕੁਲਾਰ ਬਲਾਕ ਪ੍ਰਧਾਨ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰੀ ਜਾਂ ਨਸ਼ਿਆਂ ਦੀ ਵਿਕਰੀ ਬਾਰੇ ਜਾਣਕਾਰੀ ਮਿਲਣ 'ਤੇ ਪ੍ਰਸ਼ਾਸਨ ਦਾ ਸਾਥ ਦਿੱਤਾ ਜਾਵੇ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮਾਰਗ ਦਰਸ਼ਨ ਦਿੱਤਾ ਜਾਵੇ। ਪਿੰਡ ਕੁਲਾਰਾਂ ਦੀ ਪੰਚਾਇਤ ਵੱਲੋਂ ਭਵਿੱਖ ਵਿੱਚ ਵੀ ਨਸ਼ਿਆਂ ਵਿਰੁੱਧ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਸਮੂਹ ਨਗਰ ਨਿਵਾਸੀ ਅਤੇ ਸਮੂਹ ਪੰਚਾਇਤ ਮੈਂਬਰ ਹਾਜ਼ਰ ਸਨ ।



# ਨਸ਼ੇ ਦੀ ਜ਼ਿਆਦਾ ਵਰਤੋਂ ਕਾਰਨ ਨੌਜਵਾਨ ਦੀ ਮੌਤ

ਸਮਾਣਾ, 17 ਜਨਵਰੀ (ਵਿਜੇ ਕੁਮਾਰ): ਨਸ਼ੇ ਦੀ ਜ਼ਿਆਦਾ ਵਰਤੋਂ ਕਾਰਨ ਇੱਕ ਨੌਜਵਾਨ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਲਾਸ਼ ਨੂੰ ਪਾਤੜਾਂ ਪੁਲਿਸ ਵੱਲੋਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਪਾਤੜਾਂ ਦੇ ਏ.ਐੱਸ.ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਮੋਨੂ ਸਿੰਗਲਾ (34) ਪੁੱਤਰ ਤਾਰਾ ਚੰਦ ਵਾਸੀ ਕਾਹਨਗੜ੍ਹ ਰੋਡ ਪਾਤੜਾਂ ਦੇ ਭਰਾ ਸੁਖਦੇਵ ਸੋਨੂੰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਹ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਆਦੀ ਸੀ। ਬੀਤੇ ਦਿਨ ਉਹ ਘਰ ਵਿੱਚ ਇਕੱਲਾ ਸੀ। ਸਵੇਰੇ ਜਦੋਂ ਪਤਨੀ ਨੇ ਆ ਕੇ ਦੇਖਿਆ ਤਾਂ ਉਸ ਨੂੰ ਬੇਸੁਧ ਹਾਲਤ ਵਿੱਚ ਪਾਇਆ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ, ਜਦਕਿ ਵਿਸਰਾ ਜਾਂਚ ਲਈ ਲੈਬ ਭੇਜ ਦਿੱਤਾ ਗਿਆ ਹੈ।

# ਪ੍ਰਨੀਤ ਕੌਰ ਨੇ ਐਨ.ਆਰ.ਆਈ. ਭਰਾਵਾਂ ਨੂੰ ਦਿੱਤਾ ਆਸ਼ੀਰਵਾਦ

ਪਾਤੜਾਂ, 17 ਜਨਵਰੀ (ਹਰਮਿੰਦਰ ਕਰਤਾਰਪੁਰ): ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਵੱਲੋਂ ਅੱਜ ਸਪੈਸ਼ਲ ਤੌਰ 'ਤੇ ਪਿੰਡ ਕਰਤਾਰਪੁਰ ਵਿੱਚ ਪਹੁੰਚ ਕੇ ਐਨ.ਆਰ.ਆਈ ਗੁਲਸ਼ਨ ਸਿੰਘ ਜੋਸਨ ਦੇ ਭਤੀਜੇ ਨਵਜੀਤ ਸਿੰਘ ਅਸਟ੍ਰੇਲੀਆ ਅਤੇ ਹਰਮਨ ਸਿੰਘ ਅਸਟ੍ਰੇਲੀਆ ਨੂੰ ਉਨ੍ਹਾਂ ਦੇ ਵਿਆਹ ਦੀ ਖੁਸ਼ੀ ਵਿੱਚ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਮੌਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਉਪਰੰਤ ਅਸ਼ੀਰਵਾਦ ਦਿੱਤਾ ਗਿਆ। ਐਨ.ਆਰ.ਆਈ ਗੁਲਸ਼ਨ ਸਿੰਘ ਜੋਸਨ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਦੇ ਅਤਿ ਨਜ਼ਦੀਕੀ ਵਿੱਚ ਇੱਕ ਮੰਨੇ ਜਾਂਦੇ ਹਨ, ਜੋਂ ਪਿਛਲੇ ਕੁਝ ਸਾਲਾਂ ਤੋਂ ਇੰਗਲੈਂਡ ਦੇ ਲੰਡਨ ਸ਼ਹਿਰ ਵਿੱਚ ਆਪਣੇ ਪਰਿਵਾਰ ਸਮੇਤ ਕਾਰੋਬਾਰ ਕਰ ਰਹੇ ਹਨ ਅਤੇ ਉਨ੍ਹਾਂ ਦੇ ਸਭ ਤੋਂ ਛੋਟੇ ਭਰਾ ਕੁਲਦੀਪ ਸਿੰਘ ਜੋਸ਼ਨ ਭਾਜਪਾ ਦੀਆਂ ਗਤੀਵਿਧੀਆਂ ਨੂੰ ਲਗਾਤਾਰ ਇਲਾਕੇ ਵਿੱਚ ਜ਼ਾਰੀ ਰੱਖ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਨਾਲ ਵਿਧਾਨ ਸਭਾ ਹਲਕਾ ਸ਼ੁਤਰਾਣਾ ਭਾਜਪਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ, ਸਤੀਸ਼ ਕੁਮਾਰ ਗਰਗ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਜ਼ਾਰ ਰਹੇ।ਮੀਡੀਆ ਨਾਲ ਗੱਲਬਾਤ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਕਿ ਜੋਸ਼ਨ ਪਰਿਵਾਰ ਮੇਰਾ ਆਪਣਾ ਪਰਿਵਾਰ ਹੈ ਜਦੋਂ ਵੀ ਇਸ ਪਰਿਵਾਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੁੰਦਾ ਹੈ ਤਾਂ ਮੇਰੀ ਹਾਜ਼ਰੀ ਯਕੀਨੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਦੇ ਵਸਨੀਕ ਨਵਜੀਤ ਸਿੰਘ ਜੋਸਨ ਅਤੇ ਹਰਮਨ ਸਿੰਘ ਜੋਸਨ ਦੇ ਵਿਆਹ ਸਮਾਗਮ ਵਿੱਚ ਪਹੁੰਚ ਕੇ ਮੈਨੂੰ ਖੁਸ਼ੀ ਮਹਿਸੂਸ ਹੋਈ ਹੈ।



# ਸਮਾਣਾ ਤੋਂ ਖਾਟੂ ਸ਼ਿਆਮ ਜਾ ਰਹੀ ਫੋਟੋਗ੍ਰਾਫੀ ਟੀਮ ਕਾਰ ਹਾਦਸੇ ਦਾ ਸ਼ਿਕਾਰ, ਇੱਕ ਨੌਜਵਾਨ ਦੀ ਮੌਤ, ਚਾਰ ਜ਼ਖ਼ਮੀ

ਸਮਾਣਾ, 17 ਜਨਵਰੀ (ਵਿਜੇ ਕੁਮਾਰ) : ਸਮਾਣਾ ਤੋਂ ਜਾਗਰਣ ਦੀ ਕਵਰੇਜ ਲਈ ਖਾਟੂ ਸ਼ਿਆਮ ਜਾ ਰਹੀ ਇੱਕ ਫੋਟੋ ਸਟੂਡੀਓ ਦੀ ਟੀਮ ਦੀ ਕਾਰ ਨੈਸ਼ਨਲ ਹਾਈਵੇਅ ਦੇ ਡਿਵਾਈਡਰ ਨਾਲ ਟਕਰਾ ਗਈ। ਇਸ ਦਰਦਨਾਕ ਹਾਦਸੇ ਵਿੱਚ ਕਾਰ ਸਵਾਰ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਚਾਰ ਹੋਰ ਸਾਥੀ ਜ਼ਖਮੀ ਹੋ ਗਏ। ਫੋਟੋਗ੍ਰਾਫੀ ਟੀਮ ਦੇ ਮੁਖੀ ਭੂਸ਼ਣ ਗਰਗ ਨੇ ਦੱਸਿਆ ਕਿ ਖਾਟੂ ਸ਼ਿਆਮ ਵਿੱਚ ਜਾਗਰਣ ਦੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਲਈ ਉਨ੍ਹਾਂ ਦੀ ਟੀਮ ਅਕਸਰ ਉੱਥੇ ਜਾਂਦੀ ਰਹਿੰਦੀ ਹੈ। ਸ਼ੁੱਕਰਵਾਰ ਤੜਕੇ ਉਹ ਆਪਣੇ ਚਾਰ ਹੋਰ ਸਾਥੀਆਂ ਸਮੇਤ ਕਾਰ ਵਿੱਚ ਸਵਾਰ ਹੋ ਕੇ ਸਮਾਣਾ ਤੋਂ ਖਾਟੂ ਸ਼ਿਆਮ ਲਈ ਰਵਾਨਾ ਹੋਏ ਸਨ, ਜਦੋਂ ਉਹ ਚਰਖੀ ਦਾਦਰੀ ਨੇੜੇ ਨੈਸ਼ਨਲ ਹਾਈਵੇਅ 'ਤੇ ਪਹੁੰਚੇ ਤਾਂ ਅਚਾਨਕ ਇੱਕ ਜਾਨਵਰ ਅੱਗੇ ਆ ਜਾਣ ਕਾਰਨ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਕਾਰ ਡਿਵਾਈਡਰ ਨਾਲ ਜਾ ਟਕਰਾਈ। ਇਸ ਹਾਦਸੇ ਵਿੱਚ ਉਨ੍ਹਾਂ ਦੇ ਸਾਥੀ ਕੁਸ਼ਲ ਗੋਇਲ (20) ਪੁੱਤਰ ਵਾਸੀ ਪਿੰਡ ਕਕਰਾਲਾ ਦੀ ਮੌਤ ਹੋ ਗਈ। ਜਦੋਂ ਕਿ ਹੋਰ ਸਵਾਰ ਭੂਸ਼ਣ ਗਰਗ ਸਮਾਣਾ, ਤਰਸੇਮ ਸਿੰਘ ਮਵੀ, ਸਿਕੰਦਰ ਸ਼ਰਮਾ ਡਕਾਲਾ ਅਤੇ ਕਰਨ ਸਿੰਘ (ਚੰਨੋ) ਜ਼ਖਮੀ ਹੋ ਗਏ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਨੌਜਵਾਨ ਦਾ ਅੰਤਿਮ ਸੰਸਕਾਰ ਉਸ ਦੇ ਪਿੰਡ ਕਕਰਾਲਾ ਵਿਖੇ ਕਰ ਦਿੱਤਾ ਗਿਆ ਹੈ।



# ਸੀਤਲਾ ਮਾਤਾ ਮੰਦਰ ਦਾ ਸਲਾਨਾ ਸਮਾਰੋਹ ਸੰਪੰਨ

### ਅੱਜ ਲਗੇਗਾ ਅੱਖਾਂ ਦੇ ਚੈੱਕਅੱਪ ਦਾ ਕੈਂਪ

ਸਮਾਣਾ, 17 ਜਨਵਰੀ (ਵਿਜੇ ਕੁਮਾਰ) : ਸਥਾਨਕ ਤਹਿਸੀਲ ਕੰਪਲੈਕਸ ਨੇੜੇ ਪ੍ਰਾਚੀਨ ਸੀਤਲਾ ਮਾਤਾ ਮੰਦਿਰ ਦੇ ਸਲਾਨਾ ਮੂਰਤੀ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਰੋਹ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਮੰਦਿਰ ਕਮੇਟੀ ਵੱਲੋਂ ਹਵਨ ਯੱਗ ਕਰਨ ਉਪਰੰਤ ਕੇਕ ਕੱਟ ਕੇ ਕੀਤੀ ਗਈ। ਮੰਦਿਰ ਕਮੇਟੀ ਦੇ ਚੇਅਰਮੈਨ ਨਰੇਸ਼ ਬਾਂਸਲ (ਨੂਰੀ) ਅਤੇ ਪ੍ਰਧਾਨ ਬੇਅੰਤ ਵਰਮਾ ਨੇ ਦੱਸਿਆ ਕਿ ਦਿੱਲੀ ਤੋਂ ਆਏ ਸ਼ਰਧਾਲੂ ਵੱਲੋਂ ਸੀਤਲਾ ਮਾਤਾ ਜੀ ਨੂੰ 56 ਤਰ੍ਹਾਂ ਦਾ ਭੋਗ ਲਗਾ ਕੇ ਸੰਗਤਾਂ 'ਚ ਵਰਤਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਕਮੇਟੀ ਵੱਲੋਂ ਮਾਤਾ ਦਾ ਅਤੁੱਟ ਭੰਡਾਰਾ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਅੱਜ 18 ਜਨਵਰੀ ਨੂੰ ਸਵੇਰੇ 9 ਵਜੇ ਮੰਦਿਰ ਕਮੇਟੀ ਵੱਲੋਂ ਅੱਖਾਂ ਦੇ ਚੈਕ-ਅੱਪ ਅਤੇ ਆਪਰੇਸ਼ਨਾਂ ਦਾ ਕੈਂਪ ਅਗਰਵਾਲ ਧਰਮਸ਼ਾਲਾ 'ਚ ਲਗਾਇਆ ਜਾਵੇਗਾ। ਇਸ ਮੌਕੇ ਸੰਸਥਾ ਦੇ ਸੈਕਟਰੀ ਅਸ਼ੋਕ ਸਿੰਗਲਾ, ਮਨਜੀਤ ਸਿੰਘ ਜੇ.ਈ., ਕੌਂਸਲਰ ਸੰਦੀਪ ਲੂੰਬਾ, ਸੇਖਰ ਸ਼ਰਮਾ,ਵੀਭੂ ਬਾਂਸਲ,ਵੇਦ ਬਾਂਸਲ, ਸ਼ਿਵ ਨਰਾਇਨ ਗਰਗ ਤੋਂ ਇਲਾਵਾ ਹੋਰ ਵੀ ਕਮੇਟੀ ਮੈਂਬਰ ਹਾਜ਼ਰ ਸਨ।



# ਹਲਕਾ ਸਨੌਰ ਦੇ ਪਿੰਡ ਜੁਲਕਾ 'ਚ 'ਆਪ' ਨੂੰ ਵੱਡੀ ਮਜ਼ਬੂਤੀ

### ➢ਸੈਂਕੜੇ ਨੌਜਵਾਨਾਂ ਤੇ ਬਜ਼ੁਰਗਾਂ ਨੇ ਕਾਂਗਰਸ ਛੱਡ 'ਆਪ' ਜੁਆਇਨ ਕੀਤੀ

ਦੇਵੀਗੜ੍ਹ, 17 ਜਨਵਰੀ (ਗੁਰਜੀਤ ਸਿੰਘ ਢੋਟ) : ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀਆਰਟੀਸੀ ਰਣਜੋਧ ਸਿੰਘ ਹਡਾਣਾ ਵੱਲੋਂ ਹਲਕਾ ਸਨੌਰ ਦੇ ਪਿੰਡ ਜੁਲਕਾ ਵਿੱਚ ਅੱਜ ਇੱਕ ਪ੍ਰਭਾਵਸ਼ਾਲੀ ਲੋਕ-ਸੰਪਰਕ ਮੀਟਿੰਗ ਕੀਤੀ ਗਈ, ਜਿਸ ਵਿੱਚ ਇਲਾਕੇ ਦੇ ਸੈਂਕੜੇ ਨੌਜਵਾਨਾਂ ਅਤੇ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੀਟਿੰਗ ਦੌਰਾਨ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸਕਾਰੀ ਕੰਮਾਂ 'ਤੇ ਭਰੋਸਾ ਜਤਾਉਂਦੇ ਹੋਏ ਕਈ ਪਰਿਵਾਰਾਂ ਨੇ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਹਡਾਣਾ ਨੇ ਦਸਿਆ ਕਿ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਕੀਤੇ ਗਏ ਉੱਚ ਪੱਧਰੀ ਕਦਮ, ਬਿਜਲੀ ਵਰਗੀਆਂ ਮੂਲ ਸਹੂਲਤਾਂ ਵਿੱਚ ਰਾਹਤ ਅਤੇ ਭ੍ਰਿਸ਼ਟਾਚਾਰ ਵਿਰੋਧੀ ਨੀਤੀਆਂ ਨੇ ਆਮ ਆਦਮੀ ਨੂੰ ਸਰਕਾਰ ਨਾਲ ਜੋੜਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਮਾਨਦਾਰ ਪ੍ਰਸ਼ਾਸਨ ਅਤੇ ਪਾਰਦਰਸ਼ੀ ਸ਼ਾਸਨ ਕਾਰਨ ਅੱਜ ਪੰਜਾਬ ਦਾ ਨੌਜਵਾਨ ਭਵਿੱਖ ਨੂੰ ਲੈ ਕੇ ਚਿੰਤਤ ਨਹੀਂ ਹੈ। ਇਸ ਮੌਕੇ ਰਣਜੋਧ ਸਿੰਘ ਹਡਾਣਾ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਹਮੇਸ਼ਾਂ ਹੀ ਆਮ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕਰਦੀ ਆਈ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਹਲਕਾ ਸਨੌਰ ਦੀ ਤਰੱਕੀ ਲਈ ਸਾਰਿਆਂ ਨੂੰ ਨਾਲ ਲੈ ਕੇ ਇਤਿਹਾਸਕ ਵਿਕਾਸਕਾਰੀ ਕੰਮ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਲੋਕਾਂ ਦਾ ਇਹ ਭਰੋਸਾ ਪਾਰਟੀ ਲਈ ਵੱਡੀ ਜ਼ਿੰਮੇਵਾਰੀ ਹੈ, ਜਿਸ 'ਤੇ ਉਹ ਖਰੇ ਉਤਰਨਗੇ। ਆਮ ਆਦਮੀ ਪਾਰਟੀ ਨੂੰ ਜੁਆਇਨ ਕਰਨ ਵਾਲਿਆ ਵਿੱਚ ਜਸਵਿੰਦਰ ਅਤੇ ਉਸਦਾ ਪਰਿਵਾਰ, ਸੁਨੀਤਾ ਪਤਨੀ ਰਿੰਕੂ, ਸੋਨੀਆ ਰਾਣੀ ਪਤਨੀ ਹੈਪੀ ਸਿੰਘ, ਮੀਨਾਕਸ਼ੀ ਦੇਵੀ ਪਤਨੀ ਮੌਲੀ, ਅਵੈ ਕੁਮਾਰ, ਧਰਮ ਸਿੰਘ, ਕੁਲਦੀਪ ਸਿੰਘ ਸਪੁੱਤਰ ਧਰਮ ਸਿੰਘ, ਦਵਿੰਦਰ ਸਿੰਘ ਸਪੁੱਤਰ ਧਰਮਾ, ਲਖਵਿੰਦਰ ਸਿੰਘ, ਬੂਟਾ ਸਿੰਘ ਸਪੁੱਤਰ ਜੈਪਾਲ, ਕਰਮ ਸਿੰਘ ਸਪੁੱਤਰ ਜਗੀਰ ਸਿੰਘ, ਗੇਜੋ, ਪ੍ਰਿਥੀ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਪਾਲ ਸਿੰਘ ਦੁੰਦੀ ਮਾਜਰਾ, ਪ੍ਰੀਤਮ ਸਿੰਘ, ਅਮਰੀਕ ਸਿੰਘ, ਬੂਟਾ ਸਿੰਘ ਜੁਲਕਾ, ਨਰੇਸ਼ ਕੁਮਾਰ, ਸੋਨੂੰ, ਅਪਾਰ ਸਿੰਘ ਸਾਬਕਾ ਸਰਪੰਚ, ਟੋਨੀ, ਹੈਪੀ, ਅਜੈ ਮਸੀਹ ਹਾਜੀਪੁਰ, ਗੁਰਪ੍ਰੀਤ ਸਿੰਘ ਦੁਧਣ ਸਾਧਾ, ਪਰਵਿੰਦਰ ਸਿੰਘ, ਸ਼ਮਸ਼ੇਰ ਸਿੰਘ, ਸ਼ੇਰ ਸਿੰਘ, ਜਗਤ ਰਾਜਪੂਤ ਸਮੇਤ ਲਬੂ, ਅਰਜਨ ਅਤੇ ਹੋਰ ਕਈ ਦੋਸਤਾਂ ਵਿਸ਼ੇਸ਼ ਰੂਪ ਵਿੱਚ ਅੱਗੇ ਰਹੇ ।



# ਨਾਭੇ ਦੀਆਂ ਪੰਜ ਕਲੋਨੀਆਂ ਦੇ ਲੋਕ 40 ਸਾਲ ਤੋਂ ਸਹੂਲਤਾਂ ਨੂੰ ਤਰਸੇ

### ➢ਕਈ ਸਰਕਾਰਾਂ ਬਦਲੀਆਂ ਪਰ ਕਿਸੇ ਨੇ ਨਹੀਂ ਲਈ ਸਾਰ ➢ਕਿਹਾ, ਕਿਸੇ ਵੀ ਪਾਰਟੀ ਨੂੰ ਨਹੀਂ ਪਾਵਾਂਗੇ ਵੋਟ : ਕਲੋਨੀ ਵਾਸੀ

ਨਾਭਾ, 17 ਜਨਵਰੀ (ਬਲਜਿੰਦਰ ਮਾਨ): ਕਹਿੰਦੇ 12 ਸਾਲ ਬਾਅਦ ਤਾਂ ਰੂੜੀ ਨੂੰ ਵੀ ਭਾਗ ਲੱਗ ਜਾਂਦੇ ਹਨ ਪਰ ਨਾਭੇ ਦੀਆਂ 5 ਕਲੋਨੀਆਂ ਪਿਛਲੇ 40 ਸਾਲਾਂ ਤੋਂ ਵਿਕਾਸ ਕਾਰਜਾਂ ਨੂੰ ਤਰਸ ਰਹੀਆਂ ਹਨ, ਕਲੋਨੀ ਦੇ ਹਾਲਾਤ ਵੇਖ ਕੇ ਤੁਸੀਂ ਵੀ ਹੈਰਾਨ ਪਰੇਸ਼ਾਨ ਹੋ ਜਾਵੋਗੇ ਕਿਉਂਕਿ ਇਹਨਾਂ ਕਲੋਨੀਆਂ ਵਿੱਚ ਕਿਸੇ ਵੀ ਤਰ੍ਹਾਂ ਦਾ ਸੀਵਰੇਜ ਅਤੇ ਪੀਣ ਲਈ ਪਾਣੀ ਵੀ ਨਹੀਂ। ਇਹਨਾਂ ਕਲੋਨੀਆਂ ਦੇ ਲੋਕ ਹਰ ਸਰਕਾਰ ਦੇ ਉਮੀਦਵਾਰ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਤਾਂ ਭੇਜ ਦਿੰਦੇ ਹਨ ਪਰ ਉਮੀਦਵਾਰ ਮੁੜ ਕੇ ਇਹਨਾਂ ਕਲੋਨੀਆਂ ਵੱਲ ਮੂੰਹ ਵੀ ਨਹੀਂ ਕਰਦਾ। ਇਹਨਾਂ ਕਲੋਨੀ ਵਾਸੀਆਂ ਨੇ ਪਹਿਲਾਂ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਧਰਮਸੋਤ ਨੂੰ ਇਥੋਂ ਵੱਡੀ ਲੀਡਰ ਜਿਤਾਇਆ ਜਦੋਂ ਉਹਨਾਂ ਵੱਲੋਂ ਕੰਮ ਨਹੀਂ ਕੀਤਾ ਗਿਆ ਤਾਂ ਫਿਰ ਉਹਨਾਂ ਨੇ ਆਪ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨੂੰ ਵੋਟਾਂ ਪਾ ਕੇ ਜਿਤਾਇਆ ਪਰ ਉਹ ਵੀ ਮੁੜ ਕੇ ਇਸ ਕਲੋਨੀ ਵੱਲ ਮੂੰਹ ਨਹੀਂ ਕੀਤਾ। ਇਹਨਾਂ ਕਲੋਨੀ ਵਾਸੀਆਂ ਨਾਲ ਹਰ ਪਾਰਟੀ ਦਾ ਉਮੀਦਵਾਰ ਵਿਧਾਨ ਸਭਾ ਚੋਣਾਂ ਵਿੱਚ ਵੱਡੇ ਵੱਡੇ ਵਾਅਦੇ ਕਰਕੇ ਚਲਾ ਜਾਂਦਾ ਹੈ ਪਰ ਬਾਅਦ ਵਿੱਚ ਇਹਨਾਂ ਨੂੰ ਨਮੋਸ਼ੀ ਦਾ ਸਾਹਮਣਾ ਹੀ ਕਰਨਾ ਪੈਂਦਾ ਹੈ। ਇਸ ਕਲੋਨੀ ਦੇ ਲੋਕਾਂ ਤੋਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਵੋਟਾਂ ਹੀ ਪਵਾਈਆ ਜਾਂਦੀਆਂ ਹਨ ਪਰ ਇਹਨਾਂ ਦੀ ਵੋਟ ਨਾ ਤਾ ਸਰਪੰਚੀ ਵਿੱਚ ਪਵਾਈ ਜਾਂਦੀ ਹੈ ਅਤੇ ਨਾ ਹੀ ਨਗਰ ਕੌਂਸਲ ਚੋਣਾਂ ਵਿੱਚ ਜੇਕਰ ਇਨਾਂ ਦੀਆਂ ਕਲੋਨੀਆਂ ਨਗਰ ਕੌਂਸਲ ਜਾ ਪੰਚਾਇਤਾਂ ਵਿੱਚ ਜੁੜ ਜਾਣ ਤਾਂ ਸ਼ਾਇਦ ਇਹਨਾਂ ਕਲੋਨੀਆਂ ਦਾ ਸੁਧਾਰ ਹੋ ਸਕਦਾ ਹੈ ਪਰ ਹੁਣ ਇਹ ਕਲੋਨੀਆਂ ਬਿਲਕੁਲ ਲਾਵਾਰਸ ਹੀ ਬਣ ਕੇ ਰਹਿ ਗਈਆਂ ਹਨ। ਕਲੋਨੀ ਵਾਸੀ ਹਜ਼ਾਰਾਂ ਰੁਪਏ ਖਰਚ ਕੇ ਸਰਕਾਰੇ ਦਰਬਾਰੇ ਦਫਤਰਾਂ ਦੇ ਚੱਕਰ ਲਗਾ ਲਗਾ ਕੇ ਥੱਕ ਹਾਰ ਕੇ ਹੁਣ ਘਰ ਹੀ ਬੈਠ ਗਏ ਹਨ। ਕਾਂਗਰਸ ਸਰਕਾਰ ਦੇ ਸਾਬਕਾ ਮੰਤਰੀ ਧਰਮਸੋਤ ਵੱਲੋਂ ਕਲੋਨੀਆਂ ਵਿੱਚ ਸੀਵਰੇਜ ਪਵਾਏ ਸੀ ਪਰ ਉਹ ਇੰਨੇ ਉਚੇ ਪਵਾ ਦਿੱਤੇ ਕਿ ਲੋਕ ਆਪ ਹੀ ਡਿੱਗ ਕੇ ਕਈਆਂ ਦੀਆਂ ਲੱਤਾਂ ਬਾਹਾਂ ਟੁੱਟ ਗਈਆਂ ਅਤੇ ਕਲੋਨੀ ਵਾਸੀ ਮੰਗ ਕਰ ਰਹੇ ਹਨ ਅਸੀਂ ਤਾਂ ਬਿਨਾਂ ਸੀਵਰੇਜ ਤੋਂ ਹੀ ਠੀਕ ਸੀ ਪਰ ਇੱਥੇ ਕੋਈ ਵਹੀਕਲ ਆਉਂਦਾ ਜਾਂਦਾ ਤਾਂ ਸੀ ਪਰ ਹੁਣ ਤਾਂ ਇਥੇ ਵਹੀਕਲ ਵੀ ਕੋਈ ਨਹੀਂ ਆ ਸਕਦਾ ਕਿਉਂਕਿ ਜੋ ਸੀਵਰੇਜ ਪਾਏ ਸੀ ਉਹ ਬਿਲਕੁਲ ਬੇਕਾਰ ਸਨ ਉਹਨਾਂ ਦੇ ਹੋਰ ਅੱਜ ਵੀ ਖੁੱਲੇ ਪਏ ਹਨ ਅਤੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਇਸ ਮੌਕੇ ਤੇ ਕਲੋਨੀ ਵਾਸੀਆਂ ਨੇ ਇਹ ਕਿਹਾ ਕਿ ਸਾਡੀਆਂ ਇਹ 5 ਕਲੋਨੀਆਂ ਹਨ। ਜਿਸ ਵਿੱਚ ਕਿਸੇ ਵੀ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ ਅਸੀਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਵੋਟਾਂ ਤਾਂ ਜ਼ਰੂਰ ਪਵਾ ਲੈਂਦੇ ਹਨ ਪਰ ਕੰਮ ਕਰ ਪਿਛਲੇ 40 ਸਾਲ ਤੋਂ ਇੱਕ ਵੀ ਨਹੀਂ ਹੋਇਆ। ਅਸੀਂ ਕਈ ਵਾਰੀ ਕਿਹਾ ਹੈ ਕਿ ਸਾਡੀ ਕਲੋਨੀ ਪਿੰਡਾਂ ਵਿੱਚ ਪਵਾ ਦਿਓ ਜਾਂ ਸਾਡੀ ਕਲੋਨੀ ਨੂੰ ਨਗਰ ਕੌਂਸਲ ਸ਼ਹਿਰ ਵਿੱਚ ਪਵਾ ਦਵੋ। ਪਰ ਅੱਜ ਤੱਕ ਸਾਡੀ ਕਿਸੇ ਵੀ ਸਰਕਾਰ ਨੇ ਕੋਈ ਗੱਲ ਨਹੀਂ ਸੁਣੀ ਅਤੇ ਸਾਡੇ ਵਿਕਾਸ ਕਾਰਜ ਦਾ ਬੁਰਾ ਹਾਲ ਹੈ ਸੀਵਰੇਜ ਟੁੱਟੇ ਪਏ ਹਨ ਅਤੇ ਗਲੀਆਂ ਨਾਲੀਆਂ ਇੱਥੇ ਬਿਲਕੁਲ ਹੀ ਨਹੀਂ ਗੰਦਾ ਪਾਣੀ ਇੱਥੇ ਖੜ ਜਾਂਦਾ ਹੈ ਥਾਂ ਥਾਂ ਤੇ ਗੰਦਗੀ ਦਾ ਆਲਮ ਹੈ, ਹੁਣ ਤਾਂ ਅਸੀਂ ਫੈਸਲਾ ਬਣਾ ਲਿਆ ਹੈ ਕਿ ਅਸੀਂ ਕਿਸੇ ਨੂੰ ਵੋਟ ਨਹੀਂ ਦੇਵਾਂਗੇ। ਇਸ ਮੌਕੇ ਬਹਾਦਰ ਸਿੰਘ,ਇੰਦਰ ਨੂਰ ਮੁਹੰਮਦ ਸਲੀਮ ਮਨੋਜ ਕੁਮਾਰ ਜਗਦੇਵ ਸਿੰਘ ਸੋਨੂ ਰਜਨੀ ਕਲੋਨੀ ਵਾਸੀ ਰਾਣੀ ਦੇਵੀ,ਅਤੇ ਕਲੋਨੀ ਵਾਸੀ ਹਾਜ਼ਰ ਸਨ, ਇਸ ਤੋਂ ਬਾਅਦ ਨਾਭਾ ਦੇ ਐਸਡੀਐਮ ਕੰਨੂ ਗਰਗ ਸੰਪਰਕ ਕੀਤਾ ਗਿਆ ਉਹਨਾਂ ਕਿਹਾ ਕਿ ਨੇ ਕਿਹਾ ਕਿ ਇਹ ਜੋ ਆਊਟਰ ਕਲੋਨੀਆਂ ਹਨ ਇਸ ਸਬੰਧੀ ਅਸੀਂ ਸਰਕਾਰ ਨੂੰ ਲਿਖ ਕੇ ਭੇਜਿਆ ਹੈ ਜਦੋਂ ਸਰਕਾਰ ਵੱਲੋਂ ਕੋਈ ਡਾਇਰੈਕਸ਼ਨ ਦਿੱਤੀ ਜਾਵੇਗੀ ਤਾਂ ਹੀ ਕਲੋਨੀਆਂ ਦਾ ਵਿਕਾਸ ਹੋਵੇਗਾ।





# ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਨੇ ਮੁੱਖ ਮੰਤਰੀ ਪੰਜਾਬ ਨੂੰ ਮੈਮੋਰੰਡਮ ਭੇਜਿਆ

ਪਟਿਆਲਾ, 17 ਜਨਵਰੀ (ਚ.ਨ.ਸ.) : ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰ ਰਹੀ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੇ ਆਗੂਆਂ ਵਲੋਂ ਇੱਕ ਵਿਸ਼ੇਸ਼ ਮੁਲਾਕਾਤ ਸਹਾਇਕ ਕਮਿਸ਼ਨਰ ਜਨਰਲ ਸਿਮਰਪ੍ਰੀਤ ਕੌਰ ਨਾਲ ਕੀਤੀ ਗਈ। ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਚਾਰ ਸਾਲ ਬੀਤਣ ਉਪਰੰਤ ਵੀ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਹੱਕੀ ਸਨਮਾਨ ਸਹੂਲਤਾਂ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਆਗੂਆਂ ਨੇ ਮੁੱਖ ਮੰਤਰੀ ਦੇ ਨਾਂਅ ਮੈਮੋਰੰਡਮ ਦਿੰਦਿਆਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਜਲਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਪ੍ਰਬੰਧ ਕਰੇ। ਜੇਕਰ ਗਣਤੰਤਰ ਦਿਵਸ ਤੋਂ ਪਹਿਲਾਂ ਮੀਟਿੰਗ ਲਈ ਸੱਦਾ ਨਾਂ ਭੇਜਿਆ ਗਿਆ ਤਾਂ ਸੂਬਾ ਜਥੇਬੰਦੀ ਗਣਤੰਤਰ ਦਿਵਸ ਮੌਕੇ ਸਮਾਗਮ ਦੇ ਸ਼ਾਂਤਮਈ ਬਾਈਕਾਟ ਦਾ ਐਲਾਨ ਕਰ ਸਕਦੀ ਹੈ। ਆਗੂਆਂ ਨੇ ਦੱਸਿਆ ਕਿ ਮੁੱਖ ਸਨਮਾਨ ਸਹੂਲਤਾਂ ਚੌਥੀ ਪੀੜ੍ਹੀ ਨੂੰ ਕਾਨੂੰਨੀ ਵਾਰਿਸਾਂ ਵਿੱਚ ਸ਼ਾਮਲ ਕਰਨਾ, ਉਤਰਾਖੰਡ ਦੀ ਤਰਜ਼ ਤੇ ਪੈਨਸ਼ਨ ਸਕੀਮ, ਸਰਕਾਰੀ ਦਫ਼ਤਰਾਂ ਵਿੱਚ ਮਾਣ ਸਨਮਾਨ ਲਾਗੂ ਕਰਨਾ, ਨੌਕਰੀਆਂ ਵਿੱਚ ਰਾਖਵਾਂਕਰਨ, ਦੇਸ਼ ਭਗਤ ਯਾਦਗਾਰ ਹਾਲ ਬਣਾਉਣੇ, ਸੁਤੰਤਰਤਾ ਸੰਗਰਾਮੀ ਭਲਾਈ ਬੋਰਡ ਸਥਾਪਤ ਕਰਨ ਆਦਿ ਮੰਗਾਂ ਤੇ ਦਰਜਨ ਦੇ ਕਰੀਬ ਮੀਟਿੰਗਾ ਵਿੱਤ ਮੰਤਰੀ ਅਤੇ ਸੁਤੰਤਰਤਾ ਸੰਗਰਾਮੀ ਵਿਭਾਗ ਦੇ ਅਧਿਕਾਰੀਆਂ ਨਾਲ ਹੋ ਚੁੱਕੀਆਂ ਹਨ, ਪ੍ਰੰਤੂ ਅੰਤਿਮ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਜਾਣਾ ਹੈ। ਸਹਾਇਕ ਕਮਿਸ਼ਨਰ ਜਨਰਲ ਨੇ ਜਥੇਬੰਦੀ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ ਵਿਭਾਗਾਂ ਅੰਦਰ ਫਰੀਡਮ ਫਾਈਟਰ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਯਕੀਨੀ ਬਣਾਇਆ ਜਾਵੇਗਾ। ਮੁਲਾਕਾਤ ਦੌਰਾਨ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਸੂਬਾ ਜਨਰਲ ਸਕੱਤਰ, ਰਾਜ ਕੁਮਾਰ ਡਕਾਲਾ ਜ਼ਿਲ੍ਹਾ ਜਰਨਲ ਸਕੱਤਰ, ਗੁਰਇਕਬਾਲ ਸਿੰਘ ਸੰਧੂ, ਕਮਲਦੀਪ ਸਿੰਘ ਗਿੱਲ ਦਫ਼ਤਰ ਇੰਚਾਰਜ ਮੌਜੂਦ ਸਨ।